
SOUTH POINT
A MASTER PLANNED COMMUNITY
70 ਏਕੜ ਰਿਹਾਇਸੀ ਕਮਿਓਨਿਟੀ ਵਿੱਚ ਘਰ
ਹੁਣ ਵੇਚੇ ਜਾ ਰਹੇ ਹਨ
MODERN SINGLE FAMILY HOMES
BACK TO BACK TOWNHOMES
DUPLEX HOMES
SINGLE FAMILY LANE HOMES
URBAN TOWNHOMES
ROWHOMES
403.980.1979 | VESTASOUTHPOINT.COM
VESTA PROPERTIES
Sales Centre & Showhomes
600 South Point Heath SW, Airdrie, AB
Renderings are an artist's conception and are intended as a general reference only.

# ਐਡਮਿੰਟਨ ਸੱਭਿਆਚਾਰਕ ਮੇਲੇ ਵਿੱਚ ਨਿਰਮਲ ਸਿੱਧੂ ਅਤੇ ਮਲਕੀਤ ਸਿੰਘ ਨੇ ਖੂਬ ਰੰਗ ਬੰਨਿਆ







ਐਡਮਿੰਟਨ( ਪੰਜਾਬੀ ਅਖ਼ਬਾਰ ਬਿਊਰੋ) ਕਨੇਡੀਅਮਨ ਮੌਜਿਕ ਆਰਟਿਸਟ ਐਸੋਏਸ਼ਨ,ਪੰਜਾਬ ਯੂਨਾਇਟਿਡ ਸਪੋਰਟਸ ਅਤੇ ਹੈਰੀਟੇਜ ਐਸੋਸੀਏਸਨ ਅਤੇ ਉੱਪਲ ਟਰਕਿੰਗ ਵੱਲੋਂ ਮੇਲਾ ਪੰਜਾਬੀਆ ਦਾ ਐਡਮਿੰਟਨ ਸਹਿਰ ਦੀਆਂ ਖੁਲੀਆਂ ਗਰਾਊਂਡਾਂ ਵਿੱਚ ਕਰਵਾਇਆ ਗਿਆ। ਹਰ ਸਾਲ ਕਰਵਾਏ ਜਾਂਦੇ ਮੇਲੇ ਵਿੱਚ ਇਸ ਵਾਰ ਵੀ ਚੋਟੀ ਦੇ ਗਾਇਕ ਕਲਾਕਾਰ ਨਿਰਮਲ ਸਿੱਧੂ, ਮਲਕੀਤ ਸਿੰਘ ਗੋਲਡਨ ਸਟਾਰ, ਅਮਨ ਰੋਜੀ,ਉਪਿੰਦਰ ਮਠਾੜੂ,ਲਾਡੀ ਸੂਸਾਂ ਵਾਲਾ,ਰਣਜੀਤ ਰਾਣਾ,ਜਸ ਨੂਰ,ਮਨਿੰਦਰ ਦਿਊਲ,ਰੂਬੀ ਮਧੋਕ,ਜਸ ਦੌਲੋਵਾਲ, ਲਾਡੀ ਪੱਡਾ,ਮੇਵਾ ਬਰਾੜ,ਭੂਪਿੰਦਰਪਾਲ ਰੰਧਾਵਾ,ਸਾਹਿਲ ਸੂਚ,ਸੁਨੀਲ ਡੋਗਰਾ,ਜਿਹੇ ਕਲਾਕਾਰਾਂ ਨੇ ਹਿੱਸਾ ਲਿਆ।ਗੋਲਡਨ ਸਟਾਰ ਮਲਕੀਤ ਸਿੰਘ ਦੇ ਕਾਲੀ ਐਨਕ ਨਾ ਲਾਇਆ ਨੀ ਤੂੰ ਪਹਿਲਾਂ ਈ ਸੋਹਣੀ ਐਂ ਉੱਪਰ ਐਡਮਿੰਟਨ ਦੀਆਂ ਪੰਜਾਬਣਾਂ ਨੇ ਬਹੁਤ ਪਸੰਦ ਕੀਤਾ ਕਿਉਂਕਿ ਧੁੱਪ ਕਾਰਣ ਬਹੁਤੀਆਂ ਦੇ ਕਾਲੀਆਂ ਐਨਕਾਂ ਹੀ ਲੱਗੀਆਂ ਹੋਈਆਂ ਸਨ। ਕਿਸੇ ਬਿਜਨਿਸ ਨੇ ਉਸ ਦਿਨ ਇਹ ਕਾਲੀਆਂ ਐਨਕਾਂ ਫਰੀ ਵੀ ਵੰਡੀਆਂ ਸਨ। ਲਾਡੀ ਸੂਸਾਂ ਵਾਲੇ ਦਾ ਲਿਖਿਆ ਗੀਤ ਪੁੱਤ ਜਟਾਂ ਦੇ ਸ਼ੌਂਕੀ ਹੁੰਦੇ, ਫੋਰਡ ,ਬੁਲਿਟ ਤੇ ਜੀਪਾਂ ਦੇ ਜਦੋਂ ਨਿਰਮਲ ਸਿੱਧੂ ਗਾ ਰਿਹਾ ਸੀ ਤਾਂ ਇਹ ਮੇਲਾ ਪੰਜਾਬ ਦੇ ਕਿਸੇ ਪਿੰਡ ਵਿੱਚ ਹੀ ਲੱਗਿਆ ਜਾਪਦਾ ਸੀ, ਕਿਉਂਕਿ ਕਈ ਪੰਜਾਬੀ ਗੱਭਰੂ ਚਿੱਟੇ ਚਾਦਰੇ,ਨੋਕਾਂ ਵਾਲੀ ਜੁੱਤੀ,ਅਤੇ ਟੌਰੇ ਵਾਲੀ ਪੱਗ ਬੰਨਕੇ ਮੇਲੇ ਵਿੱਚ ਗੇੜੀਆਂ ਦੇ ਰਹੇ ਸਨ। ਮੇਲੇ ਵਿੱਚ ਖਾਣ ਪੀਣ ਦੀਆਂ ਫਰੀ ਸਟਾਲਾਂ ਲੱਗੀਆਂ ਸਨ। ਵੱਡੀ ਗਿਣਤੀ ਵਿੱਚ ਸਕਿਓਰਿਟੀ ਵਾਲੇ ਵੀ ਕਿਸੇ ਸ਼ਰਾਰਤ ਨੂੰ ਹੋਣ ਤੋਂ ਪਹਿਲਾਂ ਹੀ ਉਸ ਉੱਪਰ ਬਾਜ਼ ਅੱਖ ਰੱਖ ਰਹੇ ਸਨ। ਐਡਮਿਮਟਨ ਤੋਂ ਐਮ ਐਲ ਏ ਜਸਵੀਰ ਦਿਉਲ ਨੇ ਇਸ ਫਰੀ ਮੇਲੇ ਲਈ ਪਰਬੰਧਕਾਂ ਦਾ ਧੰਨਵਾਦ ਕੀਤਾ। ਪਰਬੰਧਕਾਂ ਨੇ ਸਹਿਰ ਦੇ ਨਵੇਂ ਉਭਰਦੇ ਕਲਾਕਾਰਾਂ ਨੂੰ ਵੀ ਮੰਚ ਉਪਰੋਂ ਆਪਣੀ ਕਲਾ ਦਿਖਾਉਣ ਦਾ ਮੌਕਾ ਦਿੱਤਾ।

# ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦਾ ਮਿਨੀਵੈਂਕਾ ਲੇਕ ਗਰੁੱਪ ਟੂਰ ਯਾਦਗਾਰੀ ਹੋ ਨਿਬੜਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨੌਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੇ 100 ਤੋਂ ਵੱਧ ਮੈਂਬਰਾਂ ਦਾ ਗਰੁੱਪ ਟੂਰ 16 ਅਗਸਤ ਦਿਨ ਬੁਧਵਾਰ ਨੂੰ ਮਿਨੀਵੈਂਕਾ ਲੇਕ ਲਈ ਮਿਥੇ ਸਮੇਂ ਅਨੁਸਾਰ ਵੀਵੋ ਸੈਂਟਰ ਤੋਂ ਦੋ ਬੱਸਾਂ ਵਿੱਚ ਰਵਾਨਾ ਹੋਇਆ। ਪ੍ਰਬੰਧਕਾਂ ਵੱਲੋਂ ਸਾਰੇ ਗਰੁੱਪ ਵਾਸਤੇ ਸਨੈਕ ਦਾ ਪ੍ਰਬੰਧ ਕੀਤਾ ਗਿਆ ਸੀ। ਸੁਹਾਵਣੇ ਮੌਸਮ ਦੀ ਸਵੇਰ ਦੀ ਡਰਾਈਵ ਫੁੱਟਹਿੱਲਜ਼ ਦਾ ਅਨੰਦ ਮਾਣਦੇ ਹੋਏ ਮਿਨੀਵੈਂਕਾ ਲੇਕ ਪਹੁੰਚੇ। ਲੇਕ ਦੇ ਆਸ-ਪਾਸ ਠੰਡੀਆਂ-ਮਿੱਠੀਆਂ ਹਵਾਵਾਂ ਸਦਕੇ ਮੌਸਮ ਹੋਰ ਵੀ ਵਧੀਆ ਮਹਿਸੂਸ ਹੋ ਰਿਹਾ ਸੀ। ਵੱਡੀ ਗਿਣਤੀ ਵਿੱਚ ਲੇਕ ਦੇ ਸੈਲਾਨੀ ਇੱਧਰ-ਉਧਰ ਆ ਜਾ ਰਹੇ ਸਨ, ਜੋ ਕਿ ਟੂਰ ਦੀ ਸਪ੍ਰਿਟ ਵਿੱਚ ਵਾਧਾ ਕਰ ਰਹੇ ਸੀ। ਐਸੋਸੀਏਸ਼ਨ ਦੇ ਮੈਂਬਰ ਆਪੋ-ਆਪਣੇ ਗਰੁੱਪਾਂ ਵਿੱਚ ਸਰੂ ਦੇ ਦਰਖਤਾਂ ਅਤੇ ਉੱਚੀਆਂ-ਉੱਚੀਆਂ ਪਹਾੜੀਆਂ ਨਾਲ ਘਿਰੀ ਹੋਈ ਲੇਕ ਦੀਆਂ ਤਸਵੀਰਾਂ ਲੈਂਦੇ ਹੋਏ ਕੁਦਰਤ ਦੀ ਅਸਚਰਜ਼ਤਾ ਦਾ ਅਨੰਦ ਮਾਣਦੇ ਰਹੇ।

ਦੁਪਹਿਰ ਦੇ ਖਾਣੇ ਲਈ ਬੈਂਫ਼ ਦੇ ਇੰਡੀਅਨ ਕੁਜ਼ੀਨ ਵਾਲੇ "ਜਾਇਕਾ" ਰੈਸਟੋਰੈਂਟ ਵੱਲ ਰਵਾਨਾ ਹੋਇਆ। ਸਾਰੇ ਮੈਂਬਰਾਂ ਨੇ ਰੈਸਟੋਰੈਂਟ ਦੀ ਮਹਿਮਾਨ-ਨਿਵਾਜੀ ਅਤੇ ਖਾਣੇ ਦੀ ਸ਼ਲਾਘਾ ਕੀਤੀ। ਫਿਰ ਗਰੁੱਪ "ਬੋ-ਫਾਲ" ਵੱਲ ਚੱਲ ਪਿਆ। ਏਥੇ ਝਰਨੇ-ਵਰਗਾ ਦ੍ਰਿਸ਼, ਕੁਦਰਤ ਦੇ ਗੀਤ ਅਲਾਪਦਾ ਸੁਣਾਈ ਦਿੱਤਾ। ਇਹ ਇੱਕ ਕੁਦਰਤ ਦਾ ਵੇਖਣ-ਯੋਗ ਨਜ਼ਾਰਾ ਸੀ। ਕੁੱਝ ਇੱਕ ਮੈਂਬਰਾਂ ਨੇ ਤਸਵੀਰਾਂ ਲੈਂਦੇ ਹੋਏ, ਇਸ ਨੂੰ ਐਸੋਸੀਏਸ਼ਨ ਦੀਆਂ ਯਾਦਾਂ ਦਾ ਖਜ਼ਾਨਾ ਬਣਾਇਆ।

ਵਾਪਿਸ ਲੇਕ ਤੇ ਆ ਕੇ ਇੱਕ ਰਮਣੀਕ ਜਗ੍ਹਾ ਤੇ ਮਨੋਰੰਜਨ ਦਾ ਪ੍ਰੋਗ੍ਰਾਮ ਚਾਹ ਦੀਆਂ ਚੁਸਕੀਆਂ ਨਾਲ ਆਰੰਭ ਹੋਇਆ। ਗੁਰਦਿਆਲ ਸਿੰਘ ਖੈਹਰਾ ਨੇ ਕੁੱਝ ਇੱਕ ਅਖੌਤੀ ਹਾਸ-ਰਸ ਟਿਪਸ ਨਾਲ ਖੁਸ਼ਗਵਾਰ ਮਹੌਲ ਸਿਰਜਿਆ। ਗਰੁੱਪ ਵਿੱਚ ਆਏ ਮਹਿਮਾਨ ਡਾਕਟਰ ਸ਼ੇਰਗਿੱਲ ਅਤੇ ਵਿਜੇ ਸਚਦੇਵਾ ਦੇ ਭਰਾ ਦੀ ਜਾਣ-ਪਹਿਚਾਣ ਕਰਵਾਈ। ਵਿਜੇ ਸਚਦੇਵਾ ਨੇ ਆਪਣੀ ਸੁਰੀਲੀ ਆਵਾਜ਼ ਵਿੱਚ ਗੀਤ, "ਨੀ ਚੰਬੇ ਦੀਏ ਬੰਦ ਕਲੀਏ ਤੈਨੂੰ ਜਿਹੜੇ ਵੇਲੇ ਰੱਬ ਨੇ ਬਣਾਇਆ, ਸੋਚਾਂ ਵਿੱਚ ਆਪ ਪੈ ਗਿਆ, ਦੂਜਾ ਚੰਦ ਕਿਧਰੋਂ ਚੜ ਆਇਆ"। ਜੋਗਾ ਸਿੰਘ ਲਹਿਲ ਅਤੇ ਭਜਨ ਸਿੰਘ ਸੱਗੂ ਨੇ ਹਾਸ-ਰਸ ਚੁਟਕਲਿਆਂ ਨਾਲ ਸਾਂਝ ਪਾਈ। ਜਰਨੈਲ ਸਿੰਘ ਨੇ ਵਿਚਾਰਾਂ ਨਾਲ ਹਾਜ਼ਰੀ ਲਗਵਾਈ। ਸ਼ਮਿੰਦਰ ਸਿੰਘ ਕੰਬੋਜ ਅਤੇ ਉਹਨਾਂ ਦੀ ਧਰਮ ਪਤਨੀ ਨੇ ਦੋ-ਗਾਣਾ ਪੇਸ਼ ਕੀਤਾ, ਜਿਸਦੇ ਬੋਲ ਹਨ, "ਚੰਨਾ ਕਿੱਦਾਂ ਗੁਜਾਰੀ ਆਈ ਰਾਤ ਵੇ,। ਇਸ ਖੂਬਸੂਰਤ ਲੋਕ-ਗੀਤ ਨੇ ਪੁਰਾਣੇ ਅਖਾੜਿਆਂ ਦੀ ਯਾਦ ਦਿਵਾਈ। ਸਰਦਾਰ ਬਿੱਕਰ ਸਿੰਘ ਸੰਧੂ ਨੇ ਇੱਕ ਮਾਰਵਾੜੀ ਵਕੀਲ ਅਤੇ ਗੁਜਰਾਤੀ ਡਾਕਟਰ ਦੇ ਕਿਰਦਾਰਾਂ ਨਾਲ ਜੁੜਿਆ ਵਿਅੰਗ ਸੁਣਾ ਕੇ ਸਾਰਿਆਂ ਨੂੰ ਨਿਹਾਲ ਕੀਤਾ। ਵਿਜੇ ਸਚਦੇਵਾ ਨੇ ਔਰਤਾਂ ਨਾਲ ਦੂਸਰਾ ਗਰੁੱਪ ਗੀਤ ਪੇਸ਼ ਕੀਤਾ, ਜਿਸਦੇ ਬੋਲ ਹਨ "ਜੁੱਤੀ ਕਸੂਰੀ ਪੈਰੀਂ ਨਾ ਪੂਰੀ ਹਾਏ ਰੱਬਾ ਵੇ ਮੈਨੂੰ ਤੁਰਨਾ ਪਿਆ" ਪੇਸ਼ ਕੀਤਾ। ਸਮਾਪਤੀ ਕਰਦੇ ਹੋਏ ਗੁਰਦਿਆਲ ਸਿੰਘ ਖੈਹਰਾ ਜੀ ਨੇ ਮੈਂਬਰਾਂ ਨੂੰ ਆਪੋ-ਆਪਣੀਆਂ ਬੱਸਾਂ ਵਿੱਚ ਜਾਣ ਲਈ ਕਿਹਾ। ਠੀਕ 5 ਵਜੇ ਲੇਕ ਤੋਂ ਰਵਾਨਗੀ, ਅਤੇ ਮਿਥੇ ਸਮੇਂ ਅਨੁਸਾਰ ਕੈਲਗਰੀ ਵਾਪਿਸੀ ਹੋਈ।

# ਇੰਟਰਨੈਸ਼ਨਲ ਵਿਦਿਆਰਥੀਆਂ ਦੀ ਵੱਧ ਰਹੀ ਗਿਣਤੀ ਨਾਲ ਹਾਊਸਿੰਗ ਸਬੰਧੀ ਚਿੰਤਾ ਵਧੀ

ਐਡਮਿੰਟਨ(ਪੰਜਾਬੀ ਅਖ਼ਬਾਰ ਬਿਊਰੋ) ਇਮੀਗ੍ਰੇਸ਼ਨ ਮੰਤਰੀ ਮਾਰਕ ਮਿੱਲਰ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਦਾਖਲ ਹੋਣ ਵਾਲੇ ਇੰਟਰਨੈਸ਼ਨਲ ਵਿਦਿਆਰਥੀਆਂ ਦੀ ਵੱਧ ਰਹੀ ਗਿਣਤੀ ਨਾਲ ਨਾ ਸਿਰਫ ਹਾਊਸਿੰਗ ਸਬੰਧੀ ਚਿੰਤਾ ਵਧੀ ਹੈ ਸਗੋਂ ਇਮੀਗ੍ਰੇਸ਼ਨ ਸਿਸਟਮ ਦੀ ਅਖੰਡਤਾ ਵਿੱਚ ਕੈਨੇਡੀਅਨ ਲੋਕਾਂ ਦਾ ਵਿਸ਼ਵਾਸ ਵੀ ਹਿੱਲ ਗਿਆ ਹੈ। ਇਸ ਸਾਲ ਦੌਰਾਨ ਕੈਨੇਡਾ ਵਿੱਚ ਲਗਭਗ 9 ਲੱਖ ਇੰਟਰਨੈਸ਼ਨਲ ਵਿਦਿਆਰਥੀ ਕੈਨੇਡਾ 'ਚ ਪਹੁੰਚਣ ਦੀ ਉਮੀਦ ਕੀਤੀ ਜਾ ਰਹੀ ਹੈ। ਇਸ ਦਾ ਹਾਊਸਿੰਗ ਉੱਪਰ ਵੱਡਾ ਅਸਰ ਪੈਣ ਦੀ ਸੰਭਾਵਨਾ ਹੈ।










# ‘ਸਾਉਣ ਵੀਰ ਕੱਠੀਆਂ ਕਰੇ ਭਾਦੋਂ ਚੰਦਰੀ ਵਿਛੋੜੇ ਪਾਵੇ’





ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਵੂਮੇਨ ਕਲਚਰਲ ਵੱਲੋਂ ਪ੍ਰੇਰੀਵਿੰਡ ਪਾਰਕ ਵਿੱਚ ਰੰਗ-ਬਰੰਗੇ ਸੁਹਣੇ ਕਪੜਿਆਂ ਗਹਿਣਿਆਂ ਵਿੱਚ ਸੱਜੀਆਂ ਮਟਿਆਰਾਂ ਦੀ ਭਰਵੀਂ ਹਾਜ਼ਰੀ ਕਰਕੇ ਖ਼ੂਬ ਰੌਣਕ ਮੇਲਾ ਲੱਗਾ ਹੋਇਆ ਸੀ। ‘ਸਾਉਣ ਵੀਰ ’ਕੱਠੀਆਂ ਕਰੇ ਭਾਦੋਂ ਚੰਦਰੀ ਵਿਛੋੜੇ ਪਾਵੇ’ ਲੋਕ ਬੋਲੀ ਨਾਲ ਗੁਰਚਰਨ ਥਿੰਦ ਨੇ ਗੱਲੀਂ ਰੁੱਝੀਆਂ ਬੀਬੀਆਂ ਦਾ ਧਿਆਨ ਆਪਣੀ ਵੱਲ ਖਿੱਚ ਮੀਟਿੰਗ ਆਰੰਭ ਕੀਤੀ।ਸਭਾ ਦੇ ਪ੍ਰਧਾਨ ਬਲਵਿੰਦਰ ਬਰਾੜ ਨੇ ਸਭ ਭੈਣਾਂ ਨੂੰ ਜੀ ਆਇਆ ਕਿਹਾ ਅਤੇ ਸਭ ਨੂੰ ਅਗਲੇਰੀ ਕਾਰਵਾਈ ਧਿਆਨ ਨਾਲ ਸੁਣਨ ਦੀ ਤਾਕੀਦ ਕੀਤੀ। ਉਨ੍ਹਾਂ ਪਹਿਲੀ ਵਾਰ ਮੀਟਿੰਗ ਵਿੱਚ ਆਈਆਂ ਭੈਣਾਂ ਸੁਰਿੰਦਰ ਚਾਹਲ, ਮਨਜੀਤ ਕੌਰ ਸੰਘਾ, ਲਖਵਿੰਦਰ ਸਚਦੇਵਾ,ਰੂਬੀ ਗਿੱਲ, ਗੁਰਬਖ਼ਸ਼ ਕੌਰ ਸਿਹੋਤਾ ਹੁਰਾਂ ਦਾ ਵਿਸ਼ੇਸ਼ ਤੌਰ ਤੇ ਸੁਆਗਤ ਕੀਤਾ। ਜੁਗਿੰਦਰ ਪੁਰਬਾ ਨੇ ਬੋਲੀਆਂ ਪਾ ਕੇ ਖੁਸ਼ਨੁਮਾ ਮਾਹੌਲ ਦਾ ਅਗਾਜ਼ ਕੀਤਾ।ਗੁਰਤੇਜ ਸਿੱਧੂ ਦੀ ਰਹਿਨੁਮਾਈ ਵਿੱਚ ਤਰਨਜੀਤ, ਸ਼ਰਨਜੀਤ ਤੇ ਹੋਰ ਭੈਣਾਂ ਸਾਰਿਆਂ ਨੂੰ ਗਰਮ ਚਾਹ ਨਾਲ ਪਕੌੜੇ ਅਤੇ ਜਲੇਬੀਆਂ ਸਰਵ ਕਰਨ ਵਿੱਚ ਰੁੱਝ ਗਈਆਂ।

ਰਜਿੰਦਰ ਕੌਰ ਚੋਹਕਾ ਨੇ ਇਸ ਮਹੀਨੇ ਵਿੱਚ ਆਉਣ ਵਾਲੇ ਭੈਣ-ਭਰਾ ਦੇ ਪਿਆਰ ਦੇ ਤਿਉਹਾਰ ਰੱਖੜੀ ਅਤੇ ਔਰਤਾਂ ਦੇ ਮਨਭਾਉਂਦੇ ਤਿਉਹਾਰ ਤੀਆਂ ਬਾਰੇ ਸੰਖੇਪ ਗੱਲ ਕੀਤੀ। ਉਪਰੰਤ 15 ਅਗਸਤ 1947 ਨੂੰ ਮਿਲੀ ਅਜ਼ਾਦੀ, ਅਜ਼ਾਦੀ ਪਰਵਾਨਿਆਂ ਵਲੋਂ ਕੀਤੀਆਂ ਕੁਰਬਾਨੀਆਂ ਅਤੇ ਦੇਸ਼ ਦੀ ਵੰਡ ਸਮੇਂ ਵਾਪਰੇ ਦੁਖਾਂਤ ਦਾ ਜ਼ਿਕਰ ਕਰਦੇ ਕਿਹਾ ਕਿ ਅਜਿਹੇ ਬਟਵਾਰੇ ਤੇ ਜੰਗ ਯੁੱਧ ਔਰਤਾਂ ਦੀ ਦੇਹੀ ਤੇ ਲੜੀਆਂ ਜਾਂਦੀਆਂ ਹਨ। ਲੜਦੇ ਬੇਸ਼ਕ ਮਰਦ ਹਨ ਪ੍ਰੰਤੂ ਇਸ ਦਾ ਚਿਰਸਥਾਈ ਅਸਰ ਔਰਤਾਂ, ਮਾਵਾਂ ਧੀਆਂ ਤੇ ਪਤਨੀਆਂ ਦੇ ਰੂਪ ਵਿੱਚ ਹੰਢਾਉਂਦੀਆਂ ਹਨ। ਉਨ੍ਹਾਂ ਅਜ਼ਾਦੀ ਤੇ ਵਿਅੰਗ ਕਰਦੀ ਗੁਰਦਾਸ ਰਾਮ ਆਲਮ ਦੀ 1950 ਵਿੱਚ ਲਿਖੀ ਕਵਿਤਾ ਸੁਣਾਈ ਜੋ ਅੱਜ ਦਾ ਸੱਚ ਵੀ ਜਿਉਂ ਦਾ ਤਿਉਂ ਪ੍ਰਗਟਾਉਂਦੀ ਪ੍ਰਤੀਤ ਹੁੰਦੀ ਹੈ।

**ਕਿਉਂ ਭਈ ਨਿਹਾਲਿਆ ਅਜ਼ਾਦੀ**
**ਨਹੀਂ ਵੇਖੀ, ਨਾ ਵੇ ਭਰਾਵਾ ਨਾ ਖਾਂਦੀ**
**ਨਾ ਜਾਂਦੀ ਵੇਖੀ।**
**ਮੈਂ ਜੱਗ ਤੋਂ ਸੁਣਿਆ ਬਠਿੰਡੇ ਖੜੀ**
**ਸੀ, ਬੜੀ ਭੀੜ ਉਸ ਦੇ ਉਦਾਲੇ**
**ਖੜੀ ਸੀ।**
**ਬਿਰਲੇ ਦੇ ਘਰ ਵੱਲ ਅਗਾੜੀ ਸੀ**
**ਉਸਦੀ, ਤੇ ਲੋਕਾਂ ਦੇ ਘਰ ਵੱਲ**
**ਪਛਾੜੀ ਸੀ ਉਸਦੀ।**

ਲਖਵਿੰਦਰ ਸਚਦੇਵਾ,ਰੂਬੀ ਗਿੱਲ ਤੇ ਗੁਰਬਖਸ਼ ਸਿਹੋਤਾ ਹੁਰਾਂ ਆਪਣੇ ਬਾਰੇ ਜਾਣਕਾਰੀ ਸਾਂਝੀ ਕੀਤੀ। ਮਨਜੀਤ ਚਾਹਲ ਨੇ ਆਪਣੇ ਜਲੰਧਰ ਤੋਂ ਇੰਗਲੈਂਡ ਅਤੇ ਫਿਰ ਕਨੇਡਾ ਪਹੁੰਚਣ ਦੀ ਗੱਲ ਕਰਦੇ ਕਿਹਾ ਕਿ ਉਹ ਵੀ 1982 ਵਿੱਚ ਸਿੱਖ ਵੁਮੇਨ ਕਲਚਰਲ ਐਸੋਸੀਏਸ਼ਨ ਚਲਾਉਂਦੇ ਰਹੇ ਹਨ ਅਤੇ ਉਨ੍ਹਾਂ ਇਸ ਦੇ ਕੰਮ-ਕਾਜ ਬਾਰੇ ਸਾਂਝ ਪਾਈ। ਸੁਰਿੰਦਰ ਸੰਧੂ ਨੇ ‘ਮੋਇਆ ਜਦੋਂ ਪੰਜਾਬ ਦਾ ਮਹਾਰਾਜਾ, ਮੋਈ ਬੀਰਤਾ ਵੀਰ ਪੰਜਾਬ ਦੀ ਸੀ’ ਵਾਰ ਆਪਣੀ ਬੁਲੰਦ ਅਵਾਜ਼ ਵਿੱਚ ਗਾ ਕੇ ਸਭ ਨੂੰ ਵਾਹ ਵਾਹ ਕਰਨ ਲਾ ਦਿੱਤਾ। ਜਸਵਿੰਦਰ ਕੌਰ ਨੇ ਵੀਰ-ਪਿਆਰ ਦਾ ਗੀਤ ਗਾਇਆ। ਸਰਬਜੀਤ ਉੱਪਲ ਨੇ ‘ਕੁੰਡਾ ਖੜਕ ਰਿਹਾ ਨੀ ਦਿਲ ਧੜਕ ਰਿਹਾ’ ਲੋਕ ਗੀਤ ਗਾਇਆ। ਹਰਬੰਸ ਰਤਨ ਨੇ ਵੀਰ ਤੇ ਭੈਣ ਦਾ ਪਿਆਰ ਦਰਸਾਉਂਦੀ ਕਵਿਤਾ ਸਾਂਝੀ ਕੀਤੀ। ਗੁਰਜੀਤ ਬੈਦਵਾਨ ਨੇ ਹੁਸਨ ਨੂੰ ਬਿਆਨਦੀ ਕਵਿਤਾ ਪੇਸ਼ ਕੀਤੀ ਅਤੇ ਗੁਰਿੰਦਰ ਸਿੱਧੂ ਨੇ ‘ਕੀ ਕਵੀਆ ਸੁਣ ਲੈਂਗਾ ਮੇਰੀ ਦਰਦ ਕਹਾਣੀ ਨੂੰ, ਕੀ ਤੂੰ ਸੁਲਝਾ ਦੇਂਗਾ ਮੇਰੀ ਉਲਝੀ ਤਾਣੀ ਨੂੰ’ ਗੀਤ ਗਾਇਆ। ਉਪਰੰਤ ਗੁਰਤੇਜ ਸਿੱਧੂ, ਮੁਖਤਿਆਰ ਧਾਲੀਵਾਲ ਨੇ ਬੋਲੀਆਂ ਦੀ ਸ਼ੁਰੂਆਤ ਕਰ ਦਿੱਤੀ ਤਾਂ ਫਿਰ ਜਿਵੇਂ ਹਰੇਕ ਦੇ ਮੂੰਹੋਂ ਬੋਲੀ ਤੇ ਠਾਹ ਬੋਲੀ ਵੱਜਣ ਲੱਗੀ ਅਤੇ ਵਿਹੰਦਿਆਂ ਵਿਹਿੰਦਿਆਂ ‘ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ ਗਾਉਣ ਵਾਲੇ ਦਾ ਮੂੰਹ’ ਬੋਲ ਸੱਚ ਹੋਣ ਲਗੇ। ਭਾਦੋਂ ਦੇ ਪਾਏ ਵਿਛੋੜੇ ਨੂੰ ਆਪਣੇ ਦਿੱਲਾਂ ਦੀ ਨੁਕਰੇ ਸੰਭਾਲ ਅਗਲੇ ਸਾਲ ਦੇ ਸਾਉਣ ਮਹੀਨੇ ਲਈ ਸ਼ੁਭਕਾਮਨਾਵਾਂ ਕਰਦੀਆਂ ਅਤੇ ਸਤੰਬਰ ਮਹੀਨੇ ਦੀ ਮੀਟਿੰਗ ਏਅਰਡਰੀ ਦੇ ਪਾਰਕ ਵਿੱਚ ਕਰਨ ਦੇ ਚਾਅ ਨਾਲ ਭਰੀਆਂ ਭੈਣਾਂ ਆਪੋ ਆਪਣੇ ਘਰੀਂ ਰਵਾਨਾ ਹੋ ਗਈਆਂ।

# ਟੋਰਾਂਟੋ ਦੇ ਰੈਸਟੋਰੈਂਟ ਵਿੱਚ ਹੋਈ ਗੋਲੀਬਾਰੀ ਵਿੱਚ ਇੱਕ ਵਿਅਕਤੀ ਦੀ ਮੌਤ ਅਤੇ ਇੱਕ ਮਹਿਲਾ ਜ਼ਖਮੀਂ ਹੋਈ



ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਟੋਰਾਂਟੋ ਦੇ ਰਾਇਲ ਕੈਰੇਬੀਅਨ ਕੈਫੇ ਵਿੱਚ ਵਾਪਰੇ ਦੋਹਰੇ ਗੋਲੀਕਾਂਡ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਤੇ ਇੱਕ ਮਹਿਲਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਈ। ਇਹ ਜਾਣਕਾਰੀ ਦਿੰਦਿਆਂ ਟੋਰਾਂਟੋ ਪੁਲਿਸ ਦੇ ਅਧਿਕਾਰੀਆਂ ਨੇ ਦੱਸਿਆ ਕਿ ਰਾਤੀਂ ਸਾਢੇ 7 ਵਜੇ ਦੇ ਕਰੀਬ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਆਉਣ ਤੋਂ ਬਾਅਦ ਉਨ੍ਹਾਂ ਨੂੰ ਨੌਰਥਕਲਿੱਫ ਬੁਲੇਵਾਰਡ ਤੇ ਸੇਂਟ ਕਲੇਅਰ ਐਵਨਿਊ ਉੱਤੇ ਸੱਦਿਆ ਗਿਆ।ਪੁਲਿਸ ਨੂੰ ਮੌਕੇ ਉੱਤੇ ਦੋ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲੇ, ਦੋਹਾਂ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਬਾਅਦ ਵਿੱਚ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਇੱਕ ਵਿਅਕਤੀ ਦਮ ਤੋੜ ਗਿਆ। ਪਰ ਮਹਿਲਾ ਹਸਪਤਾਲ ਵਿੱਚ ਜੇਰੇ ਇਲਾਜ ਹੈ ਤੇ ਉਸ ਦੀ ਜਾਨ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਪੁਲਿਸ ਨੇ ਦੱਸਿਆ ਕਿ ਮੌਕੇ ਤੋਂ ਇੱਕ ਹਥਿਆਰ ਬਰਾਮਦ ਹੋਇਆ ਹੈ। ਪੁਲਿਸ ਨੇ ਇਹ ਵੀ ਦੱਸਿਆ ਕਿ ਸ਼ੱਕੀ ਹਮਲਾਵਰ ਪੈਦਲ ਹੀ ਮੌਕੇ ਤੋਂ ਫਰਾਰ ਹੋ ਗਿਆ। ਮਾਮਲੇ ਦੀ ਜਾਂਚ ਹੋਮੀਸਾਈਡ ਯੂਨਿਟ ਵੱਲੋਂ ਸ਼ੁਰੂ ਕਰ ਦਿੱਤੀ ਗਈ ਹੈ।

# ਕੁਬੈਕ ਸਰਕਾਰ ਦਾ ਭਾਸ਼ਾ ਸੰਬੰਧੀ ਬਿਲ 96 ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਭਵਿੱਖ ਲਈ ਖਤਰਾ ਬਣਿਆ

ਮਾਂਟਰੀਅਲ (ਪੰਜਾਬੀ ਅਖ਼ਬਾਰ ਬਿਊਰੋ) ਕੁਬੈਕ ਸਰਕਾਰ ਵੱਲੋਂ ਭਾਸ਼ਾ ਸੰਬੰਧੀ ਪਾਸ ਕੀਤਾ ਗਿਆ ਬਿਲ 96 ਹੁਣ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਭਵਿੱਖ ਲਈ ਖਤਰਾ ਬਣਦਾ ਜਾ ਰਿਹਾ ਹੈ। ਕਿਉਂਕਿ ਇਸ ਬਿਲ ਦੇ ਪਾਸ ਹੋਣ ਉਪਰੰਤ ਇਹਨਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਭਾਸ਼ਾ ਕਾਰਨ ਆਪਣੀ ਪੜ੍ਹਾਈ ਛੱਡਣੀ ਪੈ ਸਕਦੀ ਹੈ ਜਾਂ ਫਿਰ ਕਿਤੇ ਹੋਰ ਜਾਣ ਨੂੰ ਮਜਬੂਰ ਹੋਣਾ ਪੈ ਸਕਦਾ ਹੈ।

# ਸੁਰਿੰਦਰ ਸਿੰਘ ਸੇਖੋਂ ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਸੁਰਜੀਤ ਹੇਅਰ ਸਕੱਤਰ ਚੁਣੇ ਗਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਦੀ ਸਾਲਾਨਾ ਮੀਟਿੰਗ 25 ਅਗਸਤ ਦਿਨ ਸ਼ੁੱਕਰਵਾਰ ਨੂੰ ਮੌਂਟਰੀ ਪਾਰਕ ਕਮਿਉਨਿਟੀ ਹਾਲ ਵਿੱਚ ਹੋਈ, ਜਿਸ ਵਿੱਚ ਐਸੋਸੀਏਸ਼ਨ ਦੇ 85 ਸੀਨੀਅਰ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਸਭ ਤੋਂ ਪਹਿਲਾਂ ਗਿਆਰਾਂ ਸੀਨੀਅਰ ਮੈਂਬਰਾਂ ਦੇ ਜਨਮ ਦਿਨ ਮਨਾਏ ਗਏ ਤੇ ਉਹਨਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਉਸ ਤੋਂ ਬਾਅਦ ਹਮੇਸ਼ਾ ਦੀ ਤਰਾਂ ਸਰਬ ਸੰਮਤੀ ਨਾਲ ਐਸੋਸੀਏਸ਼ਨ ਦੇ ਨਵੇਂ ਪ੍ਰਬੰਧਕੀ ਬੋਰਡ ਦੀ ਚੋਣ ਕੀਤੀ ਗਈ। ਚੁਣੇ ਗਏ ਅਹੁਦੇਦਾਰਾਂ ਦਾ ਵੇਰਵਾ ਇਸ ਤਰਾਂ ਹੈ-ਸੁਰਿੰਦਰ ਸਿੰਘ ਸੇਖੋਂ ਪ੍ਰਧਾਨ,ਸੁਰਿੰਦਰ ਕੁਮਾਰ ਕਾਲੀਆ ਉਪ ਪ੍ਰਧਾਨ,ਸੁਰਜੀਤ ਸਿੰਘ ਹੇਅਰ ਸਕੱਤਰ,ਨਿਰਮਲ ਸਿੰਘ ਕੁਲਾਰ ਖ਼ਜ਼ਾਨਚੀ, ਬੋਰਡ ਦੇ ਚੁਣੇ ਗਏ ਹੋਰ ਮੈਂਬਰਾਂ ਵਿੱਚ ਸ਼ਿੰਗਾਰਾ ਸਿੰਘ ਅਟਕਰ, ਰਾਮ ਸਿੰਘ ਬਰਾੜ, ਜਸਵਿੰਦਰ ਸਿੰਘ ਗਿੱਲ ਅਤੇ ਮੰਜੂ ਅਗਰਵਾਲ ਦੇ ਨਾਂ ਸਾਮਿਲ ਹਨ।

ਬੋਰਡ ਦੀ ਚੋਣ ਤੋਂ ਬਾਦ ਮਨੋਰੰਜਨ ਦਾ ਦੌਰ ਸ਼ੁਰੂ ਹੋਇਆ, ਸਰਬਜੀਤ ਸਿੰਘ ਰੰਧਾਵਾ ਨੇ ਇੱਕ ਹਿੰਦੀ ਦਾ ਗਾਣਾ ਤਰੰਨਮ ਵਿੱਚ ਪੇਸ਼ ਕਰਕੇ ਸਾਰਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਸ਼ਮਿੰਦਰ ਸਿੰਘ ਕੰਮੋਅ ਅਤੇ ਸੁਰਜੀਤ ਕੌਰ ਕੰਮੋਅ ਦੀ ਜੋੜੀ ਵੱਲੋਂ ਪੇਸ਼ ਕੀਤੇ ਗਏ ਦੁਗਾਣੇ " ਤਾਰਾਂ ਨੀ ਤਾਰਾਂ" ਦੀ ਪੇਸ਼ਕਾਰੀ ਬਾ ਕਮਾਲ ਸੀ। ਮਾਸਟਰ ਬਚਿੱਤਰ ਸਿੰਘ ਨੇ "ਮਾਂ " ਦੇ ਵਿਸ਼ੇ ਤੇ ਆਪਣੀ ਕਵੀਸ਼ਰੀ ਪੇਸ਼ ਕਰ ਕੇ ਮਾਹੌਲ ਨੂੰ ਭਾਵੁਕ ਰੰਗਣਾਂ 'ਚ ਰੰਗ ਦਿੱਤਾ। ਪਰਬੇਸ਼ ਪਰਹਾਰ ਅਤੇ ਜਰਨੈਲ ਸਿੰਘ ਤੱਗੜ ਨੇ ਵੀ ਆਪਣਿਆਂ ਚੁਟਕਲਿਆਂ ਅਤੇ ਗ਼ਜ਼ਲਾਂ ਨਾਲ ਮੈਂਬਰਾਂ ਦਾ ਭਰਪੂਰ ਮਨੋਰੰਜਨ ਕੀਤਾ। ਅਖੀਰ ਵਿੱਚ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਮੈਂਬਰਾਂ ਵੱਲੋਂ ਮੁਬਾਰਕਬਾਦ ਦੇਣ ਤੋਂ ਬਾਦ ਸਾਰਿਆਂ ਨੇ ਖਾਣੇ ਦਾ ਅਨੰਦ ਮਾਣਿਆ ਤੇ ਪ੍ਰੋਗਰਾਮ ਦੀ ਸਮਾਪਤੀ ਹੋ ਗਈ।

# ਇਮਰਾਨ ਖਾਨ ਨੂੰ ਜੇਲ਼ ਵਿੱਚ ਵੀ ਦੇਸੀ ਘਿਓ ‘ਚ ਪਕਾਇਆ ਮੁਰਗਾ ਮਟਨ ਮਿਲ ਰਿਹਾ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਰਕਾਰੀ ਖ਼ਜ਼ਾਨੇ (ਤੋਸ਼ਾਖਾਨਾ) ਵਿੱਚੋਂ ਤੋਹਫ਼ੇ ਵੇਚਣ ਦੇ ਮਾਮਲੇ ਵਿੱਚ ਤਿੰਨ ਸਾਲ ਦੀ ਸਜ਼ਾ ਕੱਟ ਰਹੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੂੰ ਜੇਲ੍ਹ ਵਿੱਚ ਕੋਈ ਮੁਸ਼ਕਲ ਨਹੀਂ ਹੈ। ਅਟਕ ਜੇਲ੍ਹ ਦੇ ਮੁਖੀ ਨੇ ਸੁਪਰੀਮ ਕੋਰਟ ਨੂੰ ਇੱਕ ਸੂਚੀ ਸੌਂਪੀ ਹੈ ਅਤੇ ਇਸ 'ਚ ਕਿਹਾ ਗਿਆ ਹੈ ਕਿ ਜੇਲ 'ਚ ਵੀ ਖਾਨ ਨੂੰ ਦੇਸੀ ਘਿਓ 'ਚ ਪਕਾਇਆ ਗਿਆ ਚਿਕਨ ਅਤੇ ਮਟਨ ਮੁਹੱਈਆ ਕਰਵਾਇਆ ਜਾ ਰਿਹਾ ਹੈ। ਇੰਨਾ ਹੀ ਨਹੀਂ ਉਨ੍ਹਾਂ ਨੂੰ ਸ਼ਹਿਦ ਵੀ ਦਿੱਤਾ ਜਾਂਦਾ ਹੈ। ਵਰਨਣਯੋਗ ਹੈ ਕਿ ਖ਼ਾਨ ਦੀ ਪਤਨੀ ਬੁਸ਼ਰਾ ਬੀਬੀ ਜੇਲ੍ਹ ਵਿੱਚ ਆਪਣੇ ਪਤੀ ਨੂੰ ਮਿਲਣ ਗਈ ਸੀ। ਇਸ ਤੋਂ ਬਾਅਦ ਸੁਪਰੀਮ ਕੋਰਟ 'ਚ ਅਰਜ਼ੀ ਦਾਇਰ ਕੀਤੀ ਗਈ। ਇਸ ਵਿੱਚ ਇਮਰਾਨ ਦੀ ਸਜ਼ਾ ਮਾਫ਼ ਕਰਨ ਦੀ ਅਪੀਲ ਕੀਤੀ ਗਈ ਸੀ। ਬੁਸ਼ਰਾ ਨੇ ਕਿਹਾ ਸੀ- ਖਾਨ ਸਾਹਿਬ ਦੀ ਜਾਨ ਨੂੰ ਖਤਰਾ ਹੈ। ਜੇਲ੍ਹ ਵਿੱਚ ਉਹ ਬਹੁਤ ਕਮਜ਼ੋਰ ਹੋ ਗਏ ਹਨ। ਇਸ ਦੇ ਜਵਾਬ 'ਚ ਜੇਲ ਮੁਖੀ ਨੇ ਦੱਸਿਆ ਕਿ ਖਾਨ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦੀ ਲੰਬੀ ਸੂਚੀ ਅਦਾਲਤ ਵਿੱਚ ਪੇਸ਼ ਕੀਤੀ




















# ਪੰਜਾਬੀ ਸਾਹਿਤ ਸਭਾ ਕੈਲਗਰੀ ਵੱਲੋਂ ਉੱਘੇ ਸ਼ਾਇਰ ਪ੍ਰੋ: ਮੋਹਨ ਸਪਰਾ ਜੀ ਦਾ ਸਨਮਾਨ ਕੀਤਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪੰਜਾਬੀ ਸਾਹਿਤ ਸਭਾ ਦੀ ਮਾਸਿਕ ਇਕੱਤਰਤਾ 27 ਅਗਸਤ ਦਿਨ ਐਤਵਾਰ ਬਾਦ ਦੁਪਹਿਰ ਕੋਸੋ ਹਾਲ ਵਿੱਚ ਸਭਾ ਦੀ ਪ੍ਰਧਾਨ ਸੁਰਿੰਦਰ ਗੀਤ ਦੀ ਪ੍ਰਧਾਨਗੀ ਹੇਠ ਹੋਈ ਅਤੇ ਉਹਨਾਂ ਦੇ ਨਾਲ ਭਾਰਤ ਤੋਂ ਆਏ ਵਿਦਵਾਨ ਅਤੇ ਉੱਘੇ ਸ਼ਾਇਰ ਸ੍ਰੀ ਮੋਹਨ ਸਪਰਾ ਅਤੇ ਪ੍ਰੋ: ਦਵਿੰਦਰ ਕੌਰ ਸਿੱਧੂ ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਹੋਏ। ਸਭਾ ਦੇ ਮੈਂਬਰ ਗੁਰਦੀਪ ਗਹੀਰ(ਚੀਮਾ) ਜੀ ਦੀ ਸੁਪਤਨੀ ਮਹਿੰਦਰ ਕੌਰ ਗਹੀਰ, ਪੱਤਰਕਾਰ ਅਤੇ ਸ਼ਾਇਰ ਦੇਸ ਰਾਜ ਕਾਲੀ, ਕ੍ਰਾਂਤੀਕਾਰ ਸਾਹਿਤਕਾਰ ਬਾਰੂ ਸਤਵਰਗ ਦੇ ਅਕਾਲ ਚਲਾਣੇ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਅੱਜ ਦਾ ਸਾਰਾ ਪ੍ਰੋਗਰਾਮ ਪ੍ਰੋ: ਮੋਹਨ ਸਪਰਾ ਤੇ ਕੇਂਦਰਿਤ ਰਿਹਾ। ਯਾਦ ਰਹੇ ਕਿ ਪ੍ਰੋ: ਸਪਰਾ ਹਿੰਦੀ ਦੇ ਅਧਿਆਪਕ ਰਹੇ ਹਨ ਅਤੇ ਉਹਨਾਂ ਨੇ ਲੰਬਾ ਸਮਾਂ ਡੀ ਏ ਵੀ ਕਾਲਜ ਨਕੋਦਰ ਵਿੱਚ ਆਪਣੀਆਂ ਬਹੁੱਮੁਲੀਆਂ ਸੇਵਾਵਾਂ ਪ੍ਰਦਾਨ ਕਰਕੇ ਚੰਗੇ ਭਾਸ਼ਾ ਵਿਗਿਆਨੀ ਅਤੇ ਸ਼ਾਇਰ ਪੈਦਾ ਕੀਤੇ ਹਨ ਅਤੇ ਉਹ ਏਸੇ ਹੀ ਵਿਦਿਅਕ ਅਦਾਰੇ ਤੋਂ ਵਿਭਾਗ ਦੇ ਮੁੱਖੀ ਦੇ ਤੌਰ ਤੇ ਸੇਵਾ ਮੁਕਤ ਹੋਏ ਹਨ। ਉਹਨਾਂ ਨੇ ਆਪਣੇ ਵਿਚਾਰ ਪ੍ਰਗਟ ਕਰਦਿਆ ਕਿਹਾ ਕਿ ਬੇਸ਼ਕ ਉਹ ਹਿੰਦੀ ਦੇ ਅਧਿਆਪਿਕ ਰਹੇ ਹਨ ਪਰ ਉਹ ਆਪਣੀ ਮਾਤ-ਭਾਸ਼ਾ ਪੰਜਾਬੀ ਨੂੰ ਹੀ ਮੰਨਦੇ ਹਨ। ਪੰਜਾਬੀ ਉਹਨਾਂ ਦੇ ਜੀਵਨ ਦਾ ਧੁਰਾ ਹੈ। ਉਹਨਾਂ ਨੇ ਬਹੁਤ ਸਾਰੀਆਂ ਪੰਜਾਬੀ ਪੁਸਤਕਾਂ ਦਾ ਹਿੰਦੀ ਵਿੱਚ ਅਨੁਵਾਦ ਕਰਕੇ ਵੀ ਨਾਮ ਕਮਾਇਆ ਹੈ। ਕੁੱਝ ਰਚਨਾਵਾਂ ਵੀ ਸਰੋਤਿਆਂ ਨਾਲ ਸਾਂਝੀਆ ਕੀਤੀਆ ਜਿਹਨਾਂ ਦੀ ਹਾਜਰੀਨ ਵੱਲੋਂ ਭਰਪੂਰ ਸਲਾਘਾ ਕੀਤੀ ਗਈ। ਪੰਜਾਬੀ ਸਾਹਿਤ ਸਭਾ ਕੈਲਗਰੀ ਵੱਲੋਂ ਉਹਨਾਂ ਨੂੰ ਸਨਮਾਨ ਵੱਜੋਂ ਫ਼ੁਲਕਾਰੀ ਤੇ ਕੁੱਝ ਕਿਤਾਬਾਂ ਦੇ ਕੇ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ ਸੰਤ ਦਰਬਾਰਾ ਸਿੰਘ ਕਾਲਜ ਲੋਪੋ ( ਮੋਗਾ) ਨੂੰ ਵੀ ਸੁਰਿੰਦਰ ਗੀਤ ਨੇ ਆਪਣੀਆਂ ਕਿਤਾਬਾਂ ਭੇਂਟ ਕੀਤੀਆਂ। ਮੈਡਮ ਦਵਿੰਦਰ ਸਿੱਧੂ ਨੇ ਪੰਜਾਬੀ ਮਾਂ ਬੋਲੀ ਬਾਰੇ ਬਹੁਤ ਹੀ ਸੋਹਣੀ ਨਜ਼ਮ ਸਰੋਤਿਆਂ ਨਾਲ ਸਾਂਝੀ ਕੀਤੀ। ਰੇਡੀ? ਰੈਡ ਐਫ ਐਮ ਕੈਲਗਰੀ ਦੇ ਹਰਮਨ ਪਿਆਰੇ ਹੋਸਟ ਸ੍ਰੀ ਰਿਸ਼ੀ ਨਾਗਰ ਜੀ ਨੇ ਵੀ ਪ੍ਰੋ: ਮੋਹਨ ਸਪਰਾ ਜੀ ਨਾਲ ਆਪਣੀਆਂ ਕੁੱਝ ਦਿਲਚਸਪ ਯਾਦਾਂ ਸਾਂਝੀਆਂ ਕੀਤੀਆਂ । ਵਰਨਣ ਯੋਗ ਹੈ ਕਿ ਪ੍ਰੋ: ਸਪਰਾ ਰਿਸ਼ੀ ਜੀ ਦੇ ਕਾਲਜ ਸਮੇਂ ਅਧਿਆਪਕ ਰਹੇ ਹਨ।

ਵਿਚਾਰ ਵਿਟਾਂਦਰੇ ਤੇ ਰਚਨਾਵਾਂ ਦੇ ਦੌਰ ਵਿੱਚ ਵਿਜੇ ਸੱਚਦੇਵਾ, ਅਸ਼ਵਨੀ ਕੁਮਾਰ, ਪ੍ਰਸ਼ੋਤਮ ਭਰਦਵਾਜ, ਮਨਜੀਤ ਬਰਾੜ ਸ: ਤੇਜਾ ਸਿੰਘ, ਜਰਨੈਲ ਤੱਗੜ, ਡਾ: ਰਾਜਵੰਤ ਕੌਰ ਮਾਨ, ਸ਼ਮਿੰਦਰ ਸਿੰਘ ਕੰਮੋਹ। ਸੁਰਜੀਤ ਕੌਰ ਕੰਮੋਹ, ਗੁਰਦੇਵ ਸਿੰਘ, ਜਸਵਿੰਦਰ ਸਿੰਘ ਨੇ ਭਾਗ ਲਿਆ। ਇਸ ਤੋਂ ਇਲਾਵਾ ਆਲ ਇੰਡੀਆ ਰੇਡੀਓ ਤੋਂ ਮਿਸਟਰ ਸੁਖੀਜਾ, ਸ: ਪਰਗਨ ਸਿੰਘ ਰਾਏ ਤੇ ਬਲਬੀਰ ਸਿੰਘ ਖੋਟੇ ਤੇ ਦਿਲਰਾਜ ਸਿੰਘ ਦਾਨੇਵਾਲੀਆ ਨੇ ਅੱਜ ਦੀ ਸਭਾ ਵਿੱਚ ਹਾਜਰੀ ਲਗਵਾਈ।

ਅੰਤ ਵਿੱਚ ਸੁਰਿੰਦਰ ਗੀਤ ਨੇ ਹਾਜਰੀਨ ਦਾ ਧੰਨਵਾਦ ਕੀਤਾ ਤੇ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਵੀ ਪੰਜਾਬੀ ਸਾਹਿਤ ਸਭਾ ਨੂੰ ਅਜਿਹਾ ਸਹਿਯੋਗ ਦਿੰਦੇ ਰਹਿਣਗੇ। ਸੁਰਿੰਦਰ ਗੀਤ ਨੇ ਪ੍ਰੋ: ਮੋਹਨ ਸਪਰਾ ਦਾ ਆਪਣੀਆਂ ਕੁਝ ਕਵਿਤਾਵਾਂ ਦਾ ਹਿੰਦੀ ਵਿੱਚ ਅਨੁਵਾਦ ਕਰਨ ਲਈ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਅਹਿਮ ਜ਼ੁਮੇਵਾਰੀ ਸਭਾ ਦੇ ਜਨਰਲ ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ। ਆਪਣੇ ਖ਼ੂਬਸੂਰਤ ਸ਼ਿਅਰਾਂ ਤੇ ਕਾਵ-ਟੋਟਕਿਆਂ ਨਾਲ ਸਟੇਜ ਨੂੰ ਰੌਚਿਕ ਬਣਾ ਕੇ ਰੱਖਣਾ ਉਹਨਾਂ ਦੀ ਵਿਲੱਖਣਤਾ ਹੈ।

## ਮਹਿੰਗਾਈ ਕਾਰਣ ਲੋਕ ਆਪਣੇ ਪਾਲਤੂ ਜਾਨਵਰਾਂ ਨੂੰ ਸ਼ੈਲਟਰ ਹੋਮ ਵਿੱਚ ਛੱਡਣ ਲਈ ਮਜਬੂਰ ਹੋਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਵਿੱਚ ਵਧ ਰਹੀ ਮਹਿੰਗਾਈ ਕਾਰਣ ਹੁਣ ਆਮ ਲੋਕਾਂ ਦਾ ਜਿਉਣਾ ਔਖਾ ਹੋ ਗਿਆ ਹੈ ਆਪਣਾ ਪੇਟ ਭਰਨ ਲਈ ਤਾਂ ਮਨੁੱਖ ਕੁੱਝ ਨਾ ਕੁੱਝ ਹੱਥਪੈਰ ਮਾਰਕੇ ਗੁਜਾਰਾ ਕਰ ਹੀ ਲੈਂਦਾ ਹੈ ਪਰ ਜਿਹੜੇ ਲੋਕਾਂ ਕੋਲ ਪਾਲਤੂ ਜਾਨਵਰ ਕੁੱਤੇ ਬਿੱਲੀਆਂ ਆਦਿ ਰੱਖੇ ਹੋਏ ਹਨ ਉਹ ਇਸ ਵੇਲੇ ਸੰਕਟ ਦੀ ਘੜੀ ਵਿੱਚ ਹਨ। ਪਾਲਤੂ ਜਾਨਵਰਾਂ ਦੇ ਭੋਜਨ ਦੀ ਮਹਿੰਗਾਈ ਕੁੱਝ ਮਾਲਕਾਂ ਨੂੰ ਆਪਣੇ ਪਾਲਤੂ ਜਾਨਵਰਾਂ ਨੂੰ ਆਪਣੇ ਤੋਂ ਦੂਰ ਕਰਨ ਲਈ ਮਜ਼ਬੂਰ ਕਰ ਰਹੀ ਹੈ ਜਦੋਂ ਕਿ ਅਜਿਹਾ ਹੋਣ ਨਾਲ ਕੈਲਗਰੀ ਅਤੇ ਅਲਬਰਟਾ ਵਿੱਚ ਪਸ਼ੂ ਬਚਾਓ ਸੁਸਾਇਟੀਆਂ ਤਣਾਅ ਮਹਿਸੂਸ ਕਰ ਰਹੀਆਂ ਹਨ। ਬੇਘਰੇ ਜਾਨਵਰਾਂ ਦੇ ਸਾਂਭ ਸੰਭਾਲ ਲਈ ਬਣੀਆਂ ਸ਼ੈਲਟਰ ਸੋਸਾਇਟੀਆਂ ਕੋਲ ਇਹਨੀ ਦਿਨੀ ਲੋਕਾਂ ਵੱਲੋ ਛੱਡ ਦਿੱਤੇ ਗਏ ਜਾਨਵਰਾਂ ਦੀ ਗਿਣਤੀ ਵਿੱਚ ਵੱਡਾ ਵਾਧਾ ਹੋਇਆ ਹੈ।

ਅਲਬਰਟਾ ਐਨੀਮਲ ਰੈਸਕਿਊ ਕਰੂ ਸੁਸਾਇਟੀ ਦੇ ਕਾਰਜਕਾਰੀ ਨਿਰਦੇਸ਼ਕ ਡੀਨਾ ਥੌਮਸਨ ਅਨਸਾਰ "ਪਸ਼ੂ ਭਲਾਈ ਇਸ ਸਮੇਂ ਸੰਕਟ ਵਿੱਚ ਹੈ। ਉਹਨਾਂ ਦਾ ਕਹਿਣਾ ਹੈ ਕਿ ਬੀਤੇ 16 ਸਾਲਾਂ ਤੋਂ ਮੈਂ ਇਸ ਖੇਤਰ ਵਿੱਚ ਹਾਂ ਅਤੇ ਮੈਨੂੰ ਕਹਿਣਾ ਪਏਗਾ ਕਿ ਇਹ ਸ਼ਾਇਦ ਸਭ ਤੋਂ ਭੈੜਾ ਸਾਲ ਹੈ ਜੋ ਮੈਂ ਹੁਣ ਦੇਖਿਆ ਹੈ।"ਥੌਮਸਨ ਦਾ ਕਹਿਣਾ ਹੈ ਕਿ ਅਲਬਰਟਾ ਐਨੀਮਲ ਰੈਸਕਿਊ ਕਰੂ ਸੋਸਾਇਟੀ ਕੋਲ ਉਹਨਾਂ ਦੀ ਦੇਖਭਾਲ ਵਿੱਚ ਕੁੱਲ 813 ਜਾਨਵਰ ਹਨ, ਜਦੋਂ ਕਿ ਹਫਤਾ ਪਹਿਲਾਂ ਗਿਣਤੀ 500 ਦੇ ਕਰੀਬ ਹੀ ਸੀ। ?ਨਟਾਰੀ? ਵੈਟਰਨਰੀ ਮੈਡੀਕਲ ਐਸੋਸੀਏਸ਼ਨ ਦੇ ਅਨੁਸਾਰ, 2022 ਵਿੱਚ ਇੱਕ ਕੁੱਤੇ ਦੀ ਦੇਖਭਾਲ ਦੀ ਸਾਲਾਨਾ ਔਸਤ ਖਰਚਾ ਲਗਭਗ $3,700 ਹੈ, ਜਦੋਂ ਕਿ ਬਿੱਲੀਆਂ ਦੀ ਲਾਗਤ ਲਗਭਗ $2,500 ਹੈ।

## ਜਿਨਪਿੰਗ ਨਾਲ ਗੱਲਬਾਤ ਦੌਰਾਨ ਨਰਿੰਦਰ ਮੋਦੀ ਨੇ ਅਸਲ ਕੰਟਰੋਲ ਰੇਖਾ ਦੇ ਅਣਸੁਲਝੇ ਮੁੱਦੇ ਨੂੰ ਉਠਾਇਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਬਰਿਕਸ ਸੰਮੇਲਨ ਵਿੱਚ ਇੱਕ ਦੂਜੇ ਨਾਲ ਹੱਥ ਮਿਲਾਇਆ ਤੇ ਸੰਖੇਪ ਗੱਲਬਾਤ ਕੀਤੀ। ਸਮੂਹ ਦੇ ਨੇਤਾਵਾਂ ਦੁਆਰਾ 15ਵੇਂ ਬਰਿਕਸ ਸਿਖਰ ਸੰਮੇਲਨ ਦਾ ਸਾਂਝਾ ਬਿਆਨ ਜਾਰੀ ਕਰਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਅਤੇ ਚੀਨੀ ਰਾਸ਼ਟਰਪਤੀ ਆਪਣੀ ਨਿਰਧਾਰਤ ਸੀਟਾਂ 'ਤੇ ਬੈਠਣ ਤੋਂ ਪਹਿਲਾਂ ਗੱਲਬਾਤ ਕਰਦੇ ਦੇਖੇ ਗਏ। ਨਾਲ ਹੀ ਸੰਬੋਧਨ ਤੋਂ ਬਾਅਦ ਦੋਵਾਂ ਨੇਤਾਵਾਂ ਨੂੰ ਸਟੇਜ 'ਤੇ ਹੱਥ ਮਿਲਾਉਂਦੇ ਹੋਏ ਦੇਖਿਆ ਗਿਆ।ਬਾਅਦ 'ਚ ਭਾਰਤ ਦੇ ਵਿਦੇਸ਼ ਸਕੱਤਰ ਵਿਨੈ ਕਵਾਤਰਾ ਨੇ ਕਿਹਾ- ਮੋਦੀ ਅਤੇ ਜਿਨਪਿੰਗ ਨੇ ਇਸ ਗੱਲ 'ਤੇ ਸਹਿਮਤੀ ਜਤਾਈ ਹੈ ਕਿ ਲੱਦਾਖ 'ਚ ਫੌਜੀ ਤਾਇਨਾਤੀ ਨੂੰ ਘੱਟ ਕੀਤਾ ਜਾਵੇਗਾ ਅਤੇ ਤਣਾਅ ਨੂੰ ਘੱਟ ਕੀਤਾ ਜਾਵੇਗਾ। ਇਸ ਬਾਰੇ ਗੱਲ ਕਰ ਰਹੇ ਦੋਵਾਂ ਦੇਸ਼ਾਂ ਦੇ ਅਧਿਕਾਰੀਆਂ ਨੂੰ ਪ੍ਰਕਿਰਿਆ ਤੇਜ਼ ਕਰਨ ਲਈ ਕਿਹਾ ਜਾਵੇਗਾ। ਵਿਦੇਸ਼ ਸਕੱਤਰ ਨੇ ਅੱਗੇ ਕਿਹਾ- ਜਿਨਪਿੰਗ ਨਾਲ ਗੱਲਬਾਤ ਦੌਰਾਨ ਪ੍ਰਧਾਨ ਮੰਤਰੀ ਨੇ ਅਸਲ ਕੰਟਰੋਲ ਰੇਖਾ ਦੇ ਅਣਸੁਲਝੇ ਮੁੱਦੇ ਨੂੰ ਉਠਾਇਆ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਹੱਦ 'ਤੇ ਸ਼ਾਂਤੀ ਜ਼ਰੂਰੀ ਹੈ ਤਾਂ ਜੋ ਦੋਵਾਂ ਦੇਸ਼ਾਂ ਵਿਚਾਲੇ ਸਬੰਧ ਆਮ ਵਾਂਗ ਬਣੇ ਰਹਿਣ।


HMP CUSTOM CABINETS
SPECIALIST IN CUSTOM KITCHEN, BARS, WASHROOM VANITY, CLOSET & ALL COMMERCIAL MIL WORK
BUILT GARAGE, GARAGE DOOR INSTALL, NEW HOUSES FARMING, OLD HOUSE EXTENSION & ANY OTHER ADD ON CONSTRUCTION WORK, BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

SSSS IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY FOR STUDENTS & POST GRADUATE WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

STANCE PHYSIO CHIRO & MASSAGE
Psychological/Mental Health Counselling Available
ਫਿਜੀਓਥੈਰਪੀ ਦੀਆਂ ਬੇਹਤਰੀਨ ਸੇਵਾਵਾਂ ਲਈ ਯਾਦ ਰੱਖੋ
ਸਾਇਕੋਲੌਜੀਕਲ / ਮੈਂਟਲ ਹੈਲਥ ਕੌਂਸਲਿੰਗ ਵੀ ਕੀਤੀ ਜਾਂਦੀ ਹੈ
ਅਸੀਂ ਪੰਜਾਬੀ, ਹਿੰਦੀ,ਉਰਦੂ ਅਤੇ ਅੰਗਰੇਜ਼ੀ ਬੋਲਦੇ ਹਾਂ
• Massage Therapy, Acupuncture/Dry Needling
• Manual Therapy Exercise Prescription
• Pain management post injury, arthritis, sprain/strain etc.
• Post MVA (Motor Vehicle Accident) recovery I WCB I PVT Insurance.
• Postural Correction & management.
• Neuro Muscular dysfunction • Post Stroke Rehabilitation
• Pelvic Floor dysfunction • Temporomandibular Joint (TMJ)
www.stancephysio.com
Ph: +1(825)513-0151 Address: 470, 10980 38St NE AB Calgary

Trips Booker TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in: • Airline Tickets • Tour Packages • Cruises • Travel Insurance • Super Visa Medical Insurance (Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ • ਏਅਰਲਾਈਨਜ਼ ਟਿਕਟ • ਟੂਰ ਪੈਕੇਜ਼ • ਕਰੂਜਜ • ਟਰੈਵਲ ਇੰਸ਼ੋਰੈਂਸ • ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ • (ਮੰਥਲੀ ਪੇਮੈਂਟ ਪਲੈਨਜ)
3650 Westwinds Drive NE, Suite #105, Calgary AB T3J 0W9
E-mail:reservation@Tripsbooker.ca www.Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

ਤੁਹਾਡੀ ਤਸੱਲੀ ਦੀ ਸਾਡੀ ਗਾਰੰਟੀ ਐ
ਸਾਥੋਂ ਖਰੀਦੇ ਘਰ ਦਾ ਇੱਕ ਸਾਲ ਦੇ ਅੰਦਰ ਕੋਈ ਵੀ ਅਪਲਾਈਂਸ ਜਾਂ ਹੀਟ ਸਿਸਟਮ ਖਰਾਬ ਹੋ ਜਾਵੇ ਅਸੀਂ ਰਿਪੇਅਰ ਕਰਕੇ ਦੇਵਾਂਗੇ।*
ਜੇਕਰ ਤੁਹਾਡਾ ਘਰ 88 ਦਿਨ ਵਿੱਚ ਨਾ ਵਿਕਿਆ ਤਾਂ ਅਸੀਂ ਉਸ ਤੋਂ ਬਾਦ ਬਿਨਾ ਕਿਸੇ ਫੀਸ ਦੇ ਵੇਚਾਂਗੇ **
COLDWELL BANKER MOUNTAIN CENTRAL
ANDY BHALLA
Real Estate Agent
Residential, Commercial, Property Management and Rural
18 Months Satisfaction Guarantee with Every Purchase
Your Home Sold Guaranteed in 88 days or I will sell it for Free !!**
Satisfaction Guaranteed- One year warranty on any home purchase with us
andybhalla@coldwellbanker.ca
www.homelistingscalgary.com
6420 6A ST SE Calgary AB T2H2B7
403-899-7171

ਹੁਣ ਨਵੀਆਂ ਲਾਟਾਂ ਵੇਚ ਰਹੇ ਹਾਂ
ਹਾਈ $400S ਤੋਂ ਘਰ ਸ਼ੁਰੂ ਹਨ
DAWSON'S LANDING CHESTERMERE
A QUALICO COMMUNITY
2 ਮੁਕੰਮਲ ਸਟੋਰਮ ਵਾਟਰ kidney™ ਪਥਵੇਅ ਏਰੀਆ
ਕੈਲਗਰੀ ਡਾਊਨਟਾਊਨ ਜਾਣ ਲਈ ਹਾਈ ਵੇਅ 1 ਨਾਲ ਜੁੜਦਾ ਰਸਤਾ
ਮਾਲਕ ਐਸੋਸੀਏਸ਼ਨ ਘਰ ਦੀਆਂ ਕਦਰਾਂ-ਕੀਮਤਾਂ ਨੂੰ ਸੁਰੱਖਿਅਤ ਰੱਖਦੀ ਹੈ
ਪਹਿਲਾ ਖੇਡ ਗਰਾਂਊਂਡ ਹੁਣ ਤਿਆਰ ਹੈ
ਚੈਸਟਰਮੇਰ ਸ਼ਹਿਰ ਵਿੱਚ ਝੀਲ ਦੇ ਕਿਨਾਰੇ ਡਾਸਨ ਲੈਂਡਿੰਗ,ਵਧ ਰਹੇ ਪਰਿਵਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ,ਜਿੱਥੇ ਵਧਣ ਲਈ ਜਗ੍ਹਾ, ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ,ਸਕੂਲਾਂ,ਪਾਰਕਾਂ,ਖਰੀਦਦਾਰੀ,ਅਤੇ ਹੋਰ ਬਹੁਤ ਕੁੱਝ ਤੱਕ ਪਹੁੰਚ ਪ੍ਰਦਾਨ ਕਰਦੀ ਹੈ। ਕੈਲਗਰੀ ਖੇਤਰ ਵਿੱਚ ਕੁੱਝ ਸਭ ਤੋਂ ਭਰੋਸੇਮੰਦ ਬਿਲਡਰਾਂ ਦੁਆਰਾ ਬਣਾਈਆਂ ਗਈਆਂ ਘਰੇਲੂ ਸ਼ੈਲੀਆਂ ਦੀ ਇੱਕ ਰੇਂਜ ਦੇ ਨਾਲ ਅਤੇ ਸੁੰਦਰ ਚੈਸਟਰਮੇਰ ਝੀਲ ਤੋਂ ਕੁੱਝ ਮਿੰਟਾਂ ਵਿੱਚ ਸਥਿੱਤ, ਡਾਸਨਜ਼ ਲੈਂਡਿੰਗ ਇੱਕ ਅਜਿਹਾ ਭਾਈਚਾਰਾ ਹੈ ਜਿਸਨੂੰ ਤੁਸੀਂ ਘਰ ਬੁਲਾਉਣ ਵਿੱਚ ਮਾਣ ਮਹਿਸੂਸ ਕਰੋਗੇ।
ਫਰੰਟ ਗੈਰਾਜ ਡੁਪਲੈਕਸ
ਫਰੰਟ ਗੈਰਾਜ ਵਾਲੇ ਘਰ
ਲੇਨ ਡੁਪਲੈਕਸ
ਲੇਨ ਹੋਮ
NUVISTA HOMES • BROADVIEW HOMES • TRUMAN HOMES
MORRISON HOMES • TRICO HOMES • STERLING HOMES
RESERVE YOUR LOT TODAY!
Contact Us at: 403-801-1340
customercare@qualicocommunities.com
liveindawsonslanding.ca
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QualicoCommunitiesCalgary.com
QUALICO communities

# ਗੱਲ ਘਰ ਘਰ ਦੀ

## ਕੈਲਗਰੀ ਬਾਇਰਜ਼ ਮਾਰਕਿਟ ਬਣਨ ਤੋਂ ਅਜੇ ਕਾਫੀ ਦੂਰ ਹੈ




ਰੀਅਲ ਇਸਟੇਟ ਦੀ ਦੁਨੀਆ ਵਿੱਚ 'ਬਾਇਰਜ਼ ਮਾਰਕਿਟ', ਸਧਾਰਣ ਭਾਸ਼ਾ ਵਿੱਚ ਉਸ ਸਥਿਤੀ ਨੂੰ ਕਹਿੰਦੇ ਹਨ ਜਦੋਂ ਘਰ ਖ਼ਰੀਦਣ ਵੇਲੇ ਖ਼ਰੀਦਾਰ ਦੀ ਗੱਲ ਮੰਨੀ ਜਾਵੇ ਜਾਂ ਉਸ ਦੀ ਚੱਲੇ। 'ਸੈਲਰਜ਼ ਮਾਰਕਿਟ' ਵਿੱਚ ਘਰ ਵੇਚਣ ਵਾਲੇ ਦੀ ਮਰਜ਼ੀ ਚੱਲਦੀ ਹੈ। ਕੈਲਗਰੀ ਅੱਜਕੱਲ ਸੈਲਰਜ਼ ਮਾਰਕਿਟ ਦੇ ਘੇਰੇ ਵਿੱਚ ਹੈ। ਵਿਆਜ ਦਰਾਂ ਬਹੁਤ ਵਧੀਆਂ ਹੋਈਆਂ ਹਨ, ਜਿਸ ਕਰਕੇ ਲੋਨ (ਕਰਜ਼ਾ) ਲੈਣ ਦੀ ਸ਼ਕਤੀ ਘਟ ਗਈ ਹੈ; ਲੋਕਾਂ ਦਾ ਮੌਰਗੇਜ ਸਟ੍ਰੈਸ ਟੈਸਟ ਔਖਾ ਹੋ ਗਿਆ ਹੈ, ਭਾਵ ਉਹਨਾਂ ਦੀ ਖ਼ਰੀਦ ਸ਼ਕਤੀ ਵੀ ਘਟ ਗਈ ਹੈ...ਤੇ ਤਾਕਤ ਵਧ ਗਈ ਹੈ ਵੇਚਣ ਵਾਲੇ ਦੀ। ਉਸ ਨੇ ਕਿਰਾਏ ਵਧਾ ਦਿੱਤੇ ਹਨ।

ਕੈਲਗਰੀ ਦੇ ਕਾਲਜਾਂ-ਯੂਨਿਵਰਸਿਟੀਆਂ ਵਿੱਚ ਪੜ੍ਹਣ ਆਉਣ ਵਾਲਿਆਂ ਦੀ ਪਰੇਸ਼ਾਨੀਆਂ ਵਧ ਗਈਆਂ ਹਨ। ਘਰ ਮਾਲਕਾਂ ਨੇ ਆਪਣੇ 'ਤੇ ਪਿਆ ਸਾਰਾ ਬੋਝ ਕਿਰਾਏਦਾਰਾਂ 'ਤੇ ਪਾ ਦਿੱਤਾ ਹੈ। ਇਹ ਨਵਾਂ ਵਰਤਾਰਾ ਨਹੀਂ ਹੈ, ਪਹਿਲੀ ਤੇ ਆਖ਼ਰੀ ਵਾਰ ਨਹੀਂ ਹੈ, ਅਰਥਸ਼ਾਸਤਰ ਦਾ ਨਿਯਮ ਹੈ ਜਿਹੜਾ ਲਾਗੂ ਹੋ ਗਿਆ ਹੈ। ਸਾਡੀਆਂ ਫੈਡਰਲ, ਸੂਬਾਈ ਤੇ ਮਿਉਨਿਸਪਲ ਸਰਕਾਰਾਂ ਦੀ ਨਾਲਾਇਕੀ ਨੇ ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਦੇ ਸੁਫਨਿਆਂ 'ਤੇ ਸੱਟ ਮਾਰੀ ਹੈ।

ਬ੍ਰਿਟਿਸ਼ ਕੋਲੰਬੀਆ ਤੇ ਓਂਟੈਰੀਓ ਵਿੱਚ ਮੌਰਗੇਜ ਹਾਸਲ ਕਰਨ ਦੇ ਕਥਿਤ ਗ਼ਲਤ ਢੰਗਾਂ ਨੇ ਉਥੋਂ ਦੇ ਘਰ ਮਾਲਕਾਂ ਨੂੰ ਕੁੜਿੱਕੀ ਵਿੱਚ ਫਸਾਇਆ ਹੋਇਆ ਹੈ। ਘਰਾਂ ਦੀ ਕੀਮਤ ਘਟਾਉਣ ਦੇ ਫੈਡਰਲ ਸਰਕਾਰ ਅਤੇ ਬੈਂਕ ਔਫ਼ ਕੈਨੇਡਾ ਦੇ 'ਹਥਕੰਡੇ' ਕਾਮਯਾਬ ਨਹੀਂ ਹੋਏ ਹਨ। ਇਮਿਗ੍ਰੇਸ਼ਨ ਦੇ ਬੂਹੇ ਪੁੱਟੇ ਗਏ ਹਨ ਤੇ ਕਾਲਜਾਂ ਤੇ ਯੂਨਿਵਰਸਿਟੀਆਂ ਦੇ ਭੁੱਖੇ ਢਿੱਡ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਜੇਬਾਂ ਵੱਲ ਜੀਭਾਂ ਲਟਕਾ ਕੇ ਵੇਖ ਰਹੇ ਹਨ...ਅਜਿਹੇ ਵਿੱਚ ਘਰ ਦੀ ਖ਼ਰੀਦ ਕਰਨਾ ਔਖਾ ਹੋ ਗਿਆ ਹੈ।

ਮੇਰੀ ਸਲਾਹ ਹੈ ਕਿ ਜੇ ਤੁਸੀਂ ਖ਼ਰੀਦਣ ਲਈ ਘਰ ਲੱਭ ਰਹੇ ਹੋ ਤੁਹਾਨੂੰ ਪਰੇਸ਼ਾਨ ਹੋਣ ਦੀ ਲੋੜ ਨਹੀਂ...ਫੋਨ ਕਰਨ ਦੀ ਲੋੜ ਹੈ। ਆਪਣੇ ਬਜਟ ਅਤੇ ਆਪਣੀਆਂ ਜ਼ਰੂਰਤਾਂ ਦੀ ਪਛਾਣ ਕਰਕੇ ਮੇਰੇ ਨਾਲ ਸੰਪਰਕ ਕਰੋ...ਮੌਰਗੇਜ ਦੀ ਦਿੱਕਤ ਹੈ ਤਾਂ ਵੀ ਦੱਸੋ...ਕੋਈ ਕਾਨੂੰਨੀ ਰਸਤਾ ਲੱਭ ਕੇ ਤੁਸੀਂ ਵੀ ਸੁਫ਼ਨਿਆਂ ਦੇ ਆਪਣੇ ਘਰ ਦੇ ਮਾਲਕ ਬਣ ਸਕਦੇ ਹੋ!

-ਅਮੂ ਨਾਗਰ




ਮਲਟੀਕਲਚਰਲ ਸੀਨੀਅਰਜ਼ ਸੋਸਾਇਟੀ ਆਫ ਅਲਬਰਟਾ ਵੱਲੋਂ ਭਾਰਤ ਦਾ ਆਜ਼ਾਦੀ ਦਿਹਾੜਾ ਕੈਲਗਰੀ ਵਿਖੇ ਮਨਾਇਆ ਗਿਆ

# ਸਾਊਥ ਏਸ਼ੀਅਨ ਕਮਿਓਨਿਟੀ ਐਸੋਸੀਏਸ਼ਨ ਦੀਆਂ ਅਗਸਤ ਮਹੀਨੇ ਦੀਆਂ ਗਤੀਵਿਧੀਆਂ ਇਸ ਪ੍ਰਕਾਰ ਰਹੀਆਂ









ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿਖੇ ਲੰਮੇ ਅਰਸੇ ਤੋਂ ਸਰਗਰਮ ਸਾਊਥ ਏਸੀਅਨ ਕਮਿਓਨਿਟੀ ਐਸੋਸੀਏਸ਼ਨ ਵੱਲੋਂ ਪ੍ਰਧਾਨ ਸੈਮ ਸਹੋਤਾ ਦੀ ਪ੍ਰਧਾਨਗੀ ਹੇਠ ਅਗਸਤ ਮਹੀਨੇ ਦੌਰਾਨ ਆਪਣੇ ਰੁਝੇਵਿਆਂ ਦਾ ਵਰਨਣ ਤਰਾਂ ਕੀਤਾ ਗਿਆ ਹੈ। 5 ਅਗਸਤ 2023 ਵਾਲੇ ਦਿਨ ਪ੍ਰੇਰੀਵਿੰਡ ਪਾਰਕ ਵਿਖੇ ਸੰਸਥਾ ਦੇ ਮੈਂਬਰਾਂ ਦੇ ਜਨਮ ਦਿਨ ਮਨਾਏ ਗਏ। ਕੇਕ ਕੱਟਣ ਦੀ ਰਸਮ ਦੌਰਾਨ ਸੰਸਥਾ ਦੇ ਸੀਨੀਅਰ ਮੀਤ ਪ੍ਰਧਾਨ ਸ: ਹਰਦੀਪ ਸਿੰਘ ਸਿੱਧੂ ਨੇ ਸਾਰਿਆਂ ਨੂੰ ਜਨਮਦਿਨ ਮੁਬਾਰਕ ਆਖਿਆ ਅਤੇ ਸਿਹਤ ਦੀ ਤੰਦਰੁਸਤੀ ਦੀ ਕਾਮਨਾ ਕੀਤੀ। 15 ਅਗਸਤ ਵਾਲੇ ਦਿਨ ਭਾਰਤ ਦਾ ਆਜਾਦੀ ਦਿਹਾੜਾ ਸੰਸਥਾ ਦੇ ਦਫਤਰ ਵਿਖੇ ਹੀ ਮਨਾਇਆ ਗਿਆ। ਭਾਰਤ ਦੇ ਰਾਸਟਰੀ ਗੀਤ ਉਪਰੰਤ ਓ ਕਨੇਡਾ ਦਾ ਗਾਇਨ ਵੀ ਕੀਤਾ ਗਿਆ।ਮਹਿੰਦਰ ਸਿੰਘ ਮੁੰਡੀ ਅਤੇ ਲਲਿਤਾ ਜੀ ਨੇ ਭਾਰਤੀ ਆਜਾਦੀ ਬਾਰੇ ਆਪਣੇ ਵਿਚਾਰ ਰੱਖੇ। ਸੁਰਿੰਦਰ ਕੌਰ ਸੰਧੂ,ਸੁਰਜੀਤ ਸਿੰਘ ਨਾਗਰਾ, ਸੁਰਿੰਦਰ ਕੌਰ ਕੈਂਥ,ਬਲਵਿੰਦਰ ਸਿੰਘ ਵਿਰਦੀ, ਰਵੀ ,ਮੁਖਤਿਆਰ ਢਿੱਲੋਂ, ਸਰਬਜੀਤ ਕੌਰ ਉੱਪਲ, ਮੁਖਤਿਆਰ ਕੌਰ ਧਾਲੀਵਾਲ, ਅਮਰਜੀਤ ਕੌਰ ਗਰੇਵਾਲ,ਹਰਜੀਤ ਕੌਰ ਜੌਹਲ,ਨੇ ਆਪੋ ਆਪਣੀ ਕਲਾ ਦਾ ਵਿਖਾਵਾ ਕੀਤਾ ਅਤੇ ਤੀਆਂ ਦਾ ਤਿਉਹਾਰ ਹੋਣ ਕਾਰਣ ਬੋਲੀਆਂ ਅਤੇ ਗਿੱਧੇ ਦਾ ਵੀ ਪਿੜ ਬੰਨ ਸੁੱਟਿਆ। 13 ਅਗਸਤ ਨੂੰ ਦੋ ਬੱਸਾਂ ਪਿਕਨਿਕ ਲਈ ਬੈਂਪ ਨੈਸਨਲ ਪਾਰਕ,ਲੇਕ ਲੂਈਸ ਲਈ ਸੰਸਥਾ ਦੇ ਮੈਂਬਰਾਂ ਨੂੰ ਲੈਕੇ ਰਵਾਨਾ ਹੋਈਆਂ। ਇੱਕ ਬੱਸ ਵਿੱਚ ਔਰਤਾਂ ਅਤੇ ਦੂਸਰੀ ਵਿੱਚ ਮਰਦ ਸਵਾਰ ਸਨ।ਕੁਦਰਤੀ ਵਾਦੀਆਂ ਦਾ ਆਨੰਦ ਮਾਨਣ ਉਪਰੰਤ ਖਾਣਾ ਸੁਚੱਜੇ ਪ੍ਰਬੰਧਾਂ ਹੇਠ ਪ੍ਰਧਾਨ ਸੈਮ ਸਹੋਤਾ ਦੀ ਜਿੰਮੇਬਾਰੀ ਨਾਲ ਤਕਰੀਬਨ 70 ਮੈਂਬਰਾਂ ਨੂੰ ਵਰਤਾਇਆ ਗਿਆ। ਖਾਣੇ ਉਪਰੰਤ ਕੁੱਝ ਕੁ ਤਾਂ ਟੋਲੀਆਂ ਬਣਾਕੇ ਘੁੰਮਣ ਫਿਰਨ ਲਈ ਨਿੱਕਲ ਗਏ ਪਰ ਕੁੱਝ ਕੁ ਨੇ ਤਾਸ਼ ਦੇ ਪੱਤਿਆਂ ਨਾਲ ਮਨ ਪ੍ਰਚਾਵਾ ਕੀਤਾ। ਸੰਸਥਾ ਦੀਆਂ ਮੈਂਬਰ ਔਰਤਾਂ ਨੇ ਤਕਰੀਬਨ ਡੇਢ ਘੰਟਾ ਗਿੱਧੇ ਨਾਲ ਪਹਾੜੀ ਧਰਤੀ ਹਿੱਲਣ ਲਾ ਦਿੱਤੀ। ਲੰਮੀ ਹੇਕ ਵਾਲੇ ਗੀਤ ਪਹਾੜੀਆਂ ਨਾਲ ਟਕਰਾਕੇ ਵਾਪਿਸ ਆ ਰਹੇ ਸਨ। ਜਸਵੰਤ ਸਿੰਘ ਹੀਰ,ਰਵਿੰਦਰਪਾਲ ,ਰਵੀ,ਗੁਰਮੇਲ ਸਿੰਘ ਸੰਧੂ,ਹਰਦੀਪ ਸਿੰਘ ਸਿੱਧੂ,ਮਹਿੰਦਰ ਸਿੰਘ ਮੁੰਡੀ, ਕੁਲਦੀਪ ਗਿੱਲ,ਦਲਬੀਰ ਕੌਰ ਕੰਗ, ਜਗਜੀਤ ਸਿੰਘ ਸੋਹੀ,ਜਸਵੰਤ ਸਿੰਘ ਸਿੱਧੂ,ਨੇ ਆਪੋ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਨਿਭਾਈ। ਵਾਪਿਸੀ ਉਪਰੰਤ ਸਾਰਿਆਂ ਨੇ ਅਗਲੇ ਸਾਲ ਫਿਰ ਮਿਲਣ ਦੇ ਵਾਅਦੇ ਅਤੇ ਇੱਛਾ ਨਾਲ ਆਪੋ ਆਪਣੇ ਘਰਾਂ ਨੂੰ ਵਾਪਿਸੀ ਪਾਈ।


Sidhu Accounting & Financial Services



Accounting Services
Personal Tax Returns
• Corporate Tax Returns
• Computerized Bookkeeping
• T4's
• Record of Employment

Financial Services
• RRSP
• Life Insurance
Term Life
Universal Life
• Critical Illness Insurance
• Segregated Funds

IQBAL SIDHU
(403) 568-2667
ਛੋਟੇ ਵੱਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਲਈ ਅਕਾਉਂਟਿੰਗ ਦੀ ਹਰ ਤਰ੍ਹਾਂ ਦੀ ਸੇਵਾਵਾਂ ਲਈ ਇਕਬਾਲ ਸਿੱਧੂ ਨੂੰ ਕਾਲ ਕਰੋ।
#202, 4656 Weswinds Drive NE. Calgary AB T3J 3Z5





ਦਾਖਲਾ ਸ਼ੁਰੂ ਹੈ
ਖ਼ੁਦ ਕੰਮ ਸਿੱਖਕੇ ਆਪਣੇ ਘਰ ਬੈਠਿਆਂ ਆਪਣਾ ਬਿਜਨਿਸ ਚਲਾਓ
Massage Therapy Diploma:
Your Path to a brighter future!
• A 2-year program designed for your needs
• Flexible schedules available for working people
• Start working from the comfort of your home.
• Become a Registered Massage Therapist and be eligible to join different organizations.
• As an RMT, work in hospitals, spas, fitness centers, or run your own home business
• New batches starting 9th of August 2023
• Average salary of a massage therapist is $38 - $70
• International Student Accepted
GD COLLEGE CALGARY
Refer a student to our program and Get upto $500
Student Loan and Grant options are also available.
Contact Us:
587-349-1110
www.gdcollege.ca | E-mail: info@gdcollege.ca
108-1935 27th Ave NE, Calgary, AB, T2E 4E7



PEEL FINANCIAL
LEASING & FINANCE
Experts in
Commercial & Industrial Finance
Heavy Equipment Tranportation
ਪੀਲ ਫਾਇਨਾਂਸੀਅਲ ਵਾਲੇ ਹੀ ਤੁਹਾਨੂੰ ਬਣਾ ਸਕਦੇ ਨੇ ਹੈਵੀ ਡਿਊਟੀ ਟਰੱਕ ਟ੍ਰੇਲਰ, ਟਰੱਕ ਦੇ ਮਾਲਕ
Jatinder Gill
Jay@peelfinancial.ca
306 880 3869
(Winnipeg)
ਘੱਟ ਰੇਟ ਉੱਪਰ ਕੁਝ ਹੀ ਮਿੰਟਾਂ ਵਿੱਚ ਟਰੱਕ ਲੋਨ ਦੀ ਅਪਰੂਵਲ ਲਵੋ।
Davinder Gill
Lease Account Manager
dave@peelfinancial.ca
306 490 2205



NORTHEAST AUTOMOTIVE



Bring your vehicle into NorthEast Automotive and be on smoother, stress free roads
First Choice for Engine Repair
ਆਪਣੀ ਕਾਰ ਦੀ ਤਸੱਲੀਬਖ਼ਸ਼ ਰਿਪੇਅਰ ਅਤੇ ਇੰਜਣ ਦੇ ਨੰਬਰ 1 ਕੰਮ ਲਈ ਸਾਡੇ ਨਾਲ ਸੰਪਰਕ ਕਰੋ।
Contact:
DEEP
4205-17 Ave SE
Calgary (AB)
Fax: 403 313 9993
Email: deep@neauto.ca
www.neauto.ca Ph. 403-263-1000, 403-250-7038



SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE



NAVDEEP JASWAL
Financial Advisor
403 909 4141



INDIA PALACE
RESTAURANT & SWEETS



ਤੁਹਾਡੇ ਏਰੀਏ ਵਿੱਚ ਈਸਟ ਇੰਡੀਆ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
Lunch Special: 6 Days A Week
ਸਮੋਸਿਆਂ ਦੀ ਹੋਲ ਸੇਲ ਖਰੀਦਦਾਰੀ ਲਈ ਸੰਪਰਕ ਕਰੋ
We do Catering for all Occasions. Call us Advance Booking!
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

## ਸੰਪਾਦਕੀ



ਨਾ ਬਰਾਬਰੀ ਵਾਲੇ ਪ੍ਰਬੰਧ 'ਤੇ ਪ੍ਰਸ਼ਨ ਚਿੰਨ੍ਹ ਜ਼ਰੂਰ ਲੱਗਦਾ ਹੈ।

- ਡੇਵ ਰੈਚਰਟ

# ਪੰਜਾਬੀਆਂ ਦੀ ਸੇਵਾ ਭਾਵਨਾ

ਪੰਜਾਬੀ ਖ਼ਾਸ ਕਰਕੇ ਸਿੱਖਾਂ ਦੀ ਸੇਵਾ ਭਾਵਨਾ ਦੀ ਹਮੇਸ਼ਾ ਹੀ ਪ੍ਰਸੰਸਾ ਹੋਈ ਹੈ। ਹਾਲ ਹੀ ਵਿੱਚ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਜ਼ਾਦੀ ਵਾਲੇ ਦਿਨ ਦੇਸ਼ ਨੂੰ ਸੰਬੋਧਨ ਕੀਤਾ ਤਾਂ ਸਿੱਖਾਂ ਦੀ ਸੇਵਾ ਭਾਵਨਾ ਖ਼ਾਸ ਕਰਕੇ ਲੋੜਵੰਦਾਂ ਨੂੰ ਲੰਗਰ ਛਕਾਉਣ ਦੀ ਪਰੰਪਰਾ ਨੂੰ ਸਲਾਹਿਆ। ਹੁਣ ਪੰਜਾਬ ਵਿੱਚ ਜਿਸ ਢੰਗ ਨਾਲ ਹੜ੍ਹਾਂ ਨੇ ਤਬਾਹੀ ਮਚਾਈ ਹੋਈ ਹੈ ਤਾਂ ਪੰਜਾਬੀ ਖ਼ਾਸ ਕਰਕੇ ਸਿੱਖ ਸੰਸਥਾਵਾਂ ਨੇ ਪੀੜਤ ਲੋਕਾਂ ਦੀ ਮੁਸ਼ਕਲਾਂ ਨੂੰ ਸਮਝਦੇ ਹੋਏ ਸਹਾਇਤਾ ਕੀਤੀ ਹੈ। ਸੂਬੇ ਦੇ ਵੱਖ ਵੱਖ ਜ਼ਿਲ੍ਹਿਆਂ ਵਿੱਚ ਹੜ੍ਹਾਂ ਕਾਰਨ ਸਥਿਤੀ ਚਿੰਤਾਜਨਕ ਬਣੀ ਹੋਈ ਹੈ। ਕਈ ਥਾਵਾਂ 'ਤੇ ਹੜ੍ਹ ਆਉਣ, ਦਰਿਆਵਾਂ ਵਿੱਚ ਪਾਣੀ ਵਧਣ ਅਤੇ ਧੁੱਸੀ ਬੰਨ੍ਹ ਟੁੱਟਣ ਕਾਰਨ ਹਜ਼ਾਰਾਂ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ ਅਤੇ ਲੋਕ ਬੇਘਰ ਹੋਏ ਹਨ। ਇਨ੍ਹਾਂ ਮੁਸ਼ਕਿਲ ਸਮਿਆਂ ਵਿੱਚ ਲੋਕਾਂ ਵਿੱਚ ਇੱਕ-ਦੂਜੇ ਦਾ ਹੱਥ ਵਟਾਉਣ, ਇਕੱਠੇ ਹੋ ਕੇ ਕੰਮ ਕਰਨ ਅਤੇ ਪੀੜਤ ਵਿਅਕਤੀਆਂ ਨੂੰ ਸਹਾਰਾ ਦੇਣ ਦੀਆਂ ਮਿਸਾਲਾਂ ਸਾਹਮਣੇ ਆਈਆਂ ਹਨ। ਕਈ ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਨੇ ਸੇਵਾ ਭਾਵ ਨਾਲ ਕੰਮ ਕੀਤਾ ਹੈ। ਗੁਰਦਾਸਪੁਰ ਵਿੱਚ 3000 ਤੋਂ ਜ਼ਿਆਦਾ ਲੋਕਾਂ ਨੇ ਬੰਨ੍ਹ ਵਿੱਚ ਪਏ 300 ਫੁੱਟ ਦੇ ਪਾੜ ਨੂੰ ਤਿੰਨ ਦਿਨਾਂ ਵਿੱਚ ਪੂਰਿਆ। ਮੁਕੇਰੀਆਂ ਵਿੱਚ ਇੱਕ ਕਿਸਾਨ ਨੇ ਆਪਣੇ ਘਰ ਦੇ ਦਰਵਾਜ਼ੇ ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਲਈ ਖੋਲ੍ਹ ਦਿੱਤੇ ਅਤੇ ਗੁਆਂਢੀਆਂ ਨੇ ਵੀ ਉਸ ਦੀ ਸਹਾਇਤਾ ਕੀਤੀ। ਦੋਆਬੇ, ਮਾਲਵੇ, ਮਾਝੇ, ਸਭ ਥਾਵਾਂ ਤੋਂ ਅਜਿਹੇ ਸਮਾਜਿਕ ਉੱਦਮ ਦੀਆਂ ਖ਼ਬਰਾਂ ਆ ਰਹੀਆਂ ਹਨ। ਇਹ ਪੰਜਾਬੀਆਂ ਦੇ ਮਨਾਂ ਵਿੱਚ ਮੌਜੂਦ ਉੱਦਮ ਅਤੇ ਔਖੇ ਸਮਿਆਂ ਵਿੱਚ ਇੱਕ-ਦੂਜੇ ਦੀ ਬਾਂਹ ਫੜਨ ਦੀ ਭਾਵਨਾ ਹੈ ਜੋ ਉਨ੍ਹਾਂ ਨੂੰ ਨਿਰਾਸ਼ਾ ਤੇ ਦੁੱਖ-ਤਕਲੀਫ਼ਾਂ ਦਾ ਇਕੱਠਿਆਂ ਹੋ ਕੇ ਸਾਹਮਣਾ ਕਰਨ ਦੀ ਪ੍ਰੇਰਨਾ ਦਿੰਦੀ ਹੈ। ਕਿਹਾ ਜਾਂਦਾ ਹੈ ਕਿ ਕਿਸੇ ਸਮਾਜ ਵਿਚਲੀ ਭਾਈਚਾਰਕ ਸਾਂਝ ਦਾ ਪਤਾ ਸੰਕਟ ਆਉਣ 'ਤੇ ਹੀ ਲੱਗਦਾ ਹੈ। ਇਸ ਸਬੰਧ ਵਿੱਚ ਅਸੀਂ ਪੰਜਾਬ ਤੇ ਪੰਜਾਬੀਆਂ 'ਤੇ ਮਾਣ ਕਰ ਸਕਦੇ ਹਾਂ। ਸੰਕਟ ਸਮੇਂ ਉਹ ਸਮਾਜਿਕ, ਆਰਥਿਕ ਤੇ ਸਿਆਸੀ ਵਿਤਕਰਿਆਂ ਨੂੰ ਇੱਕ ਪਾਸੇ ਰੱਖ ਕੇ ਲੋੜਵੰਦਾਂ ਦੀ ਸਹਾਇਤਾ ਲਈ ਇਕੱਠੇ ਹੋ ਜਾਂਦੇ ਹਨ। ਇਸ ਸਬੰਧ ਵਿਚ ਸਰਕਾਰੀ ਸੰਸਥਾਵਾਂ ਭਾਵੇਂ ਪਿੱਛੇ ਰਹਿ ਜਾਣ ਪਰ ਲੋਕ ਪਿੱਛੇ ਨਹੀਂ ਰਹਿੰਦੇ। ਇਸ ਦਾ ਕਾਰਨ ਪੰਜਾਬ ਦਾ ਸਾਂਝੀਵਾਲਤਾ ਤੇ ਸੇਵਾ ਭਾਵ ਵਾਲਾ ਉਹ ਵਿਰਸਾ ਹੈ ਜੋ ਪੰਜਾਬੀਆਂ ਨੂੰ ਸਿੱਖ ਗੁਰੂਆਂ, ਸੂਫ਼ੀ ਸੰਤਾਂ, ਭਗਤਾਂ ਅਤੇ ਨਾਥ-ਜੋਗੀਆਂ ਤੋਂ ਮਿਲਿਆ ਹੈ। ਸਿੱਖ ਧਰਮ ਵਿੱਚ ਸੇਵਾ ਨੂੰ ਉੱਚਤਮ ਮੰਨਿਆ ਗਿਆ ਹੈ। ਲੰਗਰ ਦੀ ਮਹਾਨ ਪਰੰਪਰਾ ਨੇ ਪੰਜਾਬੀਆਂ ਅਤੇ ਸਿੱਖਾਂ ਦਾ ਨਾਮ ਸਾਰੀ ਦੁਨੀਆ ਵਿੱਚ ਰੁਸ਼ਨਾਇਆ ਹੈ। ਸੇਵਾ ਪੰਜਾਬੀਆਂ ਦੀ ਜੀਵਨ ਜਾਚ ਦਾ ਹਿੱਸਾ ਹੈ। ਪੰਜਾਬੀ ਸਦੀਆਂ ਤੋਂ ਇਨ੍ਹਾਂ ਪਰੰਪਰਾਵਾਂ ਨੂੰ ਨਿਭਾਉਂਦੇ ਆਏ ਹਨ ਅਤੇ ਹੁਣ ਵੀ ਨਿਭਾ ਰਹੇ ਹਨ। ਸਰਕਾਰੀ ਏਜੰਸੀਆਂ ਹੜ੍ਹਾਂ ਨਾਲ ਹੋਏ ਨੁਕਸਾਨ ਦੇ ਵੇਰਵੇ ਤਿਆਰ ਕਰ ਰਹੀਆਂ ਹਨ। ਪ੍ਰਭਾਵਿਤ ਲੋਕਾਂ ਨੂੰ ਜਲਦੀ ਤੋਂ ਜਲਦੀ ਰਾਹਤ ਪਹੁੰਚਾਏ ਜਾਣ ਦੀ ਲੋੜ ਹੈ। ਪੰਜਾਬ ਸਰਕਾਰ ਨੂੰ ਇਸ ਸਬੰਧ ਵਿੱਚ ਤੇਜ਼ੀ ਨਾਲ ਕਦਮ ਚੁੱਕਣੇ ਚਾਹੀਦੇ ਹਨ। ਸਮਾਜਿਕ, ਵਪਾਰਕ, ਕਾਰੋਬਾਰੀ ਤੇ ਧਾਰਮਿਕ ਜਥੇਬੰਦੀਆਂ ਦੇ ਸਹਿਯੋਗ ਨਾਲ ਸਭ ਨੂੰ ਰਲ ਕੇ ਹੰਭਲਾ ਮਾਰਨ ਦੀ ਜ਼ਰੂਰਤ ਹੈ। ਸਰਕਾਰੀ ਏਜੰਸੀਆਂ ਨੂੰ ਚਾਹੀਦਾ ਹੈ ਕਿ ਪ੍ਰਭਾਵਿਤ ਇਲਾਕਿਆਂ ਵਿੱਚ ਮੁੜ ਵਸੇਬੇ ਲਈ ਵਿਉਂਤਬੰਦੀ ਕਰਦਿਆਂ ਆਪਣਾ ਧਿਆਨ ਇਲਾਕਿਆਂ ਦੀਆਂ ਲੋੜਾਂ 'ਤੇ ਕੇਂਦਰਿਤ ਕਰਨ ਅਤੇ ਇਸ ਲਈ ਲੋੜੀਂਦੀ ਰਾਹਤ ਰਾਸ਼ੀ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਸਹਾਇਤਾ ਲੈਣ ਲਈ ਕਹੇ ਜਾਣ ਸਮੇਂ ਇਹ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ ਕਿ ਉਸ ਵਿਚ ਲੋੜੀਂਦੀ ਜਾਣਕਾਰੀ ਅਤੇ ਵੇਰਵੇ ਦਿੱਤੇ ਗਏ ਹੋਣ। ਸਭ ਤੋਂ ਜ਼ਿਆਦਾ ਤਰਜੀਹ ਪ੍ਰਭਾਵਿਤ ਲੋਕਾਂ ਨੂੰ ਸੁਰੱਖਿਅਤ ਰੱਖਣ ਦੀ ਹੈ। ਕਈ ਥਾਵਾਂ 'ਤੇ ਮੈਡੀਕਲ ਕੈਂਪ ਲਾਏ ਗਏ ਹਨ ਪਰ ਇਨ੍ਹਾਂ ਯਤਨਾਂ ਨੂੰ ਹੋਰ ਵੱਡੇ ਪੱਧਰ 'ਤੇ ਕੀਤਾ ਜਾਣਾ ਚਾਹੀਦਾ ਹੈ। ਸੇਵਾ ਭਾਵਨਾ ਸਾਨੂੰ ਨਿਰਾਸ਼ਾ ਵਿਰੁੱਧ ਲੜਨ ਦਾ ਬਲ ਬਖ਼ਸ਼ਦੀ ਹੈ। ਇਸ ਸਮੇਂ ਵੀ ਪੰਜਾਬੀ ਸਮਾਜ ਦਾ ਇਹ ਸਕਾਰਾਤਮਕ ਪੱਖ ਦਿਲ ਵਿੱਚ ਉਤਸ਼ਾਹ ਪੈਦਾ ਕਰਨ ਵਾਲਾ ਹੈ। ਲੋਕਾਂ ਦੀ ਸੇਵਾ ਭਾਵਨਾ ਦੇ ਨਾਲ ਨਾਲ ਸਰਕਾਰਾਂ ਨੂੰ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣੀ ਚਾਹੀਦੀ ਹੈ। ਹੁਣ ਵੱਡੀ ਪੱਧਰ 'ਤੇ ਕੰਮ ਸਰਕਾਰਾਂ ਅਤੇ ਸਰਕਾਰੀ ਏਜੰਸੀਆਂ ਨੇ ਕਰਨਾ ਹੈ। ਇਸ ਸਬੰਧ ਵਿਚ ਕੇਂਦਰ ਤੇ ਸੂਬਾ ਸਰਕਾਰਾਂ ਨੂੰ ਮਿਲ ਕੇ ਕੰਮ ਕਰਨ ਦੀ ਜ਼ਰੂਰਤ ਹੈ।

**ਸੁਖਜਿੰਦਰ ਸਮਰਾ**
ਮੋ. 1 780 300 2000

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

- ਸੰਪਾਦਕ

# ਪੰਜਾਬ ਦੇ ਹਿੱਤ ਵਿੱਚ ਨਹੀਂ ਹੈ ਰਾਸ਼ਟਰਪਤੀ ਰਾਜ



ਗੁਰਮੀਤ ਸਿੰਘ ਪਲਾਹੀ

**ਆਖ਼ਿਰ ਸੰਵਿਧਾਨ ਦੀ ਧਾਰਾ 356 ਹੈ ਕੀ? ਇਸਦੀ ਵਰਤੋਂ ਰਾਸ਼ਟਰਪਤੀ ਕਿਹਨਾ ਹਾਲਤਾਂ 'ਚ ਕਰ ਸਕਦਾ ਹੈ। ਸੰਵਿਧਾਨ ਇਸ ਦੀ ਵਿਆਖਿਆ ਕਰਦਾ ਹੈ। ਸੰਵਿਧਾਨ 'ਚ ਦਰਜ਼ ਹੈ ਕਿ ਜੇਕਰ ਵਿਧਾਨ ਸਭਾ ਵਿੱਚ ਰਾਜ ਕਰਦੀ ਪਾਰਟੀ ਆਪਣਾ ਬਹੁਮਤ ਸਾਬਤ ਨਾ ਕਰ ਸਕੇ, ਜਾਂ ਸੂਬੇ ਵਿੱਚ ਹੰਗਾਮੀ ਸਥਿਤੀ ਹੋਵੇ, ਵਿਧਾਨ ਸਭਾ ਨੇ ਪੰਜ ਸਾਲ ਪੂਰੇ ਕਰ ਲਏ ਹੋਣ ਅਤੇ ਚੋਣਾਂ ਨਾ ਹੋ ਸਕਦੀਆਂ ਹੋਣ ਤਾਂ ਇਸ ਧਾਰਾ ਦੀ ਵਰਤੋਂ ਰਾਸ਼ਟਰਪਤੀ ਕਰ ਸਕਦਾ ਹੈ। ਰਾਸ਼ਟਰਪਤੀ ਉਸ ਹਾਲਤ ਵਿੱਚ ਵੀ ਇਸ ਦੀ ਵਰਤੋਂ ਕਰ ਸਕਦਾ ਹੈ ਕਿ ਜਦੋਂ ਸਦਨ ਭਾਵ ਵਿਧਾਨ ਸਭਾ 'ਚ ਰਾਜ ਕਰਦੀ ਪਾਰਟੀ ਦਾ ਬਹੁਮਤ ਅੰਕੜਾ ਹਿੱਲ ਜਾਏ ਜਾਂ ਰਾਜਪਾਲ ਇਹ ਮਹਿਸੂਸ ਕਰੇ ਕਿ ਸੂਬੇ 'ਚ ਰਾਜ ਕਰਦੀ ਪਾਰਟੀ ਸੰਵਿਧਾਨ ਦੇ ਨਿਯਮਾਂ ਮੁਤਾਬਿਕ ਕੰਮ ਨਹੀਂ ਕਰਦੀ ਅਤੇ ਜਾਂ ਸੰਵਿਧਾਨ ਦੇ ਮੂਲ ਭਾਵਨਾ ਦੀ ਅਣਦੇਖੀ ਕਰ ਰਹੀ ਹੈ ਤਾਂ ਰਾਸ਼ਟਰਪਤੀ, ਰਾਜਪਾਲ ਦੀ ਸਿਫਾਰਸ਼ ਉਤੇ ਰਾਸ਼ਟਰਪਤੀ ਰਾਜ ਲਾਗੂ ਕਰ ਸਕਦਾ ਹੈ। ਪਰ 356 ਧਾਰਾ ਦੇ ਨਾਲ ਸੰਵਿਧਾਨ ਦੀ ਧਾਰਾ 355 ਵੀ ਪੜ੍ਹਨੀ ਪਵੇਗੀ ਜਿਸ ਵਿੱਚ ਦਰਜ਼ ਹੈ ਕਿ ਰਾਸ਼ਟਰਪਤੀ ਜੇਕਰ ਮਹਿਸੂਸ ਕਰੇ ਕਿ ਕਿਸੇ ਰਾਜ ਵਿੱਚ ਕਾਨੂੰਨ ਵਿਵਸਥਾ ਫੇਲ੍ਹ ਹੋ ਰਹੀ ਹੈ, ਸਰਕਾਰ ਲੋਕਾਂ ਦੀ ਜਾਨਮਾਲ ਦੀ ਰਾਖੀ ਕਰਨ ਤੋਂ ਅਸਮਰੱਥ ਹੈ ਤਾਂ ਉਥੇ ਰਾਜਪਾਲ/ ਰਾਸ਼ਟਰਪਤੀ ਰਾਜ ਲਗਾਇਆ ਜਾ ਸਕਦਾ ਹੈ।**

ਦੇਸ਼ ਭਾਰਤ ਦਾ ਸੂਬਾ ਪੰਜਾਬ, ਸੰਵਿਧਾਨਿਕ ਗੋਤੇ ਖਾ ਰਿਹਾ ਹੈ। ਇੱਕ ਪਾਸੇ ਪੰਜਾਬ ਦੇ ਸੰਵਿਧਾਨਿਕ ਮੁੱਖੀ ਰਾਜਪਾਲ ਬਨਵਾਰੀ ਲਾਲ ਪਰੋਹਿਤ ਦੇ ਖਤ ਹਨ, ਰਾਸ਼ਟਰਪਤੀ ਰਾਜ ਸੂਬੇ 'ਚ ਲਾਉਣ ਦੀਆਂ ਧਮਕੀਆਂ ਹਨ,ਦੂਜੇ ਪਾਸੇ ਚੁਣੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਦੇ ਤਿੱਖੇ ਜਵਾਬ ਹਨ। ਸੂਬੇ ਦੀ ਅਫ਼ਸਰਸ਼ਾਹੀ ਮੁਸਕਰੀਏ ਹੱਸ ਰਹੀ ਹੈ। ਪੰਜਾਬ ਦੇ ਲੋਕ, ਪ੍ਰੇਸ਼ਾਨ ਹਨ। ਸੋਚਦੇ ਹਨ ਕਿ ਪੰਜਾਬ 'ਚ ਰਾਸ਼ਟਰਪਤੀ ਦਾ ਰਾਜ ਉਹਨਾ ਨੂੰ ਕਦੇ ਵੀ ਰਾਸ ਨਹੀਂ ਆਇਆ ਅਤੇ ਨਾ ਕਦੇ ਆਵੇਗਾ। ਸੂਝਵਾਨ ਲੋਕਾਂ ਦਾ ਵਿਚਾਰ ਹੈ ਪੰਜਾਬ 'ਚ ਰਾਸ਼ਟਰਪਤੀ ਰਾਜ ਪੰਜਾਬ ਦੇ ਹਿੱਤ 'ਚ ਨਹੀਂ ਹੈ।

ਸੱਤਾ ਦੀ ਲਾਲਸਾ, ਸੱਤਾ ਦੀ ਦੌੜ, ਪੰਜਾਬ ਨੂੰ ਹਥਿਆਉਣ ਦੀਆਂ ਕੋਸ਼ਿਸ਼ਾਂ, ਪੰਜਾਬ ਦੇ ਸਿਆਸੀ ਮਾਹੌਲ ਨੂੰ ਤਾਂ ਲਾਂਬੂ ਲਾ ਹੀ ਰਹੀਆਂ ਹਨ, ਪਰ ਪੰਜਾਬ ਦੇ ਲੋਕਾਂ ਅੱਗੇ ਵੱਡਾ ਸਵਾਲ ਖੜਾ ਕਰ ਰਹੀਆਂ ਹਨ ਕਿ ਪਹਿਲਾਂ ਹੀ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਪੰਜਾਬ ਨੂੰ, ਆਖ਼ਰ ਕਿਹੜੇ ਰਾਹ ਤੋਰਨਾ ਚਾਹੁੰਦੇ ਹਨ ਸਿਆਸੀ ਆਗੂ? ਆਏ ਦਿਨ ਪੰਜਾਬ ਲਈ ਕੋਈ ਨਾ ਕੋਈ ਝੱਖੜ ਝੁਲਦਾ ਹੈ, ਕਦੇ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ 'ਚ ਲਿਆਕੇ ਸਾਜ਼ਿਸ਼ਾਂ ਦਾ ਦੌਰ ਚਲਾਇਆ ਜਾਂਦਾ ਹੈ ਅਤੇ ਕਦੇ ਗੈਂਗਸਟਾਰਾਂ ਰਾਹੀਂ ਕਲਾਕਾਰਾਂ, ਕੱਬਡੀ ਖਿਡਾਰੀਆਂ ਦੇ ਕਤਲਾਂ ਦੀ ਗੱਲ ਪੰਜਾਬ ਦੇ ਮਾਹੌਲ ਨੂੰ ਖਰਾਬ ਕਰਦੀ ਹੈ।

ਮੁੱਖ ਮੰਤਰੀ ਤੇ ਰਾਜਪਾਲ ਵਿਚਕਾਰ ਤਕਰਾਰ ਅਤੇ ਟਕਰਾਅ ਮੰਦਭਾਗਾ ਹੈ ਅਤੇ ਬੇਲੋੜਾ ਵੀ ਹੈ। ਪੰਜਾਬ ਦੇ ਰਾਜਪਾਲ ਆਖਦੇ ਹਨ ਕਿ ਉਹਨਾ ਨੇ ਮੁੱਖ ਮੰਤਰੀ ਪੰਜਾਬ ਨੂੰ 16 ਖਤ ਲਿਖੇ ਹਨ, ਪਰ ਜਵਾਬ ਕੋਈ ਨਹੀਂ ਮਿਲਿਆ। ਮੁੱਖ ਮੰਤਰੀ ਆਖਦੇ ਹਨ ਕਿ ਉਹਨਾ ਦੀ ਸਰਕਾਰ ਵਲੋਂ ਰਾਜਪਾਲ ਪੰਜਾਬ ਨੂੰ 6 ਬਿੱਲ ਪਾਸ ਕਰਨ ਲਈ ਭੇਜੇ ਹਨ, ਉਹ ਪ੍ਰਵਾਨਗੀ ਜਾਂ ਅਪ੍ਰਵਾਨਗੀ ਉਪਰੰਤ ਵਾਪਿਸ ਕਦੇ ਨਹੀਂ ਪਰਤੇ। ਮੁੱਖ ਮੰਤਰੀ ਆਖਦੇ ਹਨ ਕਿ ਰਾਜਪਾਲ ਪੰਜਾਬ ਨੇ ਪੰਜਾਬੀਆਂ ਦੀਆਂ ਭਾਵਨਾਵਾਂ ਦਾ ਨਿਰਾਦਰ ਕੀਤਾ ਹੈ।

ਰਾਜਪਾਲ ਪੰਜਾਬ ਨੇ ਸੰਵਿਧਾਨ ਦੀ ਧਾਰਾ 356 ਤਹਿਤ ਪੰਜਾਬ 'ਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਧਮਕੀ ਦਿੱਤੀ ਹੈ। ਰਾਜਪਾਲ ਨੇ ਮੁੱਖ ਮੰਤਰੀ ਵਲੋਂ ਵਰਤੀ ਗਈ ਅਪਮਾਨਜਨਕ ਸ਼ਬਦਾਵਲੀ ਸਬੰਧੀ ਧਾਰਾ 124 ਅਧੀਨ ਮੁੱਖ ਮੰਤਰੀ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਲਈ ਵੀ ਕਿਹਾ ਹੈ। ਇਸ ਕਿਸਮ ਦੀਆਂ ਧਮਕੀਆਂ ਅਤੇ ਇਸ ਤੋਂ ਪੈਦਾ ਹੋਏ ਮਾਹੌਲ ਕਾਰਨ ਪੰਜਾਬ ਦੀ ਅਫ਼ਸਰਸ਼ਾਹੀ 'ਚ ਅਜੀਬ ਜਿਹਾ ਡਰ ਵੇਖਣ ਨੂੰ ਮਿਲ ਰਿਹਾ ਹੈ, ਅਫ਼ਸਰਸ਼ਾਹੀ 'ਚ ਇਸ ਕਿਸਮ ਦੀ ਚਰਚਾ ਛਿੜ ਗਈ ਹੈ ਕਿ ਉਹ ਕਿਸ ਦੇ ਪੱਖ 'ਚ ਖੜਨ, ਚੁਣੀ ਹੋਈ ਸਰਕਾਰ ਦੇ ਮੁੱਖੀ ਦੇ ਪੱਖ 'ਚ ਜਾਂ ਫਿਰ ਸੰਵਿਧਾਨਿਕ ਮੁੱਖੀ ਦੇ ਹੱਕ 'ਚ। ਇਸ ਦੁਬਿਧਾ ਕਾਰਨ ਪੰਜਾਬ ਦਾ ਪ੍ਰਸ਼ਾਸ਼ਨਿਕ ਢਾਂਚਾ ਡਾਂਵਾਡੋਲ ਹੋਏਗਾ ਅਤੇ ਪਹਿਲਾਂ ਹੀ ਸਿਆਸੀ ਤੌਰ 'ਤੇ ਖਲਾਅ ਵਾਲੇ ਸੂਬੇ 'ਚ ਹੋਰ ਪ੍ਰਸ਼ਾਸ਼ਨਿਕ ਖਲਾਅ ਵੇਖਣ ਨੂੰ ਮਿਲੇਗਾ।

ਸੰਭਵ ਹੈ ਜਿਹੋ ਜਿਹਾ ਅਸੁਖਾਵਾਂ ਮਾਹੌਲ ਪੰਜਾਬ 'ਚ ਵੇਖਣ ਨੂੰ ਮਿਲ ਰਿਹਾ ਹੈ, ਰਾਜ ਦੀ ਚੁਣੀ ਹੋਈ ਸਰਕਾਰ, ਸੁਪਰੀਮ ਕੋਰਟ ਦਾ ਰੁਖ ਕਰੇ ਅਤੇ ਗਵਰਨਰ ਵਿਰੁੱਧ ਉੱਚ ਅਦਾਲਤ ਵਿੱਚ ਜਾਵੇ ਕਿ ਸੂਬੇ 'ਚ ਸਭ ਅੱਛਾ ਹੈ ਪਰ ਰਾਜਪਾਲ ਪੰਜਾਬ, ਪੰਜਾਬ ਦੀ ਸਥਿਤੀ ਅਸਥਿਰ ਕਰਨ 'ਤੇ ਤੁਲੇ ਹਨ ਅਤੇ ਪੰਜਾਬ 'ਚ ਰਾਸ਼ਟਰਪਤੀ ਰਾਜ ਲਾਗੂ ਕਰਨਾ ਚਾਹੁੰਦੇ ਹਨ ਜੋ ਕਿ ਜਮਹੂਰੀ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗਣ ਦੀ ਕੋਸ਼ਿਸ਼ ਹੈ। ਪਰ ਸੁਪਰੀਮ ਕੋਰਟ ਜਾਣ ਲਈ ਵੱਡੇ ਵਕੀਲਾਂ ਦਾ ਖਰਚਾ ਤਾਂ ਪੰਜਾਬ ਦੇ ਟੈਕਸ ਅਦਾ ਕਰਨ ਵਾਲੇ ਲੋਕ ਹੀ ਚੁਕਣਗੇ ਦੋਵਾਂ ਧਿਰਾਂ ਦਾ। ਕੀ ਇਹ ਜਾਇਜ਼ ਹੈ?

ਪੰਜਾਬ ਸਮੇਂ-ਸਮੇਂ ਗਵਰਨਰੀ, ਰਾਸ਼ਟਰਪਤੀ ਰਾਜ ਦਾ ਸੰਤਾਪ ਭੋਗਦਾ ਰਿਹਾ ਹੈ। ਕੇਂਦਰ ਦੇ ਹਾਕਮਾ ਨੇ ਕਈ ਵੇਰ "ਪੰਜਾਬ ਦੀ ਸਥਿਤੀ ਨਾਜ਼ੁਕ ਹੈ" ਦਸਕੇ ਇਥੇ ਗਵਰਨਰੀ ਰਾਜ ਲਾਗੂ ਕੀਤਾ। ਪੰਜਾਬ 'ਚ ਮੌਕੇ ਦੇ ਕੇਂਦਰੀ ਹਾਕਮਾਂ ਆਪਹੁਦਰੇਪਨ ਅਤੇ ਧੱਕੇਸ਼ਾਹੀ ਨਾਲ ਇਥੇ ਰਾਜ ਕੀਤਾ। ਪਰ ਇਸ ਧੱਕੇ ਨੂੰ ਪੰਜਾਬੀਆਂ ਸਦਾ ਨਾਪਸੰਦ ਕੀਤਾ। ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆ "ਦਿੱਲੀ ਦੀਆਂ ਸਰਕਾਰਾਂ" ਨਾਲ ਦਸਤਪੰਜਾ ਲਿਆ ਅਤੇ ਉਹਨਾ ਵਲੋਂ ਕੀਤੀ ਗਈ ਕਿਸੇ ਵੀ ਜ਼ੋਰ-ਜ਼ਬਰਦਸਤੀ ਨੂੰ ਕਦੇ ਪਸੰਦ ਨਹੀਂ ਕੀਤਾ।

ਪੰਜਾਬ ਨੂੰ 8 ਵਰੇ ਰਾਸ਼ਟਰਪਤੀ ਰਾਜ ਵੇਖਣਾ ਪਿਆ ਹੈ, ਕੁਲ ਮਿਲਾਕੇ ਹੁਣ 3510 ਦਿਨ ਭਾਵ ਲਗਭਗ 10 ਵਰ੍ਹੇ। ਇੰਨਾ ਲੰਮਾ ਸਮਾਂ ਪੰਜਾਬ ਸਿੱਧਾ ਕੇਂਦਰ ਅਧੀਨ ਰਿਹਾ ਅਤੇ ਜ਼ਿਆਦਤੀਆਂ ਸਹਿੰਦਾ ਰਿਹਾ। ਭਾਰਤ 'ਚ ਪੰਜਾਬ ਪਹਿਲਾ ਰਾਜ ਬਣਿਆ ਜਿਥੇ 356 ਧਾਰਾ ਦੀ ਵਰਤੋਂ ਕਰਦਿਆਂ 20 ਜੂਨ 1951 ਨੂੰ 302 ਦਿਨਾਂ ਲਈ ਰਾਸ਼ਟਰਪਤੀ ਰਾਜ ਲਾਗੂ ਹੋਇਆ। ਜਦੋਂ ਪੰਜਾਬ ਵੰਡਿਆ ਗਿਆ 1966 'ਚ, ਫਿਰ 5 ਜੁਲਾਈ 1966 ਤੋਂ 1 ਨਵੰਬਰ 1966 ਤੱਕ 119 ਦਿਨ ਇਥੇ ਰਾਸ਼ਟਰਪਤੀ ਨੇ ਰਾਜ ਕੀਤਾ।

ਗੱਠਜੋੜ 'ਚ ਤ੍ਰੇੜਾਂ ਕਾਰਨ 23 ਅਗਸਤ 1968 ਨੂੰ ਅਸੰਬਲੀ ਭੰਗ ਹੋਈ ਜੋ 178 ਦਿਨ ਤੱਕ ਭੰਗ ਰਹੀ। 14 ਜੂਨ 1971 ਤੋਂ 17 ਮਾਰਚ 1972 ਤੱਕ 277 ਦਿਨ, 30 ਅਪ੍ਰੈਲ 1977 ਤੋਂ 20 ਜੂਨ 1977 ਤੱਕ 51 ਦਿਨ ਅਤੇ ਫਿਰ 17 ਫਰਵਰੀ 1980 ਤੋਂ 6 ਜੂਨ 1980 ਤੱਕ ਰਾਸ਼ਟਰਪਤੀ ਰਾਜ ਰਿਹਾ। ਅਮਨ ਕਾਨੂੰਨ ਦੀ ਸਥਿਤੀ ਖਰਾਬ ਹੋਣ ਕਾਰਨ ਪਹਿਲਾਂ 10 ਅਕਤੂਬਰ 1983 ਤੋਂ 29 ਸਤੰਬਰ 1985 ਅਤੇ ਫਿਰ 11 ਮਈ 1987 ਤੋਂ 25 ਫਰਵਰੀ 1992 (ਲਗਭਗ 5 ਸਾਲ) ਤੱਕ ਪੰਜਾਬ 'ਚ ਸਰਕਾਰਾਂ ਦੀ ਚੋਣ ਨਹੀਂ ਹੋਈ ਤੇ ਰਾਸ਼ਟਰਪਤੀ ਨੇ ਰਾਜ ਕੀਤਾ।

ਪੰਜ ਸਾਲ ਦਾ ਇਹ ਅਰਸਾ, 356 ਦੀ ਧਾਰਾ ਦੇ ਵੀ ਵਿਰੁੱਧ ਸੀ, ਜਿਸ ਅਸ਼ਨੁਸਾਰ ਲਗਾਤਾਰ ਤਿੰਨ ਸਾਲ ਤੋਂ ਵੱਧ ਰਾਸ਼ਟਰਪਤੀ ਰਾਜ ਲਾਗੂ ਨਹੀਂ ਕੀਤਾ ਜਾ ਸਕਦਾ ਪਰ ਖਾੜਕੂਵਾਦ ਦੌਰਾਨ ਇਹ ਅਰਸਾ ਵੀ ਵਧਾ ਕੇ 5 ਸਾਲ ਕਰ ਦਿੱਤਾ ਗਿਆ ਸੀ।

ਪਰ ਜੇਕਰ ਹੁਣ ਪੰਜਾਬ ਦੇ ਰਾਜਪਾਲ ਸੂਬੇ 'ਚ ਸੰਵਿਧਾਨਕ ਤੰਤਰ ਫੇਲ੍ਹ ਹੋਣ ਦੇ ਨਾਮ ਉਤੇ ਪੰਜਾਬ ਅਸੰਬਲੀ ਇਸ ਅਧਾਰ 'ਤੇ ਭੰਗ ਕਰਨ ਦੀ ਸਿਫਾਰਸ਼ ਕਰਦੇ ਹਨ ਕਿ ਪੰਜਾਬ 'ਚ ਕਾਨੂੰਨ ਦੀ ਸਥਿਤੀ ਠੀਕ ਨਹੀਂ ਹੈ, ਨਸ਼ਿਆਂ ਦਾ ਪੰਜਾਬ 'ਚ ਪ੍ਰਕੋਪ ਵਧਿਆ ਹੈ, ਪੰਜਾਬ 'ਚ ਠੀਕ ਢੰਗ ਨਾਲ ਪ੍ਰਸ਼ਾਸ਼ਨ ਕੰਮ ਨਹੀਂ ਕਰ ਰਿਹਾ ਤਾਂ ਇਹ ਅਲੋਕਾਰੀ ਗੱਲ ਹੋਏਗੀ ਕਿਉਂਕਿ ਮਨੀਪੁਰ ਜਾਂ ਹਰਿਆਣਾ 'ਚ ਤਾਂ ਇਸ ਵੇਲੇ ਅਮਨ ਕਾਨੂੰਨ ਦੀ ਸਥਿਤੀ ਅਤਿਅੰਤ ਭੈੜੀ ਹੈ। ਉਥੋਂ ਦੇ ਗਵਰਨਰ ਉਥੇ ਰਾਸ਼ਟਰਪਤੀ ਰਾਜ ਲਾਗੂ ਕਰਨ ਦੀ ਸਿਫਾਰਸ਼ ਕਿਉਂ ਨਹੀਂ ਕਰਦੇ? ਅਸਲ ਵਿੱਚ ਤਾਂ ਜਿਥੇ ਕਿਧਰੇ ਵੀ ਦੇਸ਼ ਵਿੱਚ ਭਾਜਪਾ ਵਿਰੋਧੀ ਸਰਕਾਰਾਂ ਹਨ, ਉਥੋਂ ਦੇ ਗਵਰਨਰ ਅੱਡੀ ਚੋਟੀ ਦਾ ਜ਼ੋਰ ਲਗਾਕੇ ਉਥੋਂ ਦੀਆਂ ਸਰਕਾਰਾਂ ਨੂੰ ਕੰਮ ਨਹੀਂ ਕਰਨ ਦੇ ਰਹੇ ਅਤੇ ਸਰਕਾਰਾਂ ਦੇ ਕੰਮ 'ਚ ਰੋੜੇ ਅਟਕਾ ਰਹੇ ਹਨ। ਦਿੱਲੀ ਦੀ ਸਰਕਾਰ ਦਾ ਹਸ਼ਰ ਤਾਂ ਵੇਖ ਹੀ ਚੁੱਕੇ ਹਨ ਦੇਸ਼ ਦੇ ਲੋਕ। ਪੱਛਮੀ ਬੰਗਾਲ ਸਰਕਾਰ ਨੂੰ ਅਸਥਿਰ ਕਰਨ ਲਈ ਚੱਲੀਆਂ ਜਾ ਰਹੀਆਂ ਚਾਲਾਂ ਲੋਕਾਂ ਸਾਹਮਣੇ ਹਨ। ਇਹੋ ਹਾਲ ਪੰਜਾਬ 'ਚ ਕੀਤੇ ਜਾਣਾ ਸ਼ਾਇਦ ਦਿੱਲੀ ਦੇ ਹਾਕਮਾਂ ਤਹਿ ਕੀਤਾ ਹੋਏਗਾ।

ਬਿਨ੍ਹਾਂ ਸ਼ੱਕ ਪੰਜਾਬ 'ਚ ਬੇਰੁਜ਼ਗਾਰੀ ਹੈ। ਪੰਜਾਬ, ਪ੍ਰਵਾਸ ਦੇ ਰਾਹ ਹੈ। ਪੰਜਾਬ, ਨਸ਼ੇ ਨੇ ਭੰਨਿਆ ਹੋਇਆ ਹੈ। ਪੰਜਾਬ ਆਰਥਿਕ ਮੰਦਹਾਲੀ ਦੇ ਦੌਰ 'ਚੋਂ ਗੁਜ਼ਰ ਰਿਹਾ ਹੈ। ਬਹੁਤੇ ਲੋਕਾਂ ਦਾ ਵਿਚਾਰ ਹੈ ਕਿ ਮੌਜੂਦਾ ਸਰਕਾਰ ਤੋਂ ਜਿਸ ਕਿਸਮ ਦੀ ਕਾਰਗੁਜ਼ਾਰੀ ਦੀ ਆਸ ਸੀ, ਉਹ ਪੂਰੀ ਨਹੀਂ ਹੋ ਰਹੀ। ਉਹਨਾ ਦਾ ਇਹ ਵੀ ਕਹਿਣਾ ਹੈ ਕਿ ਸਰਕਾਰ ਅਨੇਕ ਮੁਹਾਜ਼ਾਂ ਤੇ ਲੋਕ ਪੱਖੀ ਕੰਮ ਕਰਨ ਵਿੱਚ ਅਸਫ਼ਲ ਰਹੀ ਹੈ। ਸੂਬੇ 'ਚ ਨਿੱਤ ਮੁਜ਼ਾਹਰੇ ਹੋ ਰਹੇ ਹਨ।

ਕਿਸਾਨ ਜੱਥੇਬੰਦੀਆਂ ਪੰਜਾਬ ਸਰਕਾਰ ਦੇ ਵਿਰੋਧ ਵਿੱਚ ਖੜੀਆਂ ਹੋਈਆਂ ਹਨ, ਕਿਸਾਨਾਂ 'ਤੇ ਥਾਂ-ਥਾਂ ਲਾਠੀਚਾਰਜ ਹੋਇਆ ਹੈ, ਪਰ ਉਹਨਾ ਦੀਆਂ ਮੰਗਾਂ ਪ੍ਰਤੀ ਸਰਕਾਰ ਸੰਜੀਦਾ ਨਹੀਂ। ਹੜ੍ਹਾਂ ਦੀ ਸਥਿਤੀ ਨੂੰ ਕੰਟਰੋਲ ਕਰਨ ਅਤੇ ਮੁਆਵਜ਼ਾ ਦੇਣ ਪ੍ਰਤੀ ਸਰਕਾਰ ਦੀ ਕਾਰਗੁਜ਼ਾਰੀ ਉਤੇ ਵੀ ਸਵਾਲ ਖੜੇ ਹੋ ਰਹੇ ਹਨ। ਸੂਬੇ ਦੀਆਂ ਵਿਰੋਧੀ ਪਾਰਟੀਆਂ ਵੀ ਕਈ ਮਾਮਲਿਆਂ ਅਤੇ ਮੁੱਖ ਮਤਰੀ ਦੇ ਬਾਹਰਲੇ ਸੂਬਿਆਂ ਦੇ ਦੌਰਿਆਂ ਅਤੇ ਬਾਹਰਲੇ ਸੂਬਿਆਂ 'ਚ ਪੰਜਾਬ ਵਲੋਂ ਮੁਫਤ ਬਿਜਲੀ ਅਤੇ ਹੋਰ ਸਹੂਲਤਾਂ ਬਾਰੇ ਦਿੱਤੇ ਇਸ਼ਤਿਹਾਰਾਂ ਪ੍ਰਤੀ ਵੀ ਕਿੰਤੂ-ਪ੍ਰੰਤੂ ਕਰਦੀਆਂ ਹਨ।

ਵਿਰੋਧੀ ਨੇਤਾ ਸੂਬੇ 'ਚ ਅਮਨ ਕਾਨੂੰਨ ਦੀ ਸਥਿਤੀ, ਮਾਫੀਏ ਦੇ ਵਧਦੇ ਪ੍ਰਭਾਵ ਅਤੇ ਪਿੰਡ ਪੰਚਾਇਤਾਂ ਦੇ ਅਗਾਊਂ ਭੰਗ ਕੀਤੇ ਜਾਣ 'ਤੇ ਵੀ ਸਵਾਲ ਚੁੱਕਦੇ ਹਨ। ਪਰ ਕੀ ਇਹ ਅਧਾਰ ਰਾਸ਼ਟਰਪਤੀ ਰਾਸ਼ਟਰਪਤੀ ਰਾਜ ਲਗਾਉਣ ਲਈ ਕਾਫੀ ਹਨ?



ਆਖ਼ਿਰ ਸੰਵਿਧਾਨ ਦੀ ਧਾਰਾ 356 ਹੈ ਕੀ? ਇਸਦੀ ਵਰਤੋਂ ਰਾਸ਼ਟਰਪਤੀ ਕਿਹਨਾ ਹਾਲਤਾਂ 'ਚ ਕਰ ਸਕਦਾ ਹੈ। ਸੰਵਿਧਾਨ ਇਸ ਦੀ ਵਿਆਖਿਆ ਕਰਦਾ ਹੈ। ਸੰਵਿਧਾਨ 'ਚ ਦਰਜ਼ ਹੈ ਕਿ ਜੇਕਰ ਵਿਧਾਨ ਸਭਾ ਵਿੱਚ ਰਾਜ ਕਰਦੀ ਪਾਰਟੀ ਆਪਣਾ ਬਹੁਮਤ ਸਾਬਤ ਨਾ ਕਰ ਸਕੇ, ਜਾਂ ਸੂਬੇ ਵਿੱਚ ਹੰਗਾਮੀ ਸਥਿਤੀ ਹੋਵੇ, ਵਿਧਾਨ ਸਭਾ ਨੇ ਪੰਜ ਸਾਲ ਪੂਰੇ ਕਰ ਲਏ ਹੋਣ ਅਤੇ ਚੋਣਾਂ ਨਾ ਹੋ ਸਕਦੀਆਂ ਹੋਣ ਤਾਂ ਇਸ ਧਾਰਾ ਦੀ ਵਰਤੋਂ ਰਾਸ਼ਟਰਪਤੀ ਕਰ ਸਕਦਾ ਹੈ। ਰਾਸ਼ਟਰਪਤੀ ਉਸ ਹਾਲਤ ਵਿੱਚ ਵੀ ਇਸ ਦੀ ਵਰਤੋਂ ਕਰ ਸਕਦਾ ਹੈ ਕਿ ਜਦੋਂ ਸਦਨ ਭਾਵ ਵਿਧਾਨ ਸਭਾ 'ਚ ਰਾਜ ਕਰਦੀ ਪਾਰਟੀ ਦਾ ਬਹੁਮਤ ਅੰਕੜਾ ਹਿੱਲ ਜਾਏ ਜਾਂ ਰਾਜਪਾਲ ਇਹ ਮਹਿਸੂਸ ਕਰੇ ਕਿ ਸੂਬੇ 'ਚ ਰਾਜ ਕਰਦੀ ਪਾਰਟੀ ਸੰਵਿਧਾਨ ਦੇ ਨਿਯਮਾਂ ਮੁਤਾਬਿਕ ਕੰਮ ਨਹੀਂ ਕਰਦੀ ਅਤੇ ਜਾਂ ਸੰਵਿਧਾਨ ਦੇ ਮੂਲ ਭਾਵਨਾ ਦੀ ਅਣਦੇਖੀ ਕਰ ਰਹੀ ਹੈ ਤਾਂ ਰਾਸ਼ਟਰਪਤੀ, ਰਾਜਪਾਲ ਦੀ ਸਿਫਾਰਸ਼ ਉਤੇ ਰਾਸ਼ਟਰਪਤੀ ਰਾਜ ਲਾਗੂ ਕਰ ਸਕਦਾ ਹੈ। ਪਰ 356 ਧਾਰਾ ਦੇ ਨਾਲ ਸੰਵਿਧਾਨ ਦੀ ਧਾਰਾ 355 ਵੀ ਪੜ੍ਹਨੀ ਪਵੇਗੀ ਜਿਸ ਵਿੱਚ ਦਰਜ਼ ਹੈ ਕਿ ਰਾਸ਼ਟਰਪਤੀ ਜੇਕਰ ਮਹਿਸੂਸ ਕਰੇ ਕਿ ਕਿਸੇ ਰਾਜ ਵਿੱਚ ਕਾਨੂੰਨ ਵਿਵਸਥਾ ਫੇਲ੍ਹ ਹੋ ਰਹੀ ਹੈ, ਸਰਕਾਰ ਲੋਕਾਂ ਦੀ ਜਾਨਮਾਲ ਦੀ ਰਾਖੀ ਕਰਨ ਤੋਂ ਅਸਮਰੱਥ ਹੈ ਤਾਂ ਉਥੇ ਰਾਜਪਾਲ/ ਰਾਸ਼ਟਰਪਤੀ ਰਾਜ ਲਗਾਇਆ ਜਾ ਸਕਦਾ ਹੈ। ਪਰ ਰਾਸ਼ਟਰਪਤੀ ਰਾਜ ਲਾਗੂ ਕਰਨ ਲਈ ਪਾਰਲੀਮੈਂਟ ਦੇ ਦੋਹਾਂ ਸਦਨ.ਗਾ ਭਾਵ ਲੋਕ ਸਭਾ ਤੇ ਰਾਜ ਸਭਾ ਦੀ ਮਨਜ਼ੂਰੀ ਲੈਣੀ ਪਵੇਗੀ। ਪਰ ਉਪਰੰਤ ਵਿਆਖਿਆ ਦੇ ਮੱਦੇ ਨਜ਼ਰ ਪੰਜਾਬ 'ਇਹੋ ਜਿਹੇ ਹਾਲਾਤ ਨਹੀਂ ਹਨ ਕਿ ਰਾਸ਼ਟਰਪਤੀ ਰਾਜ ਲਾਗੂ ਹੋ ਸਕੇ।

ਰਾਸ਼ਟਰਪਤੀ ਰਾਜ ਲਗਾਉਣ ਨਾਲ ਸਰਕਾਰ ਦਾ ਸਿੱਧਾ ਕੰਟਰੋਲ ਅਫ਼ਸਰਸ਼ਾਹੀ ਅਤੇ ਪੁਲਿਸ ਅਧਿਕਾਰੀਆਂ ਕੋਲ ਹੋਏਗਾ। ਲੋਕ-ਹਿਤੈਸ਼ੀ ਫ਼ੈਸਲੇ ਲੈਣੇ ਦੂਰ ਦੀ ਗੱਲ ਹੋ ਜਾਏਗੀ। ਆਮ ਤੌਰ 'ਤੇ ਅਫ਼ਸਰਸ਼ਾਹੀ ਇਹੋ ਜਿਹੇ ਹਾਲਤਾਂ ਵਿੱਚ,ਸਿਆਸੀ ਲੋਕਾਂ ਜਿੰਨੀ ਲੋਕ ਭਲਾਈ ਦੇ ਕਾਰਜ਼ਾਂ ਲਈ ਵਰਤੀ ਜਾਂਦੀ ਇਛਾ ਸ਼ਕਤੀ ਨਹੀਂ ਰੱਖਦੀ, ਕਿਉਂਕਿ ਉਹਨਾ ਨੇ ਨਾ ਤਾਂ ਲੋਕਾ ਦੀਆਂ ਵੋਟਾਂ ਲੈਣੀਆਂ ਹੁੰਦੀਆਂ ਹਨ ਅਤੇ ਨਾ ਹੀ ਕੋਈ ਵਾਹ-ਵਾਹ ਖੱਟਣੀ ਹੁੰਦੀ ਹੈ। ਇੰਜ ਸੂਬੇ ਦੇ ਲੋਕ ਅਣਗੌਲੇ ਰਹਿ ਜਾਦੇ ਹਨ।

ਅੱਜ ਪੰਜਾਬ ਦੇ ਜੋ ਹਾਲਾਤ ਹਨ, ਉਸਦੇ ਗਾਡੀਰਾਹ, ਇਹੋ ਜਿਹੇ ਸਿਆਸਤਦਾਨ ਹੀ ਬਣ ਸਕਦੇ ਹਨ, ਜਿਹੜੇ ਪੰਜਾਬ ਨੂੰ ਆਰਥਿਕ ਮੰਦੀ 'ਚੋਂ ਕੱਢਣ ਯੋਗ ਹੋਣ, ਪੰਜਾਬ ਦੀਆਂ ਸਮੱਸਿਆਵਾਂ ਦੇ ਹੱਲ ਲਈ ਦ੍ਰਿੜ ਇਛਾ ਸ਼ਕਤੀ ਰੱਖਦੇ ਹੋਣ। ਕਿਉਂਕਿ ਪੰਜਾਬ ਦੇ ਲੋਕ ਸਦਾ ਹੀ ਸੱਚ ਦੇ ਪਹਿਰੇਦਾਰ ਰਹੇ ਹਨ ਅਤੇ ਉਹਨਾ ਲੋਕਾਂ ਨਾਲ ਜ਼ਜ਼ਬਾਤੀ ਤੌਰ 'ਤੇ ਤੁਰਨ ਤੋਂ ਗੁਰੇਜ਼ ਨਹੀਂ ਕਰਦੇ, ਜਿਹਨਾ ਤੋਂ ਰਤੀ ਭਰ ਵੀ ਉਹਨਾ ਨੂੰ ਹੱਸਦਾ-ਰਸਦਾ-ਵਸਦਾ ਪੰਜਾਬ ਬਨਾਉਣ ਦੀ ਆਸ ਬੱਝਦੀ ਹੈ।

ਰਾਸ਼ਟਰਪਤੀ ਰਾਜ ਕਿਸੇ ਤਰ੍ਹਾਂ ਵੀ ਪੰਜਾਬ ਦੇ ਹਿੱਤ 'ਚ ਨਹੀਂ। ਲੋਕਤੰਤਰੀ ਕਦਰਾਂ-ਕੀਮਤਾਂ ਦੇ ਰਾਖੇ ਪੰਜਾਬੀ, ਕਿਸੇ ਵੀ ਚੁਣੀ ਹੋਈ ਸੂਬਾ ਸਰਕਾਰ ਵੀ ਬਰਖਾਸਤਗੀ ਪ੍ਰਵਾਨ ਨਹੀਂ ਕਰਨਗੇ, ਕਿਉਂਕਿ ਉਹ ਦੇਸ਼ ਦੇ ਸੰਘੀ ਢਾਂਚੇ, ਸੂਬਿਆਂ ਨੂੰ ਵੱਧ ਅਧਿਕਾਰ ਦਿੱਤੇ ਜਾਣ, ਇਥੋਂ ਤੱਕ ਕਿ ਸੂਬਿਆਂ ਦੀ ਖੁਦਮੁਖਤਿਆਰੀ ਦੇ ਹਾਮੀ ਹਨ। ਪੰਜਾਬੀ ਹਰ ਉਸ ਜ਼ਬਰ ਦੇ ਵਿਰੋਧ ਵਿੱਚ ਖੜਨ ਤੋਂ ਕਦੇ ਵੀ ਨਹੀਂ ਡਰਦੇ, ਜਿਹੜਾ ਉਹਨਾ ਤੇ ਜ਼ਬਰੀ ਥੋਪ ਦਿੱਤਾ ਜਾਦਾ ਹੈ। ਦੇਸ਼ 'ਚ ਲਗਾਈ ਐਮਰਜੈਂਸੀ ਦਾ ਵਿਰੋਧ ਅਤੇ ਕਿਸਾਨਾਂ ਵਿਰੁੱਧ ਖੇਤੀ ਕਾਨੂੰਨਾਂ ਦੇ ਵਿਰੋਧ 'ਚ ਉਹਨਾ ਦੀ ਪਹਿਲ, ਜੱਗ ਜਾਣੀ ਜਾਂਦੀ ਹੈ।

# ਕੈਨੇਡੀਅਨਾਂ ਦੇ ਨਵੇਂ ਪਾਸਪੋਰਟ ਖ਼ਰਾਬ ਵੀ ਹੋਣ ਲੱਗ ਪਏ; ਜ਼ਿੰਮੇਵਾਰ ਕੌਣ?




ਇਸੇ ਵਰ੍ਹੇ ਕੈਨੇਡਾ ਦੀ ਸਰਕਾਰ ਨੇ ਐਲਾਨ ਕੀਤਾ ਸੀ ਹੁਣ ਨਵੇਂ ਪਾਸਪੋਰਟ ਨਵੀਂ ਤਕਨੀਕ ਨਾਲ ਲੈਸ ਹੋਣਗੇ ਤੇ ਵਧੇਰੇ ਸੁਰਖਿਅਤ ਹੋਣਗੇ। ਇਸ ਨਾਲ ਕੈਨੇਡੀਅਨ ਲੋਕਾਂ ਦੀ ਯਾਤਰਾ ਅਤੇ ਉਹਨਾਂ ਦਾ ਜੀਵਨ ਵੀ ਵਧੇਰੇ ਸੁਰਖਿਅਤ ਹੋ ਸਕੇਗਾ। ਜਿਹਨਾਂ ਕੋਲ ਕੈਨੇਡੀਅਨ ਪਾਸਪੋਰਟ ਪੁਰਾਣੇ ਹਨ ਉਹਨਾਂ ਵਿਚੋਂ ਬਹੁਤਿਆਂ ਦੀ ਹਾਲਤ ਬਹੁਤ ਵਧੀਆ ਹੈ। ਜਿੰਨੀ ਯਾਤਰਾ ਹੋਵੇਗੀ, ਉਤਨੀ ਹੀ ਵਰਤੋਂ ਵਧੇਗੀ ਤੇ ਇਸ ਨਾਲ ਨਾਲ ਪਾਸਪੋਰਟ ਦੇ ਰੱਖ-ਰਖਾਅ 'ਤੇ ਵੀ ਇਹ ਗੱਲ ਨਿਰਭਰ ਕਰਦੀ ਹੈ ਕਿ ਉਹ ਕਿਸ ਹਾਲਤ ਵਿੱਚ ਹੈ।

ਬਹੁਤ ਕੈਨੇਡੀਅਨਾਂ ਲਈ ਪਾਸਪੋਰਟ ਇਕ ਧਾਰਮਿਕ ਪੁਸਤਕ ਵਾਂਗ ਹੁੰਦਾ ਹੈ ਜਿਸ ਨੂੰ ਸੰਭਾਲ ਕੇ ਰੱਖਣਾ ਉਹ ਆਪਣਾ ਵੱਡਾ ਫ਼ਰਜ਼ ਸਮਝਦੇ ਹਨ। ਕਈ ਹੋਰਨਾਂ ਵਾਸਤੇ ਇਹ ਸਿਰਫ਼ ਯਾਤਰਾ ਪੱਤਰ ਹੈ ਤੇ ਅਕਸਰ ਇਹ 'ਗੁਆਚ' ਵੀ ਜਾਂਦਾ ਹੈ ਤੇ 'ਖ਼ਰਾਬ' ਵੀ ਹੋ ਜਾਂਦਾ ਹੈ।

ਦਰਅਸਲ, ਪਾਸਪੋਰਟ ਦੀ ਇਹ 'ਕਾਪੀ', ਕੈਨੇਡਾ ਸਰਕਾਰ ਦੀ ਪ੍ਰੌਪਰਟੀ ਹੁੰਦੀ ਹੈ ਤੇ ਸਭ ਨੂੰ ਇਸ ਦਾ ਉੱਤਮ ਖਿਆਲ ਰੱਖਣਾ ਚਾਹੀਦਾ ਹੈ। ਬਹੁਤ ਲੋਕ ਮੰਨਦੇ ਹਨ ਕਿ ਪਾਸਪੋਰਟ ਉਹਨਾਂ ਦਾ ਅਧਿਕਾਰ ਹੈ ਤੇ ਇਸ ਨੂੰ ਉਹ ਜਿਵੇਂ ਮਰਜ਼ੀ ਰੱਖਣ।

ਕੈਨੇਡਾ ਦੀ ਫੈਡਰਲ ਸਰਕਾਰ ਨੇ ਇਸੇ ਸਾਲ ਮਈ ਵਿੱਚ ਨਵੇਂ ਪਾਸਪੋਰਟ ਦੀ ਦਿੱਖ, ਬਣਤਰ, ਸਰੂਪ ਆਦਿ ਬਾਰੇ ਐਲਾਨ ਕੀਤਾ ਸੀ। ਹੁਣ ਤੱਕ 15600 ਦੇ ਕਰੀਬ ਨਵੇਂ ਪਾਸਪੋਰਟ ਲੋਕਾਂ ਨੂੰ ਮਿਲ ਵੀ ਚੁੱਕੇ ਹਨ। ਨਵੇਂ ਪਾਸਪੋਰਟ ਵਿੱਚ ਚਿੱਪ ਲੱਗੀ ਹੈ, ਇਸ ਦੇ ਸਿਕਿਉਰਿਟੀ ਫੀਚਰਜ਼ ਕਿਤੇ ਜ਼ਿਆਦਾ ਹਨ ਜਿਸ ਨਾਲ ਕਈ ਬੌਰਡਰ ਕ੍ਰੌਸਿੰਗਜ਼ 'ਤੇ ਐਕਸਟ੍ਰਾ ਚੈਕ ਕਰਵਾਉਣ ਦੀ ਲੋੜ ਖ਼ਤਮ ਹੋ ਰਹੀ ਹੈ।

ਇਕ ਗੱਲ ਤਾਂ ਪੱਕੀ ਹੈ ਕਿ ਇਸ ਪਾਸਪੋਰਟ ਦੀ ਨਕਲ ਹੁਣ ਖ਼ਤਮ ਹੋ ਗਈ ਹੈ, ਭਾਵ ਇਸ ਦੀ ਨਕਲ ਤਿਆਰ ਨਹੀਂ ਹੋ ਸਕੇਗੀ।

ਪਰ ਨਵੇਂ ਪਾਸਪੋਰਟ ਦੀ ਇਹ 'ਕਾਪੀ' ਜਿੱਥੇ ਅੰਤਰਰਾਸ਼ਟਰੀ ਪੱਧਰ 'ਤੇ ਬਹੁਤ ਮਜ਼ਬੂਤ ਹੈ ਪਰ ਸਰੀਰਕ ਤੌਰ 'ਤੇ ਬਹੁਤ ਕਮਜ਼ੋਰ ਸਾਬਤ ਹੋ ਰਹੀ ਹੈ। ਇਸ ਦੇ 'ਕੰਨ' ਮੁੜਣ ਲੱਗੇ ਹਨ ਤੇ ਲੱਗਦਾ ਹੈ ਕਿ ਇਸ ਨੂੰ ਇੱਟ ਦੇ ਭਾਰ ਹੇਠ ਰੱਖਣਾ ਪਿਆ ਕਰੇਗਾ।

ਪਾਸਪੋਰਟ ਕਿਸੇ ਦੇਸ਼ ਦਾ ਪ੍ਰਤੀਨਿਧ ਸਰਟੀਫਿਕੇਟ ਹੁੰਦਾ ਹੈ ਤੇ ਇਸ ਨੂੰ ਰੱਖਣ ਵਾਲਾ ਇਸ 'ਤੇ ਮਾਣ ਮਹਿਸੂਸ ਕਰਦਾ ਹੈ। ਪਰ ਜੇ 'ਮਾਣ' ਦੇ ਕੰਨ ਹੀ ਮਰੋੜੇ ਗਏ ਹੋਣ ਤੇ ਉਹ 'ਚਿੱਬ-ਖੜਿੱਬਾ' ਲੱਗੇ ਤਾਂ ਇਸ ਨੂੰ ਰੱਖਣ ਵਾਲਾ ਤਾਂ ਬਹੁਤ ਨਿੰਮੋਝੂਣਾ ਮਹਿਸੂਸ ਕਰੇਗਾ।



Photo Credit CTV News

ਹੁਣ ਇਮਿਗ੍ਰੇਸ਼ਨ ਮਹਿਕਮਾ ਇਹ ਗੱਲ ਮੰਨਣ ਲੱਗਿਆ ਹੈ ਕਿ ਨਵੇਂ ਪਾਸਪੋਰਟ ਦੀ ਜਿਲਦ ਕਮਜ਼ੋਰ ਬਣ ਗਈ ਹੈ। ਪਰ ਨਾਲ ਹੀ ਮਹਿਕਮੇ ਦਾ ਕਹਿਣਾ ਹੈ ਕਿ ਪਾਸਪੋਰਟ ਦਾ ਬਾਹਰਲਾ ਕਵਰ ਜੇ ਮੁੜ-ਤੁੜ ਵੀ ਜਾਵੇ ਤਾਂ ਉਸ ਦੇ ਫੰਕਸ਼ਨ (ਕੰਮ ਕਰਨ) ਵਿੱਚ ਕੋਈ ਕਮੀ ਨਹੀਂ ਆਵੇਗੀ। ਮਹਿਕਮੇ ਨੇ ਹਿਦਾਇਤ ਕੀਤੀ ਹੈ ਕਿ ਨਵੇਂ ਪਾਸਪੋਰਟ ਨੂੰ ਬੰਦ ਕਰਕੇ, ਬੱਚਿਆਂ ਦੀ ਪਹੁੰਚ ਤੋਂ ਦੂਰ, ਠੰਡੀ ਪਰ ਨਮੀ ਰਹਿਤ ਖੁਸ਼ਕ ਥਾਂ 'ਤੇ ਰੱਖਿਆ ਜਾਵੇ। ਜੇ ਇਹ ਖ਼ਰਾਬ ਹੋ ਗਿਆ ਤਾਂ ਤੁਹਾਡੀ ਜ਼ਿੰਮੇਦਾਰੀ ਹੋਵੇਗੀ ਕਿਉਂਕਿ ਮਹਿਕਮੇ ਦਾ ਕਹਿਣਾ ਹੈ ਕਿ ਇਸ ਵਿੱਚ ਕਿਸੇ ਤਰ੍ਹਾਂ ਦੀ ਤਬਦੀਲੀ ਕਰਨ ਦੀ ਕੋਈ ਯੋਜਨਾ ਨਹੀਂ ਹੈ। ਤੁਸੀਂ ਕੰਨ ਖਿੱਚ੍ਹ ਕੇ ਰੱਖੋ, ਪਾਸਪੋਰਟ ਖ਼ਰਾਬ ਨਹੀਂ ਹੋਵੇਗਾ। ਮੁੰਡਾ ਤੇ ਪਾਸਪੋਰਟ ਦੋਵੇਂ ਕੈਨੇਡਾ ਵਿੱਚ ਭਾਰ ਹੇਠ ਰੱਖਣੇ ਚਾਹੀਦੇ ਹਨ ਤਾਂ ਕਿ ਉਹਨਾਂ ਦੇ ਕੰਨ ਮਰੋੜਾ ਨਾ ਖਾ ਜਾਣ।

**ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰ ਸਕਦੇ ਹੋ।**



Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com



Edmonton
Parminder Singh Balluana
780-258-5800
780 599 2000
Email:
balluana.parminder@gmail.com



Regina
Gurbinder Singh Gagowal
306 520 4313,
639 999 1000
Email:
gur.gago@gmail.com



Saskatoon
Rishi Joshi
639 742 1200
639 999 1000
Rishijoshi1990 @hotmail.com



Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫ਼ਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

## ਜੰਨਤ ਦਾ ਦੂਸਰਾ ਨਾਮ -ਬੈਂਫ, ਕਨੇਡਾ ਕੁਦਰਤ ਦੀ ਸੂਖ਼ਮ ਸੰਵੇਦਨਾ ਜਿੱਥੇ ਇਤਿਹਾਸ ਮੰਥਨ ਕਰਦੀ ਹੈ :

# ਵਿਗਿਆਨ ਅਤੇ ਕੁਦਰਤ ਦਾ ਅਦਭੁਤ ਪਹਾੜੀ ਸ਼ਹਿਰ :ਬੈਂਫ, ਕਨੇਡਾ



ਬਲਵਿੰਦਰ ਬਾਲਮ
ਓਕਾਰ ਨਗਰ, ਗੁਰਦਾਸਪੁਰ
98156-25409
ਐਡਮਿੰਟਨ,
780 807 6007

ਐਲਬਰਟਾ ( ਕਨੇਡਾ) ਦਾ ਇਕ ਵਿਸ਼ਵ ਪ੍ਰਸਿੱਧ ਖ਼ੂਬਸੂਰਤ ਪਹਾੜੀ ਸ਼ਹਿਰ ਹੈ ਬੈਂਫ । ਬੈਂਫ ਵਿਖੇ ਹੀ ਹੈ ਕਨੇਡਾ ਦਾ ਸਭ ਤੋਂ ਵੱਡਾ ਖ਼ੂਬਸੂਰਤ ਫਾਈਵ ਸਟਾਰ ਹੋਟਲ । ਜਿਸ ਦਾ ਨਾਮ ਹੈ ਫੇਅਰ ਹੋਟਲ । ਇਹ ਇਹ ਪਹਾੜੀ ਉਪਰ ਸਥਿਤ ਹੈ । ਇਹ ਹੋਟਲ ਦੂਰੋਂ ਨਜ਼ਰ ਆਉਂਦਾ ਹੈ ਜਿਵੇਂ ਅਸਮਾਨ ਵਿਚ ਖਿਡੌਣੇ ਲਟਕਦੇ ਹੋਣ । ਇਸਦੀ ਸ਼ਿਲਪ-ਸ਼ੈਲੀ ਬਨਾਵਟ, ਸਜਾਵਟ, ਅਦਾਵਟ, ਕਮਲਾ ਦੀ ਹੈ । ਮਨੁੱਖ ਨੇ ਧਰਤੀ ॥ਤੇ ਸਵਰਗ ਸਿਰਜ ਦਿੱਤਾ ਹੈ । ਕੁਦਰਤ ਦੀ ਸੂਖਮ ਸੰਵੇਦਨਾ ਜਿੱਥੇ ਇਤਿਹਾਸ ਮੰਥਨ ਕਰਦੀ ਹੈ । ਵਿਗਿਆਨ ਅਤੇ ਕੁਦਰਤ ਦਾ ਤਲਿਸਮੀ ਅਦਭੁਤ ਪਹਾੜੀ ਸ਼ਹਿਰ ਬੈਂਫ ਸਿਫ਼ਤੀ ਦਾ ਭੰਡਾਰ, ਕਾਲਾ ਦਾ ਸਰਵਉਚ ਸਥਾਨ । ਵਿਸ਼ਵ ਦੇ ਪ੍ਰਸਿਧ, ਖ਼ੂਬਸੂਰਤ ਸ਼ਹਿਰਾਂ ॥ਚੋਂ ਇਕ ਹੈ ਬੈਂਫ ਦੀ ਲਾਜਵਾਬ ਖ਼ੂਬਸੂਰਤੀ । ਇਥੇ ਪਾਰਦਰਸ਼ੀ ਪਾਣੀ ਦੀਆਂ ਯਥਾਰਥ ਝੀਲਾਂ, ਕਿਸੇ ਮੁਟਿਆਰ ਦੀ ਗਿੱਟੇ ਛੂਹਦੀ ਗੁੰਦਵੀਂ ਗੁੱਤ ਵਗ ਝਰ-ਝਰ ਕਲ-ਲ ਡਿਗਦੇ ਮਨਮੋਹਣੇ ਝਰਨੇ, ਚਾਂਦੀ ਰੰਗੇ ਗੋਟੇ ਲੱਗੇ ਦੁਪੱਟੇ ਵਾਂਗ ਲਹਿਰਾਉਂਦੀਆਂ ਗੁਣਗਣਾਉਂਦੀਆਂ ਪਵਿੱਤਰ ਨਹਿਰਾਂ, ਆਲੌਕਿਕ ਰੂਪ ਵਿਚ ਮਰਮਸਪਰਸ਼ੀ ਤੇ ਵਿਹੰਗਮ ਦ੍ਰਿਸ਼, ਸ਼ੋਖ ਅਦਾਵਾਂ ਵਿਚ ਲਹਿਲਹਿਰਾਉਂਦੀ ਕੁਦਰਤੀ ਬਨਸਪਤੀ, ਜਾਨਵਰਾਂ-ਪੰਛੀਆਂ, ਕੀਟ ਪਤੰਗਿਆਂ ਨੂੰ ਗੋਦ ਵਿਚ ਸੰਭਾਲੀ ਹਰੇ ਭਰੇ ਲੰਬੇ-ਚੌੜੇ, ਉਚੇ ਸੰਘਣੇ ਜੰਗਲ, ਲੱਖਾਂ ਸਾਲ ਪੁਰਾਣੇ ਅਨੇਕਾਂ ਸਵਰੂਪਾਂ ਦੇ ਕਲਾਤਮਕ ਪਹਾੜ, ਫਲਾਂ, ਫੁੱਲਾਂ ਨਾਲ ਲੱਦੇ ਖ਼ੂਬਸੂਰਤ ਰਸੀਲੇ ਬਾਗ-ਬਗ਼ੀਚੇ, ਜ਼ਿੰਦਗੀ ਨੂੰ ਸਕੂਨ, ਅਧਿਆਤਮਿਕਤਾ, ਇਕਾਗਰਤਾ ਅਤੇ ਮਾਨਵਤਾ ਦਾ ਸੰਦੇਸ਼ ਦਿੰਦੀਆਂ ਚੁਲਬੁਲੀਆਂ ਵਾਦੀਆਂ (ਵਾਦੀਆਂ-ਘਾਟੀਆਂ), ਆਪਣੇਪਣ ਦਾ ਅਹਿਸਾਸ ਕਰਵਾਉਂਦੀਆਂ ਆਂਚਲਿਕ ਪਗਡੰਡੀਆਂ, ਚਿਕਨੇ ਚੁਪੜੇ ਸੁੰਦਰ ਆਧੁਨਿਕ ਸੁਵਿਧਾਪੂਰਵਕ ਹੋਟਲ, ਮਾਨਵੀਂ ਕਦਰਾਂ ਕੀਮਤਾਂ ਦੇ ਭੂਮੰਮਡਲੀਕਰਣ ਬਾਜ਼ਾਰ ਅਤੇ ਸਭ ਤੋਂ ਮਹੱਤਵਪੂਰਨ ਖਿੱਚ ਦਾ ਕੇਂਦਰ ਵਿਗਿਆਨਕ ਕਦਰਾਂ ਕੀਮਤਾਂ ਦਾ ਅਨੋਖਾ ਯਾਤਰਿਕ ਇਲੈਕਟਰਿਕ ਝੂਲਾ ਗੰਡੋਲਾ । ਦਿੱਲੀ ਤੋਂ ਐਡਮਿੰਟਨ (ਕਨੇਡਾ) ਬਾਈ ਏਅਰ ਲਗਭਗ 20 ਘੰਟੇ ਲੱਗ ਹੀ ਜਾਂਦੇ ਹਨ । ਐਡਮਿੰਟਨ ਤੋਂ ਬੈਂਫ ਲਗਭਗ 401 ਕਿਲੋਮੀਟਰ ਹੈ ਕੈਲਗਰੀ ਤੋਂ ਲਗਭਗ 128 ਕਿਲੋਮੀਟਰ, ਲੋਕ ਲੁਈ ਤੋਂ ਲਗਭਗ 50 ਕਿਲੋਮੀਟਰ ਦੇ ਕਰੀਬ ਹੈ ਬੈਂਫ । ਜਹਾਜ ॥ਤੇ ਆਉਣ ਲੱਗਿਆ ਇਕ ਮਹੱਤਵਪੂਰਨ ਗੱਲ ਦਾ ਧਿਆਨ ਜ਼ਰੂਰ ਰੱਖੋ ਕਿ ਜੋ 50 ਸਾਲ ਤੋਂ ਉਪਰ ਹੋ ਤਾਂ ॥ਵ੍ਹੀਲ ਚੇਅਰ॥ ਟਿਕਟ ਉਪਰ ਜ਼ਰੂਰ ਕਰਵਾ ਕੇ ਲਿਆ? ।





ਹਾਂ ਦੂਸਰੀ ਗੱਲ ਹੋ ਸਕੇ ਤਾਂ ਟਿਕਟ

ਉਪਰ ॥ਵਿੰਡੋ ਸੀਟ॥ ਟਿਕਟ ਉਪਰ ਜ਼ਰੂਰ ਕਰਵਾ ਕੇ ਲਿਆ? । ਹਾਂ ਦੂਸਰੀ ਗੱਲ ਹੋ ਸਕੇ ਤਾਂ ਟਿਕਟ

ਉਪਰ ॥ਵਿੰਡੋ ਸੀਟ॥ ਵੀ ਜ਼ਰੂਰ ਲ? । ਕਿਉਂਕਿ ਜਹਾਜ਼ ॥ਚੋਂ ਬਾਹਰੀ ਦ੍ਰਿਸ਼ ਵੇਖਣ ਦਾ ਬੜਾ ਆਨੰਦ ਆਉਂਦਾ ਹੈ । ਫੋਟੋਗ੍ਰਾਫੀ ਵੀ ਕਮਾਲ ਦੀ ਆਉਂਦੀ ਹੈ ।

ਐਡਮਿੰਟਨ ਸ਼ਹਿਰ ਤੋਂ ਬੈਂਫ ਜਾਣ ਲਈ ॥ਨਿਸਕੂ ਰੋਡ॥ ਜਾਣਾ ਪੈਂਦਾ ਹੈ । ਲਗਭਗ ਪੰਜ ਘੰਟਿਆਂ ਦਾ ਸਫ਼ਰ ਹੈ ਕਾਰ ਦਾ । ਨਿਸਕੂ ਇਕ ਪਿੰਡ ਹੈ ਜਿੱਥੇ ਐਡਮਿੰਟਨ ਦਾ ਇੰਟਰਨੈਸ਼ਨਲ ਏਅਰ ਪੋਰਟ ਹੇ । ਬੈਂਫ ਜਾਣ ਲਈ ਬੱਸਾਂ, ਟੈਕਸੀਆਂ ਵੀ ਮਿਲ ਜਾਂਦੀਆਂ ਹਨ ।ਬੈਂਫ ਤੱਕ ਦੇ ਰਸਤੇ ਵਿਚ ਤਰ੍ਹਾਂ-ਤਰ੍ਹਾਂ ਦੇ ਸੁੰਦਰ ਦ੍ਰਿਸ਼ ਵੇਖਣ ਨੂੰ ਮਿਲਦੇ ਹਨ । ਭੂਗੋਲਿਕ ਸੁੰਦਰਤਾ, ਕੁਦਰਤੀ ਸੁੰਦਰਤਾ, ਵਾਤਵਰਣ ਦੀ ਸੁੰਦਰਤਾ,ਰਸਤੋਂ ਵਚ ਵੇਖਣ ਨੂੰ ਮਿਲਦੀ ਹੈ ।ਪਤਝੜ ਦੇ ਮੌਸਮ ਵਿਚ ਰੰਗ-ਬਿਰੰਗੇ ਸੁੰਦਰ ਦ੍ਰਿਸ਼ ਕਮਾਲ ਦੇ ਹੁੰਦੇ ਹਨ । ਲੈਂਡ ਸਕੇਪਿੰਗ ਵਿਚ ਕਨੇਡਾ ਵਿਸ਼ਵ ਦਾ ਇਕ ਨੰਬਰ ਦੇਸ਼ ਹੈ । ਇੱਥੇ ਝੀਲਾਂ, ਸੜਕਾਂ, ਚੌਂਕਾਂ, ਵਾਦੀਆਂ, ਪਹਾੜਾਂ ਆਦਿ ॥ਤੇ ਰੁੱਖਾਂ ਤੇ ਫੁੱਲਾਂ ਦੀ ਅਜੀਬ-ਨਿਰਾਲੀ ਦਿਖ ਵਾਲੀ ਲੈਂਡ ਸਕੇਪਿੰਗ ਖੇਚਲ ਭਰਪੂਰ ਹੈ । ਬੈਂਫ ਨੂੰ ਜਿੱਥੇ ਕੁਦਰਤ ਨੇ ਅਪਣੀ ਕਿਰਪਾ ਨਾਲ ਸੰਵਾਰਿਆ, ਨਿਵਾਜ਼ਿਆ ਹੈ ਉਥੇ ਵਿਗਿਆਨੀਆਂ ਦਾ ਵੀ ਅਦਭੁਤ ਕਮਾਲ ਹੈ । ਖਾਸ ਕਰਕੇ ॥ਗੰਡੋਲਾ ਯਾਤਰਾ॥ । ਜਿੱਥੇ ਗੰਡੋਲਾ ਯਾਤਰਾ ਸ਼ੁਰੂ ਹੁੰਦੀ ਹੈ, ਉਹ ਪਹਾੜੀ ਦੇ ਦ੍ਰਿਸ਼, ਸਹੂਲਤਾਂ ਮਨਮੋਹਣੀਆਂ ਅਤੇ ਦਿਲਚਸਪ ਹਨ । ਯਾਤਰੀਆਂ ਦਾ ਸ਼ਾਨਦਾਰ ਢੰਗ ਨਾਲ ਸਨਮਾਨ-ਕਦਰ ਹੁੰਦੀ ਹੈ ।

ਗੰਡੋਲਾ ਬੈਂਫ ਦੇ ਇਕ ਉਚੇ ਪਹਾੜ ਤੋਂ ਸ਼ੁਰੂ ਹੋ ਕੇ ਇਸ ਤੋਂ ਵੀ ਉਪਰ ਉਚੇ ਪਹਾੜ ਤੱਕ ਜਾਂਦਾ ਹੈ । ਹੇਠਲੀ ਪਹਾੜੀ ਜਿੱਥੋਂ ਗੰਡੋਲਾ ਸ਼ੁਰੂ ਹੁੰਦਾ ਹੈ ਲਗਭਗ 698 ਮੀਟਰ ਉਚੀ ਹੈ ਅਤੇ ਜਿਸ ਪਹਾੜੀ ਦੀ ਟੀਸੀ ਉਪਰ ਜਾ ਕੇ ਰੁਕਦਾ ਹੈ ਉਹ ਪਹਾੜੀ 2281 ਮੀਟਰ ਉਚੀ ਹੈ । ਗੰਡੋਲਾ ਵਿਚ ਚਾਰ ਵਿਅਕਤੀ ਹੀ ਬੈਠ ਸਕਦੇ ਹਨ । ਗੰਡੋਲਾ ਯਾਤਰਾ ਦਾ ਖ਼ਤਰਨਾਕ ਪਰ ਦਿਲਚਸਪ ਮੌਕਾ ਹੁੰਦਾ ਹੈ । ਗੰਡੋਲਾ ਤੋਂ ਖ਼ੂਬਸੂਰਤ ਦ੍ਰਿਸ਼ ਨਜ਼ਰ ਆਉਂਦੇ ਹਨ ਜੋ ਚੰਗੇ ਲਗਦੇ ਹਨ । ਗੰਡੋਲਾ ਜਿਸ ਸਲਫਰ ਪਹਾੜੀ ਉਪਰ ਰੁਕਦਾ ਹੈ ਉਸ ਉਚੀ ਪਹਾੜੀ ਦੀ ਟੀਸੀ ਉਪਰ ਕਈ ਮੰਜ਼ਿਲਾ ਆਧੁਨਿਕ ਸ਼ਾਨਦਾਰ ਵਾਲਾ ਹੋਟਲ ਹੈ । ਉਥੇ ਬੀਅਰ ਆਦਿ ਪੀਣ ਦੀ ਕੋਈ ਮਨਾਹੀ ਨਹੀਂ ਹੈ । ਸਾਰਾ ਹੋਟਲ ਪੇਂਟਿੰਗਸ ਨਾਲ ਸੁਸ਼ੋਭਿਤ ਹੈ । ਸੁੰਦਰ ਭਿੱਤੀ ਅਤੇ ਦੀਵਾਰੀ ਅਤੇ ਚਿੱਤਰਕਾਰੀ ਦੇ ਨਾਲ ਲੋਕੀ ਤਸਵੀਰਾਂ ਲੈਂਦੇ ਹਨ । ਹੋਟਲ ਦੇ ਬਾਹਰ ਖੁੱਲ੍ਹਾ-ਡੁੱਲਾ ਬਿਨਾਂ ਛੱਤ ਵਾਲਾ ਲਾਨ (ਬਰਾਮਦਾ) ਹੈ । ਇਸ ਹੋਟਲ ਤੋਂ ਸਾਰਾ ਬੈਂਫ, ਝੀਲਾਂ, ਨਦੀਆਂ, ਬਾਗ-ਬਗੀਚੇ ਆਦਿ ਸਭ ਕੁਝ ਸੁੰਦਰ ਨਜ਼ਾਰੇ ਆਉਂਦੇ ਹਨ । ਲੋਕੀਂ-ਯਾਤਰੀ ਯਾਦਗਾਰੀ ਤਸਵੀਰਾਂ ਪੱਲੇ ਬੰਨਦੇ ਹਨ । ਜਿਸ ਹੋਟਲ ਦੀ ਪਹਾੜੀ ਉਪਰ ॥ਗੰਡੋਲਾ॥ ਪਹੁੰਚਦਾ ਹੈ ਉਸ ਦੇ ਖੱਬੇ ਪਾਸੇ ਬਹੁਤ ਵੱਡੀ ਖੱਡ ਤੋਂ ਬਾਅਦ ਇਕ ਬਹੁਤ ਉਚੀ ਟਾਵਰ ਵਾਲੀ ਪਹਾੜੀ ਹੈ । ਲਗਭਗ ਇਕ ਮਰਲੇ ਦੀ ਟੀਸੀ ਵਾਲੀ ਪਹਾੜੀ । ਇਸਦੀ ਯਾਤਰਾ ਲਈ ਵਿਗਿਆਨੀਆਂ ਨੇ ਕਮਾਲ ਦੇ ਹੁਨਰ ਵਿਖਾਏ । ਹੋਟਲ ਵਾਲੀ ਪਹਾੜੀ ਤੋਂ ਸਾਹਮਣੇ ਟਾਵਰ ਵਾਲੀ ਪਹਾੜੀ ਤੱਕ ਜਾਣ ਲਈ ਲਗਭਗ ਦੋ ਕਿਲੋਮੀਟਰ ਦਾ ਫਾਸਲਾ ਤੈਅ ਕਰਨਾ ਪੈਂਦਾ ਹੈ । ਇਹ ਫਾਸਲਾ ਕਮਾਲ ਦਾ ਹੈ । ਦੋਵਾਂ ਪਹਾੜਾਂ ਦੇ ਵਿਚਕਾਰ ਇਕ ਬਹੁਤ ਡੂੰਘੀ ਖੱਡ ਹੈ । ਕਈ ਮੀਲ ਡੂੰਘੀ । ਇਹ ਖੱਡ ਲਗਭਗ ਦੋ ਕਿਲੋਮੀਟਰ ਦੇ ਕਰੀਬ ਹੈ । ਇੱਥੋਂ ਦੇ ਵਿਗਿਆਨੀਆਂ ਨੇ ਸਖਤ ਮਿਹਨਤ, ਨਿਵੇਕਲੀ ਯੋਜਨਾ ਰਾਹੀਂ, ਵਿਗਿਆਨਕ ਕਲਾ ਨਾਲ ਦੋ ਪਹਾੜੀਆਂ ਵਿਚ ਪੈਂਦੀ ਖੱਡ ਉਪਰ ਲੱਕੜ ਦਾ ਟੇਢਾ-ਮੇਢਾ ਮੋੜਾਂ-ਕੋੜਾਂ ਵਾਲਾ ਰਸਤਾ ਬਣਾ ਦਿੱਤਾ ਹੈ । ਟੇਢਾ-ਮੇਢਾ-ਉਚਾ-ਨੀਵਾਂ ਲੰਬਾ ਲੱਕੜ ਦਾ ਰਸਤਾ ਖੱਡ ਦੇ ਉਪਰ ਦੀ ਜਾਂਦਾ ਹੈ । ਰਸਤੇ ਵਿਚ ॥ਰੁਕਣ ਸਥਾਨ॥ ਬਣਾਏ ਹੋਏ ਹਨ ਕਿਉਂਕਿ ਰਸਤਾ ਚੜ੍ਹਾਈ ਵਾਲਾ ਹੈ । ਰੁਕਣ ਸਥਾਨਾਂ ਉਪਰ ਬੈਂਫ, ਸਫ਼ਾਈ ਢੋਲ ਬਣੇ ਹਨ । ਇਨ੍ਹਾਂ ਸਥਾਨਾਂ ਤੋਂ ਕਈ ਮੀਲ ਥੱਲੇ ਬੈਂਫ ਸ਼ਹਿਰ ਦੇ ਸਾਰੇ ਇਲਾਕੇ ਦਾ ਦ੍ਰਿਸ਼ ਏਦਾਂ ਨਜ਼ਰ ਆਉਂਦਾ ਹੈ ਜਿਵੇਂ ਦੂਰ ਹੇਠਾਂ ਨਦੀਆਂ, ਝੀਲਾਂ, ਪਹਾੜਾਂ, ਬਾਗ਼ਾਂ, ਘਰਾਂ ਆਬਾਦੀ) ਆਦਿ ਦਾ ਸਮੂਹਿਕ ਦ੍ਰਿਸ਼ ਕਿਸੇ ਨਕਸ਼ੇ ਦੀ ਤਰ੍ਹਾਂ ਜਾਂ ਪਤੰਗ ਦੀਟਾਂ ਡੋਰਾਂ ਦੇ ਪੇਚੇ ਵਾਂਗ ਫੈਲਿਆਂ ਨਜ਼ਰ ਆਉਂਦਾ ਹੈ । ਯਥਾਰਥ ਮਨਮੋਹਣਾ । ਇਕ ਜੰਨਤ ਦਾ ਦੂਸਰਾ ਨਾਮ । ਇਕ ਆਲੌਕਿਕਤਾ ਵਿਚ ਵਾਸਤਵਿਕ ਲੋਕਿਕਤਾ ਦਾ ਨਜ਼ਾਰਾ । ਇਹ ਪਹਾੜੀ ਤੱਕ ਜਾਂਦਿਆਂ ਲੱਕੜ ਦੇ ਰਸਤੇ ਜ਼ਰੀਏ ਲਗਭਗ ਪੈਦਲ 1□ ਤੋਂ 2 ਘੰਟੇ ਲਗ ਜਾਂਦੇ ਹਨ ਪਰ ਨੌਜਵਾਨ ਇਹ ਫਾਸਲਾ ਜਲਦੀ ਵੀ ਤੈਅ ਕਰ ਲੈਂਦੇ ਹਨ । ਇਹ ਯਾਤਰਾ ਕੇਵਲ ਪੈਦਲ ਹੁੰਦੀ ਹੈ । ਇਨ੍ਹਾਂ ਉਚੀਆਂ ਪਹਾੜੀਆਂ ਉਪਰ ਸਭ ਤੋਂ ਪਹਿਲਾਂ ਸਾਨਸਨ ਨਾਂਅ ਦਾ ਵਿਅਕਤੀ 1896 ਵਿਚ ਚੜ੍ਹਿਆ ਸੀ । ਬੈਂਫ ਵਿਖੇ ਬੋ-ਵੈਲੀ ਦੇ ਦ੍ਰਿਸ਼ ਮਨਮੋਹਣੇ ਹਨ । ਇੱਥੋਂ ਦੀ ਮਸ਼ਹੂਰ ਜਗ੍ਹਾ ਹੈ ਨੈਸ਼ਨਲ ਪਾਰਕ । ਇਸ ਪਾਰਕ ਤੋਂ ਇਲਾਵਾ ਅਨੇਕਾਂ ਹੋਰ ਕਈ ਪ੍ਰਸਿੱਧ ਦਿਲਕਸ਼ ਪਾਰਕ ਹਨ । ਸੁੰਦਰ ਬੈਂਫ ਸ਼ਹਿਰ ਨੂੰ ॥ਨੈਸ਼ਨਲ ਇਤਿਹਾਸਕ॥ ਸਥਾਨ ਦਾ ਦਰਜਾ ਦਿੱਤਾ ਗਿਆ ਹੈ । ਬੈਂਫ ਕਈ ਉਦਯੋਗ ਹਨ । ਕਈ ਤਰ੍ਹਾਂ ਦੀਆਂ ਖਾਨਾਂ ਅਤੇ ਹੋਰ ਵਿਉਪਾਰਕ ਧੰਦੇ ਹੁੰਦੇ ਹਨ । ਬੈਂਫ ਦੀਆਂ ਦੂਰ ਛੇ ਪਹਾੜੀਆਂ ਦੇ ਆਲੌਕਿਕ ਦ੍ਰਿਸ਼ ਵੇਖਣ ਵਾਲੇ ਹਨ । ਇਹ ਛੇ ਪਹਾੜੀਆਂ ਤਿਕੋਣੀ, ਤੇਜ਼ ਨੁਕਲੀਆਂ ਪਹਾੜੀ ਬਰਫ਼ ਨਾਲ ਢੱਕੀਆਂ ਜੰਨਤ ਦਾ ਮੁਹਾਂਦਰਾ ਪੇਸ਼ ਕਰਦੀਆਂ ਹਨ । ਜੁਲਾਈ, ਅਗਸਤ ਦੇ ਮਹੀਨੇ ਇੱਥੇ ਸੂਰਜ ਚੜ੍ਹਣ ਤੋਂ ਡੁੱਬਣ ਦੇ ਸਮੇਂ ਦਾ ਮਨਮੋਹਣਾ ਉਤਸਵ ਹੁੰਦਾ ਹੈ । ਸ਼ਾਮ ਦੇ ਵੇਲੇ ਸੂਰਜ ਛਿਪਣ ਦੇ ਮੌਕੇ ਨਜ਼ਾਰਾ ਆਲੌਕਿਕ ਆਗਾਜ਼ ਪੈਦਾ ਕਰਦਾ ਹੈ । ਪਹਾੜਾਂ ਪਿੱਛੋਂ ਨਿਕਲਦਾ ਸੂਰਜ ਜਿਵੇਂ ਕੋਈ ਕੁਦਰਤੀ ਦੇਵਤਾ ਦਾ ਜਨਮ ਹੋ ਰਿਹਾ ਹੋਵੇ । ਰੌਸ਼ਨੀ ਦਾ ਤਲਿਸਮ । ਇਸ ਇਲਾਕੇ ਵੱਲ ਕੀਮਤੀ ਮੱਛੀ ਪਾਲਣ ਅਤੇ ਖੇਤੀ-ਵਪਾਰਕ ਉਦਯੋਗ ਹਨ । ਕੁਲ ਮਿਲਾ ਕੇ ਕੁਦਰਤ ਅਤੇ ਵਿਗਿਆਨ ਦਾ ਸੁੰਦਰ, ਅਦਭੁਤ ਸੁਮੇਲ ਹੈ ਬੈਂਫ+ਗੰਡੋਲਾ ।


















# ਚੁੱਪ ਦੀ ਵੀ ਜ਼ਬਾਨ ਹੁੰਦੀ ਹੈ

ਚੁੱਪ ਮਨੁੱਖੀ ਜ਼ਿੰਦਗੀ ਦਾ ਅਹਿਮ ਤੇ ਰਹੱਸਮਈ ਪਹਿਲੂ ਹੈ. ਜਿਸ ਦੇ ਹਾਵ-ਭਾਵ ਦੀ ਕਿਰਿਆ ਹੀ ਜਵਾਬਦਾਰ ਹੁੰਦੀ ਹੈ ।ਚੁੱਪ ਦੀ ਭਾਸ਼ਾ ਨੂੰ ਸਮਝਣਾ ਜਾ ਵੱਸ ਵਿਚ ਕਰਨਾ ਅਸਾਨ ਨਹੀ । ਜਿਸ ਦੀ ਪ੍ਰੋੜਤਾ ਗੁਰਬਾਣੀ ਦੀਆ ਤੁਕਾ “ ਚੁੱਪਾਂ ਚੁੱਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ “ ਵਿਚ ਵੀ ਦਰਸਾਇਆ ਹੈ । ਭਾਂਵੇ ਆਪਣਾ ਧਿਆਨ ਕਿਤੇ ਵੀ ਕੇਂਦਰਤ ਕਰਨ ਦੀ ਕੋਸਿਸ ਕਰੀਏ ਫਿਰ ਵੀ ਚੁੱਪ ਨਹੀ ਰਿਹ ਸਕਦੇ । ਮਨ ਦੇ ਸਹਿਜ ਵਿਚਾਰ ਜਾ ਬਾਹਰੀ ਸੰਸਾਰ ਦਾ ਅਵੱਲੜ ਵਰਤਾਰਾ ਚੁੱਪ ਨਾਲ ਸਹਿਚਾਰ ਨਹੀ ਬਣਨ ਦਿੰਦਾ। ਬੋਲਣਾ ਬਹੁਤ ਅਸਾਨ ਕਾਰਜ ਹੈ । ਪਰ ਅਜਿਹੇ ਅਨੇਕ ਪੜਾਅ ਹਨ ਜਿੱਥੇ ਵਕਤ ਦੇ ਤਕਾਜੇ ਨਾਲ ਚੁੱਪ ਰਹਿਣਾ ਹੀ ਠੀਕ ਸਮਝਿਆ ਜਾਂਦਾ ਹੈ ਅਕਸਰ ਸਿਆਣੇ ਸਮਝਾਉਂਦੇ ਹਨ,ਜੇ ਲੜਾਈ ਵਿੱਚ ਇੱਕ ਧਿਰ ਚੁੱਪ ਹੋ ਜਾਵੇ ਬਹੁਤੇ ਮਸਲਾ ਹੱਲ ਹੋ ਜਾਂਦੇ ਹਨ । ਤੋਲ ਕੇ ਬੋਲੇ ਸਬਦਾ ਨਾਲ ਹੀ ਘਰ ਬੱਝੇ ਰਹਿੰਦੇ ਹਨ ਜਿਸ ਸਕਦਾ ਸਰੀਕੇ ਵਿਚ ਕੁਨਬੇ ਦੇ ਰੁਤਬੇ ਦਾ ਵਾਧਾ ਹੁੰਦਾ ਹੈ. ਚੁੱਪ ਹੀ ਉਮਰ ਭਰ ਰਿਸਤੇ ਨਿਭਾਉਣ ਵਿਚ ਸਹਾਈ ਹੈ. ਸਾਇਦ ਇਸੇ ਲਈ ਪੰਜਾਬੀ ਦਾ ਅਖਾਣ “ ਇਕ ਚੁਪ ਸੌ ਸੁੱਖ ” ਸਮਾਜਿਕ ਵਿਵਹਾਰ ਦਾ ਹਿੱਸਾ ਬਣ ਗਿਆ। ਅਜਿਹੇ ਅਨੇਕਾ ਕੰਮਾਂ ਜੋ ਸੁਣਨ ਨਾਲ ਹੀ ਸਮਝੇ ਜਾ ਸਕਦੇ ਹਨ. ਪਰ ਸਮਝਣ ਲਈ ਲਈ ਚੁੱਪ ਜਰੂਰੀ ਹੈ. ਸਿੱਖਣ ਤੇ ਸਮਝਣ ਲਈ ਚੁੱਪ ਬੋਲਣ ਦੇ ਬਰਾਬਰ ਦੀ ਅਹਿਮੀਅਤ ਹੈ. ਇਸੇ ਲਈ ਅੰਗਰੇਜੀ ਭਾਸ਼ਾ ਨੇ ਸਬਦ ਅਤੇ ਅੱਖਰਾਂ ਦੀ ਗਿਣਤੀ ਵਿੱਚ ਮਾਸਾ ਫਰਕ ਨਹੀ . ਜੋ ਚੁੱਪ ਅਤੇ ਸੁਣਨ ਦੀ ਮਹਾਨਤਾ ਦੀ ਸਮਾਨਤਾ ਨੂੰ ਦਰਸਾਉਂਦਾ ਹੈ.ਇਹ ਸਾਡੀ ਕਲਪਨਾ ਦੇ ਅਲੋਕਾਰੀ ਵਿਚਾਰਾ ਵਿਚ ਵਾਧਾ ਕਰਦੀ ਹੈ. ਉਸ ਉਮਦਾ ਖਜਾਨੇ ਨੂੰ ਲੇਖਣੀ ਜਾਂ ਨਾਟ ਕਲਾ ਰਾਹੀਂ ਪੇਸ ਕਰ ਸਕਦੇ ਹਾਂ.

ਚੁੱਪ ਲਾਤੀਨੀ ਭਾਸ਼ਾ ਦੇ ਸਬਦ ਸਾਈਲੈਂਸ ਤੋਂ ਆਇਆ ਹੈ ਜਿਸਦਾ ਅਰਥ ਸਾਂਤ ਜਾਂ ਆਵਾਜ ਦੀ ਅਣਹੋਂਦ ਹੈ । ਜੋ ਧਿਆਨ ਨੂੰ ਉਤਸਾਹਿਤ ਕਰਦੀ ਤੇ ਇਕਾਗਰਤਾ ਨੂੰ ਵਧਾਉਂਦੀ ਹੋਈ ਛੁਪੀ ਕਲਾ ਨਾਲ ਜੁੜਨ ਦੀ ਆਗਿਆ ਦਿੰਦੀ ਹੈ। ਜਿਸ ਨਾਲ ਸੋਚਣ ਅਤੇ ਕੰਮ ਕਰਨ ਦੀ ਸਕਤੀ ਪ੍ਰਪਤ ਕਰਦੇ ਹਾ। ਪਰ ਅਜੋਕੇ ਸਮੇ ਚੁੱਪ ਸਬਦ ਖੌਫ ਨਾਲ ਜੋੜ ਦਿੱਤਾ । ਚੁੱਪ ਨੂੰ ਅੰਦਰੂਨੀ ਤੌਰ ਤੇ ਖਤਰਨਾਕ, ਸਮਾਜ ਵਿਰੋਧੀ ਜਾਂ ਅਸਧਾਰਨ ਵਜੋਂ ਦੇਖਦੇ ਹਾਂ।ਨੇਤਾਵਾਂ ਦਾ ਬੋਲਣਾ ਭੈਭੀਤ ਨਹੀਂ ਕਰਦਾ ਸਗੋਂ ਉਹਨਾਂ ਦੇ ਮੂੰਹ ਤੇ ਪੱਸਰੀ ਚੁੱਪ ਨਾਲ ਸਨਾਟਾ ਫੈਲ ਜਾਦਾ ਹੈ. ਜਿਸਦੇ ਬੋਲਣ ਨਾਲ ਨੀਤੀਆਂ ਬਣਦੀਆਂ ਤੇ ਬਦਲਦੀ ਅਤੇ ਪਾਰਟੀ ਦੀ ਦਸਾ ਰਾਤੋ ਰਾਤ ਬਦਲ ਜਾਂਦੀ ਹੈ. ਹਨ. ਉਸੇ ਤਰ੍ਹਾਂ ਅੱਲ੍ਹੜ ਉਮਰੇ ਦੀ ਚੁੱਪ ਮਾਪਿਆਂ ਦਾ ਚੈਨ ਉਡਾ ਦਿੰਦੀ ਹੈ. ਭਾਵੇਂ ਉਹ ਅਣਬੁੱਝੇ ਸਵਾਲਾਂ ਦੇ ਫੈਸਲੇ ਸਾਰਥਿਕ ਹੀ ਹੋਵਣ. ਕੁਝ ਤਰਕਹੀਣ ਤੱਥਾ ਕਾਰਨ ਅਸੀਂ ਚੁੱਪ ਤੋਂ ਡਰਦੇ ਅਤੇ ਨਫਰਤ ਕਰਦੇ ਹਾਂ ।ਇਸ ਤੋਂ ਬਚਣ ਲਈ ਹਰ ਸੰਭਵ ਕੋਸ਼ਿਸ਼ ਹੁੰਦੀ ਹੈ।ਲੰਡਨ ਦੀ ਲੇਖਿਕਾ ਸਾਰਾ ਮੈਟਲੈਂਡ ਨੇ ਆਪਣੀ ਪ੍ਰਕਾਸ਼ਨ “ਚੁੱਪ ਦੀ ਕਿਤਾਬ“ ਵਿੱਚ ਕਿਹਾ ਕਿ ਚੁੱਪ ਸਿਰਫ ਆਵਾਜ ਦੀ ਅਣਹੋਂਦ ਨਹੀਂ ਹੈ, ਇਹ ਇਸ ਤੋਂ ਵੱਧ ਹੈ। ਚੁੱਪ ਇੱਕ ਕੁਦਰਤੀ ਵਰਤਾਰਾ ਹੈ ਜੋ ਰਚਨਾਤਮਕ ਊਰਜਾ ਦਾ ਇੱਕ ਸਰੋਤ ਹੋ ਸਕਦਾ ਹੈ ਇਸ ਤੋਂ ਬਚਣ ਦੀ ਬਜਾਏ ਇਸ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਲਾਭ ਲੈਣਾ ਚਾਹੀਦਾ ਹੈ।ਅਸੀਂ ਆਪਣੀ ਜ਼ਿੰਦਗੀ ਵਿੱਚ ਚੁੱਪ ਦੀ ਕਦਰ ਨਹੀਂ ਕਰਦੇ ਉਲਟਾ ਰੌਲੇ-ਰੱਪੇ ਦੇ ਆਦੀ ਹੋ ਗਏ ਹਾਂ ।ਵਿਡੰਵਨਾ ਇਹ ਵੀ ਹੈ ਅਗਸਤ 2021 ਦੇ ਕੌਮਾਂਤਰੀ ਸਰਵੇ ਅਨੁਸਾਰ ਭਾਰਤ ਸਾਂਤ ਦੇਸ਼ਾ ਦੇ ਰੈਂਕ ਵਿੱਚ 135ਵਾਂ ਸਥਾਨ ਅਤੇ ਆਇਸਲੈਂਡ ਪਹਿਲੇ ਸਥਾਨ ਤੇ ਹੈ ।ਜਦੋ ਕਿ ਭਾਰਤ ਉਸ ਤੋ 32 ਗੁਣਾ ਵੱਡਾ ਤੇ ਵਾਧੂ ਵਿਕਾਸ ਦੇ ਸੋਮੇ ਮੋਜੂਦ ਹਨ

ਚੁੱਪ ਵਿੱਚ ਰਚਨਾਤਮਕਤਾ ਕਿਰਿਆ ਦਾ ਅਹਿਮ ਪਹਿਲੂ ਛੁਪਿਆ ਹੈ ।ਧਰਤੀ ਉਪਰ ਜੀਵਤ ਪ੍ਰਣਾਲੀਆ ਨਾਲੋ ਮਨੁੱਖ ਦਿਮਾਗੀ ਤੋਰ ਤੇ ਵਧੇਰੇ ਵਿਕਸਤ ਹੈ । ਪਰ ਕੁਝ ਗੈਰ-ਸਿਹਤਮੰਦ ਆਦਤਾਂ ਦੁਆਰਾ ਇਹ ਗੁਣ ਨਵਾਣ ਵੱਲ ਜਾ ਰਿਹਾ ਹੈ । ਕਿਸੇ ਵੀ ਕਿਰਿਆ ਸਮੇ ਅਸਾਂਤ ਵਾਤਾਵਰਨ ਯਕੀਨੀਨ ਇਕਾਗਰਤਾ ਨੂੰ ਪ੍ਰਭਾਵਤ ਕਰਦਾ ਹੈ।ਨਤੀਜੇ ਵਜੋਂ ਕੰਮ ਦੀ ਗੁਣਵੱਤਾ ਉਪਰ ਅਸਰ ਪੈਂਦੇ ਹੈ । ਰਚਨਾਤਮਕਤਾ ਨੂੰ ਚੁੱਪ ਅਤੇ ਸਾਂਤ ਵਾਤਾਵਰਨ ਦੀ ਲੋੜ ਹੁੰਦੀ ਹੈ। ਇਹ ਮਹੋਲ ਲਿਖਾਵਟ ਲਈ ਫਸਲਾਂ ਨੂੰ ਲੋੜੀਂਦੀ ਖਾਦ ਵਾਗ ਹੈ । ਜੋ ਰਚਨਾਕਾਰ ਨੂੰ ਪ੍ਰਤਿਭਾ ਵਿਕਸਤ ਕਰਨ ਅਤੇ ਡੂੰਘਾਈ ਨਾਲ ਸੋਚਣ ਦੀ ਆਗਿਆ ਦਿੰਦਾ ਹੈ । ਅਜਿਹਾ ਪ੍ਰੇਰਨਾਮਈ ਪਲ ਬੁੱਧੀਜੀਵੀ, ਚਿੰਤਕ, ਕਲਾਕਾਰ, ਲੇਖਕ, ਖੋਜਕਾਰ ਹਮੇਸਾਂ ਲੋਚਦੇ ਹਨ ਤਾਂ ਜੋ ਕੋਮਲ ਅਹਿਸਾਸਾ ਨੂੰ ਲੈਅ ਬੰਧ ਕਰ ਸਕਣ ।ਇਬਾਰਤ ਵੀ ਚੁੱਪ ਦੀ ਉਪਜ ਹੈ । ਪਰਸੀਅਨ ਅਦਬੀ ਕਲਮਕਾਰ ਰੂਮੀ ਨੇ ਚੁੱਪ ਦੀ ਮਹਾਨਤਾ ਬਾਰੇ ਲਿਖਿਆ “ ਕਿ ਚੁੱਪ ਇੱਕ ਸਮੁੰਦਰ ਵਾਂਗ ਹੈ ।ਬੋਲੀ ਜਿਸ ਦਾ ਦਰਿਆਈ ਵਹਾਅ ਹੈ। ਜਦੋਂ ਸਮੁੰਦਰ ਤੁਹਾਨੂੰ ਲੱਭ ਰਿਹਾ ਹੋਵੇ ਤਾ ਨਦੀ ਵੱਲ ਨਾ ਜਾਓ, ਸਮੁੰਦਰ ਨੂੰ ਸੁਣੋ ” ਇਸ ਲਈ ਚੁੱਪ ਨੂੰ ਰਚਨਾਤਮਕਤਾ ਦਾ ਸੋਮਾ ਕਿਹਣ ਵਿੱਚ ਕੋਈ ਅਤਿਕਥਨੀ ਨਹੀ ਹੋਵੇਗਾ ।”



ਚੁੱਪ ਅੰਦਰੂਨੀ ਤੋਰ ਤੇ ਉਤਸਾਹਿਤ ਅਤੇ ਵਿਸਵਾਸ ਪੈਦਾ ਕਰਦੀ ਹੈ।ਅਸੀ ਬਾਹਰੀ ਵਿਚਾਰਾਂ ਤੋ ਹਟਕੇ ਅੰਤਰਮੁੱਖੀ ਗਿਆਨ ਵੱਲ ਕੇਂਦਰਿਤ ਹੁੰਦੇ ਹਾਂ ।ਜਿਸ ਨਾਲ ਦਿਮਾਗ ਨੂੰ ਅਲੌਕਿਕ ਸਕਤੀ ਪ੍ਰਾਪਤ ਹੁੰਦੀ ਹੈ।ਉਸੇ ਤਰ੍ਹਾਂ ਸੰਸਾਰ ਨੂੰ ਦੇਖਣਾ ਸੁਰੂ ਕਰ ਦਿੰਦੇ ਹਾਂ ਜਿਵੇਂ ਇਹ ਹੋਣਾ ਚਾਹੀਦਾ ਹੈ। ਸਾਡੇ ਵਿਚਾਰ ਕਦੇ-ਕਦੇ ਸਾਡੀ ਅਸਲੀਅਤ ਦੇ ਰਾਹ ਵਿੱਚ ਆ ਜਾਂਦੇ ਹਨ ।ਅਸੀਂ ਆਪਣੇ ਆਲੇ ਦੁਆਲੇ ਦੀ ਸੁੰਦਰਤਾ ਨੂੰ ਨਹੀਂ ਦੇਖਦੇ । ਜਦੋਂ ਚੁੱਪ ਹੁੰਦੀ ਹੈ ਤਾਂ ਆਤਮ-ਨਿਰੀਖਣ ਅਤੇ ਸੱਚੇ-ਮਨ ਨੂੰ ਬੋਲਣ ਦੀ ਇਜਾਜਤ ਮਿਲਦੀ ਹੈ ।ਜਿਸ ਸਦਕੇ ਅਟਲ ਸਚਾਈ ਆਪ-ਮੁਹਾਰੇ ਪ੍ਰਕਰਮਾ ਕਰਦੀ ਹੈ ।ਇਹ ਅੰਦਰੂਨੀ ਆਵਾਜ ਨੂੰ ਸਮਝਣ,ਸੁਣਨ ਅਤੇ ਸੋਚਣ ਦੇ ਯੋਗ ਬਣਾਉਂਦੀ ਹੈ। ਇਹ ਆਪਣੇ ਆਪ ਨੂੰ ਜਾਨਣ ਦਾ ਉਤਮ ਮੌਕਾ ਹੁੰਦਾ ਹੈ । ਚੁੱਪ ਸਾਡੀਆਂ ਕਦਰਾਂ-ਕੀਮਤਾਂ, ਖੂਬੀਆਂ , ਵਿਰਤੀਆਂ , ਸੀਮਾਵਾਂ ਲੱਭ ਟੀਚੇ ਮਿਥ ਕੇ ਸਹੀ ਦਿਸਾ ਵੱਲ ਮੋੜਦੀ ਹੈ।

ਚੁੱਪ ਮਾਨਸਿਕ ਤੇ ਸਰੀਰਕ ਤੋਰ ਤੇ ਸਕੂਨ ਪ੍ਰਦਾਨ ਕਰਦੀ ਹੈ । ਇਸੇ ਲਈ ਧਾਰਮਿਕ ਸਥਾਨਾ ਅਤੇ ਹਸਪਤਾਲਾ ਵਿੱਚ ਟਿਕਾ ਵਾਲੇ ਮਹੋਲ ਦਾ ਖਾਸ ਧਿਆਨ ਰੱਖਦੇ ਹਨ ਜਿਸ ਦੀ ਆਧੁਨਿਕ ਜੀਵਨ ਵਿੱਚ ਅਤਿ ਘਾਟ ਰੜਕਦੀ ਹੈ ।ਲੋਕਾ ਦੀ ਬੇਚੈਨੀ ਦਰਸਾਉਂਦੀ ਹੈ ਕਿ ਉਹ ਚੁੱਪ ਤੋਂ ਕਿੰਨੇ ਦੂਰ ਹਨ । ਹਾਈਪਰਐਕਟੀਵਿਟੀ ਦੀ ਸਮੱਸਿਆ ਵਧਦੀ ਜਾ ਰਹੀ ਹੈ ਜੋ ਦਿਮਾਗੀ ਰੌਲੇ-ਰੱਪੇ ਚਲਦਿਆ ਸ਼ਾਂਤ ਹੋਣ ਤੋਂ ਰੋਕਦੀ ਹੈ। ਅਸੀਂ ਵਰਤਮਾਨ ਪਲ ਨੂੰ ਜੀਣ ਲਈ ਅਤੀਤ ਅਤੇ ਭਵਿੱਖ ਨੂੰ ਭੁੱਲ ਜਾਂਦੇ ਹਾਂ। ਕਈ ਵਾਰ ਅਸਾਂਤ ਸਮੇ ਅਤੇ ਊਣੇ ਗਿਆਨ ਦੇ ਬੋਲ ਨਾਸੂਰ ਬਣ ਉਭਰਦੇ ਹਨ । ਅਜਿਹੇ ਮੌਕੇ ਸੁਲਝੇ ਮਨੁੱਖ ਨੂੰ ਸਾਂਤ ਰਿਹਣਾ ਹੀ ਸਹੀ ਜਾਪਦਾ ਹੈ ।ਜਿਸਦੀ ਹਾਮੀ ਗੁਰਾ ਦੀ ਬਾਣੀ “ ਜਿਥੈ ਬੋਲਿਣ ਹਾਰੀਐ,ਤਿਥੈ ਚੰਗੀ ਚੁੱਪ ” ਦਾ ਵਾਕ ਵੀ ਹਾਰਨ ਦੀ ਬੋਲੀ ਬੋਲਣ ਤੋ ਵਰਜਿਤ ਕਰਦੇ ਹੋਏ ਚੁੱਪ ਰਿਹਣ ਵਿੱਚ ਹੀ ਭਲਾ ਫਰਮਾਉਦੇ ਹਨ ।ਸੂਫੀ ਕਵੀ ਬਾਬਾ ਬੁੱਲ੍ਹੇ ਸ਼ਾਹ ਨੇ ਚੁੱਪ ਅਤੇ ਸਮਾਜਿਕ ਪ੍ਰੰਪਰਾ ਸਬੰਧੀ ਰਚੀ ਵਿਲੱਖਣ ਰਚਨਾ ਕੁੱਜੇ ਵਿੱਚ ਸਮੁੰਦਰ ਬੰਦ ਕਰਨ ਦੇ ਸ਼ਮਾਨ ਹੈ। ਜਿਸ ਰਾਹੀ ਮਨੁੱਖੀ ਫਿਤਰਤ ਦਾ ਅਸਲ ਚਿਹਰਾ ਉਜਾਗਰ ਹੋਇਆ .

ਸੱਚ ਸੁਣਦੇ ਲੋਕ ਨਾ ਸਹਿੰਦੇ ਨੀ,ਸੱਚ ਆਖੀਏ ਤਾਂ ਗਲ ਪੈਂਦੇ ਨੀ.
ਫਿਰ ਸੱਚੇ ਪਾਸ ਨਾ ਬਹਿੰਦੇ ਨੀ,ਸੱਚ ਮਿੱਠਾ ਆਸਕ ਪਿਆਰੇ ਨੂੰ.
ਚੁੱਪ ਕਰਕੇ ਕਰੀਂ ਗੁਜਾਰੇ ਨੂੰ.

ਚੁੱਪ ਨਾਲ ਸੁਣਨ ਦਾ ਮੌਕਾ ਮਿਲਦਾ ਹੈ । ਦੂਜਿਆ ਨਾਲ ਗੱਲਬਾਤ ਦੌਰਾਨ ਚੁੱਪ ਇਕ ਸਤਿਕਾਰਤ ਚਿੰਨ ਹੈ । ਚਿਹਰੇ ਦੇ ਹਾਵ-ਭਾਵ ਨਾਲ ਲੱਗੀ ਹਾਜਰੀ ਬੁਲਾਰੇ ਦਾ ਹੋਸਲਾ ਬੁਲੰਦ ਕਰਦੀ ਹੈ । ਇਸ ਦੇ ਉਲਟ ਜਦੋਂ ਟੋਕਦੇ ਹਾ ਜਾਂ ਸੁਣਦੇ ਨਹੀਂ ਤਾਂ ਇਹ ਦਰਸਾ ਰਹੇ ਹੋ ਕਿ ਦੂਜੇ ਵਿਅਕਤੀ ਦੇ ਵਿਚਾਰ ਮਹੱਤਵਪੂਰਨ ਨਹੀਂ । ਦਿਮਾਗੀ ਚੁੱਪ ਵੀ ਉਨੀ ਹੀ ਜਰੂਰੀ ਹੈ ਤਾ ਜੋ ਅੰਦਰੂਨੀ ਆਵਾਜ ਨੂੰ ਸੁਣਨ ਦਾ ਮੌਕਾ ਮਿਲ ਸਕੇ ।ਇਹ ਸਾਨੂੰ ਗਲਤ ਵਿਚਾਰਾਂ ਤੋਂ ਬਚਾਉਣ ਅਤੇ ਮਾਨਸਿਕ ਸੋਰ ਨੂੰ ਖਤਮ ਕਰਨ ਦੇ ਯੋਗ ਬਣਾਉਂਦੀ ਹੈ । ਆਪਣੇ ਮਨ ਨੂੰ ਸਾਂਤ ਕਰ ਵਧੇਰੇ ਕੁਸਲਤਾ ਨਾਲ ਕੰਮ ਕਰ ਸਕਦੇ ਹਾਂ । ਸਾਡੇ ਰੋਜਾਨਾ ਜੀਵਨ ਵਿੱਚ ਮਾਨਸਿਕ ਚੁੱਪ ਦਾ ਟੀਚਾ ਹੋਣਾ ਚਾਹੀਦਾ ਹੈ। ਜੇਕਰ ਮਾਨਸਿਕ ਤੌਰ ‘ਤੇ ਸਾਂਤ ਹਾਂ ਮੁਸਕਲ ਸਮੱਸਿਆਵਾਂ ਦਾ ਨਿਬੇੜਾ ਕਰ ਸਕਦੇ ਹਾਂ । ਜੀਵਨ ਦੀ ਬੇਹਤਰੀ ਲਈ ਜੂਝਣ ਤੋ ਨਹੀ ਡਰਦੇ । ਸਾਨੂੰ ਅਸਮਾਨ ਵਾਂਗ ਵਡੇਰਾ ਦੂਜਿਆਂ ਦੇ ਵਿਚਾਰਾਂ ਨੂੰ ਬਰਦਾਸਤ ਕਰਨ ਲਈ ਅਤੇ ਸਮੁੰਦਰ ਵਾਂਗ ਡੂੰਘਾ ਹੋਣਾ ਚਾਹੀਦਾ ਹੈ ਜਿੱਥੇ ਜੀਵਨ ਦੀਆਂ ਸਾਰੀਆਂ ਸਮੱਸਿਆਵਾਂ ਡੁੱਬ ਜਾਵਣ । ਚੁੱਪ ਬਾਰੇ ਨਕਾਰਾਤਮਕ ਅਕਸ ਬਦਲਣਾ ਚਾਹੀਦਾ ਹੈ।ਚੁੱਪ ਦੇ ਗੁਝੇ ਭੇਤ ਸਮਝ ਹੀ ਜਿੰਦਗੀ ਦੇ ਫਲਸਫੇ ਨੂੰ ਸਿੰਝਣ ਵਿਚ ਮੱਦਦ ਮਿਲਦੀ ਹੈ । ਬੇਸੱਕ ਵਿਗਿਆਨ ਅਤੇ ਤਕਨਾਲੋਜੀ ਨੇ ਜੀਵਨ ਨੂੰ ਸੁਖਾਲਾ ਬਣਾ ਦਿੱਤਾ। ਪਰੰਤੂ ਲੋਕ ਅਨੈਤਿਕ ਉਦੇਸ ਲਈ ਕਾਢਾਂ ਦੀ ਦੁਰਵਰਤੋਂ ਵੱਲ ਤੁਰ ਪਏ । ਜਿਸ ਨੇ ਸਾਂਤੀ ਅਤੇ ਸਦਭਾਵਨਾ ਨਾਲ ਰਹਿਣ ਦੇ ਤਰੀਕਿਆਂ ਨੂੰ ਪਾਸੇ ਸੁਟਿਆ ।ਹੋਰ ਅਨੇਕਾ ਵਸਤਾ ਹਨ ਉਝ ਮੋਬਇਲ ਦੀ ਕਾਢ ਨੇ ਹੀ ਪੂਰੀ ਦੁਨੀਆ ਦੇ ਸਾਰੇ ਪੱਖਾ ਨੂੰ ਝੰਜੋੜ ਕੇ ਰੱਖ ਦਿੱਤਾ ।ਅਥਾਹ ਸਕਤੀ ਦੇ ਨਾਲ ਬਹੁਤ ਵੱਡੀ ਜ਼ਿੰਮੇਵਾਰੀ ਆਉਂਦੀ ਹਨ । ਵਿਨਾਸਕਾਰੀ ਪੱਖ ਨਾਲੋ ਸਿੱਖਿਆ, ਸਿਹਤ ਅਤੇ ਉਤਪਾਦਕ ਸਾਧਨਾਂ ਦੀ ਮੁੱਢਲੀ ਲੋੜ ਹੈ । ਜੋ ਸ਼ਾਤ ਮਹੋਲ ਦੀਆ ਬੁਨਿਆਦਾ ਹਨ ।ਇਹ ਰਾਹ ਕੁਦਰਤ ਨਾਲ ਜੁੜਨ ਦਾ ਸਰਲ ਮਾਰਗ ਹੈ । ਜਿਸ ਦੀਆ ਪਗਡੰਡੀਆ ਚੁਪ ਵਿਚੋ ਹੋ ਗੁਜਰ ਦੀਆ ਹਨ ।ਇਸ ਤੋ ਬਿਨਾ ਕੁਦਰਤ ਦੀਆ ਅਸੀਮ ਨਿਆਮਤਾ ਨੂੰ ਮਾਨਣ ਦਾ ਕੋਈ ਹੋਰ ਬਦਲ ਨਹੀ ।ਸੋ ਆਉ ਚੁੱਪ ਦੇ ਅਣਮੁੱਲੇ ਖਜਾਨੇ ਦੀ ਦਾਤ ਨਾਲ ਜੀਵਨ ਸ਼ਫਲ ਬਣਾਈਏ ਤੇ ਚੋਗਿਰਦਾ ਨੂੰ ਸਾਂਤ ਵਾਤਾਵਰਨ ਦੀ ਸੋਹ ਨਾਲ ਰੂਹਾਨੀ ਰੰਗ ਵਿੱਚ ਰੰਗੀਏ ।

**ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ**

# ਨੂੰਹ ਅਤੇ ਸੱਸ ਦਾ ਰਿਸ਼ਤਾ..


- ਬਿਨਾਂ ਸੱਕ ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ ਇਥੇ ਮੁੱਢ ਕਦੀਮੋ ਸਾਡੇ ਗੁਰੂ ਸਾਹਿਬਾਨ ਨੇ ਆਪਣੇ ਲੋਕਾਂ ਨੂੰ ਚੰਗੇ ਰਸਤੇ ਪਾਉਣ ਦੇ ਲਈ ਵੱਡੇ ਅਹਿਮ ਕਾਰਨਾਮੇ ਕੀਤੇ ਹਨ ।ਹਮੇਸਾਂ ਹੀ ਪੀਰ ਪਿਗੰਬ੍ਰਾਂ ਨੇ ਆਪਣੀ ਲੋਕਾਈ ਦੇ ਹਿਤ ਵਿਚ ਫੈਸਲਾ ਲੈ ਲੈਂਦਿਆਂ ਕਾਫੀ ਕੁਝ ਵੱਖਰਾ ਕਰਨ ਦਾ ਯਤਨ ਕੀਤਾ ਹੈ । ਸਦਾ ਹੀ ਸਾਡੇ ਗੁਰੂ ਸਾਹਿਬਾਨਾਂ ਨੇ ਕੌਮੀ ਹਿੱਤਾਂ ਨੂੰ ਪਹਿਲ ਦੇਂਦਿਆਂ ਅੱਗੇ ਵੱਧ ਕੇ ਵੱਡੀ ਲੜਾਈ ਲੜੀ ਹੈ । ਗੱਲ ਚਾਹੇ ਧਰਮ ਦੀ ਹੋਵੇ ਜਾਂ ਹੋਰਨਾਂ ਖੇਤਰਾਂ ਦੀ ਗੁਰੂ ਸਾਹਿਬਾਨ ਨੇ ਸਮਾਜਿਕ ਖੇਤਰ ਵਿਚ ਵੀ ਆਮ ਲੋਕਾਂ ਦੇ ਹਿਤ ਵਿਚ ਪਹਿਰਾ ਦੇ ਕੇ ਦੀਨ ਦੁਖੀਆਂ ਦੀ ਮਦਦ ਕੀਤੀ ਹੈ ।ਸਾਡੇ ਗੁਰੂ ਸਾਹਿਬਾਨ ਦਾ ਹਮੇਸਾਂ ਹੀ ਇਹ ਫਲਸਫਾ ਰਿਹਾ ਹੈ ਕਿ ਉਨ੍ਹਾਂ ਨੇ ਮਜਲੂਮਾਂ ਦੀ ਰੱਖਿਆ ਕੀਤੀ ਅਤੇ ਦੀਨ ਦੁਖੀਆਂ ਦੀ ਮਦਦ ਵਿੱਚ ਕੋਈ ਕਸਰ ਬਾਕੀ ਨਾ ਰਹਿਣ ਦਿੱਤੀ ।ਪਰ ਕੀ ਅਸੀਂ ਗੁਰੂ ਸਾਹਿਬਾਨ ਦੇ ਫਲਸਫੇ ਅਨੁਸਾਰ ਜ਼ਿੰਦਗੀ ਜੀਉਣ ਦੀ ਕਾਮਨਾ ਕਰ ਰਹੇ ਹਾਂ ਇਹ ਵੱਡੀ ਚਰਚਾ ਦਾ ਵਿਸਾ ਹੈ ।

ਜੇਕਰ ਗੱਲ ਰਾਜਨੀਤੀ, ਧਰਮ ਦੀ ਕਰੀਏ ਤਾਂ ਉਥੇ ਵੀ ਸਾਡੇ ਸਿੱਖ ਗੁਰੂ ਸਹਿਬਾਨਾਂ ਨੇ ਕਦੇ ਵੀ ਭੇਦ ਭਾਵ ਵਾਲੀ ਜ਼ਿੰਦਗੀ ਨੂੰ ਲਾਗੂ ਨਾ ਹੋਣ ਦਿੱਤਾ । ਭਾਵੇਂ ਸਾਡਾ ਅੱਜ ਦਾ ਵਿਸਾ ਕੁਝ ਵੱਖਰਾ ਹੈ ਕਿਉਂਕਿ ਅਸੀਂ ਅੱਜ ਗੱਲ ਧਰਮੀ ਰਿਸਤੇ ਤੋਂ ਸੁਰੂ ਕਰਕੇ ਕਰਕੇ ਦੁਨਿਆਵੀ ਰਿਸਤਿਆਂ ਵਿਚ ਲੈ ਕੇ ਜਾਣੀ ਹੈ ਬਿਨਾਂ ਸੱਕ ਇਹ ਵਿਸਾ ਵੱਖਰਾ ਹੈ ਪਰ ਇਸ ਦਾ ਸੰਬੰਧ ਸਾਡੇ ਨਾਲ ਸਿੱਧਾ ਹੈ ।ਸਾਡੇ ਸਮਾਜ ਅੰਦਰ ਦੁਨਿਆਵੀ ਰਿਸਤੇ ਕਿਵੇਂ ਪੂਰ ਚੜ੍ਹਦੇ ਹਨ ਇਹ ਸਾਨੂੰ ਸਾਰਿਆਂ ਨੂੰ ਪਤਾ ਹੈ ਅਤੇ ਅਸੀਂ ਖੁਦ ਵੀ ਕਈ ਵਾਰ ਦੁਨਿਆਵੀ ਰਿਸਤੇ ਨਿਭਾਉਣ ਖਾਤਰ ਕਾਫੀ ਜੱਦੋ-ਜਹਿਦ ਕਰਦੇ ਹਾਂ । ਸਾਡੇ ਦੁਨਿਆਵੀ ਰਿਸਤਿਆਂ ਦਾ ਸਿੱਧਾ ਸਬੰਧ ਧਰਮ ਦੇ ਰਿਸਤੇ ਨਾਲ ਹੈ । ਇਸ ਗੱਲ ਨੂੰ ਭਾਵੇਂ ਕੋਈ ਮੰਨੇਂ ਜਾਂ ਨਾਂ ਮੰਨੇ ਕੁੱਝ ਵੀ ਫਰਕ ਨਹੀਂ ਪੈਂਦਾ ਪਰ ਅਸਲ ਵਿਚ ਇਹ ਇਕ ਦੂਜੇ ਦੇ ਪੂਰਕ ਹਨ ਜੋ ਇਕ ਸਮਾਂਨ ਚੱਲ ਰਹੇ ਹਨ ।ਅਸੀਂ ਭਾਵੇਂ ਗੁਰੂ ਘਰ ਬਹੁਤ ਵੱਡੇ-ਵੱਡੇ ਬਣਾ ਲਏ ਪਰ ਪਰਵਾਰਾਂ ਦੇ ਮਾਮਲੇ ਵਿਚ ਕੁਝ ਵੀ ਨਹੀਂ ਕਰ ਸਕੇ ਇਹ ਇਸ ਦਾ ਸੰਤਾਪ ਹੰਢਾ ਰਹੇ ਹਾਂ । ਅੱਜ ਇਹ ਗੱਲ ਕਰੀਏ ਤਾਂ ਨੂੰਹ ਸੱਸ ਦੇ ਰਿਸਤੇ ਦੀ ਗੱਲ ਕਰਨੀ ਵੀ ਬਣਦੀ ਹੈ । ਕਿਉਂਕਿ ਇਹ ਰਿਸਤੇ ਸਾਡੇ ਸਮਾਜ ਅੰਦਰ ਖਾਸ ਅਤੇ ਵੱਡੇ ਹਨ । ਇਨ੍ਹਾਂ ਰਿਸਤਿਆਂ ਤੋਂ ਬਿਨਾਂ ਸਾਡਾ ਸਮਾਜ ਅਧੂਰਾ ਹੈ । ਭਾਵੇਂ ਕਿ ਬਹੁਤ ਸਾਰੇ ਲੋਕ ਇਨ੍ਹਾਂ ਰਿਸਤਿਆਂ ਨੂੰ ਨਿਭਾਉਣ ਤੋਂ ਅਸਮਰਥ ਹੁੰਦੇ ਹਨ ਪਰ ਕੁਝ ਵੀ ਹੋਵੇ ਇਹ ਰਿਸਤਿਆਂ ਦੀ ਆਪਣੇ ਆਪ ਵਿਚ ਇਕ ਵੱਖਰੀ ਜਗਾ ਹੈ ਅਤੇ ਇਹ ਸੋਚਣਾ ਵੀ ਬਣਦਾ ਹੈ ਕਿ ਅਸੀਂ ਰਿਸਤਿਆਂ ਨੂੰ ਨਿਭਾਉਣ ਵਿੱਚ ਕਿੱਥੇ ਕੁ ਖੜ੍ਹੇ ਹਾਂ ।ਗੱਲ ਕਰ ਰਹੇ ਸੀ ਨੂੰਹ ਸੱਸ ਦੇ ਰਿਸਤੇ ਦੀ । ਹਰ ਘਰ ਵਿਚ ਨੂੰਹ ਲਿਆਂਦੀ ਜਾਂਦੀ ਹੈ ਅਤੇ ਧੀ ਨੂੰ ਤੋਰਿਆ ਜਾਂਦਾ ਹੈ ।ਇਹ ਦੁਨੀਆਂ ਦਾ ਦਸਤੂਰ ਹੈ । ਪਰ ਇੱਕ ਗੱਲ ਧਿਆਨ ਜਰੂਰ ਮੰਗਦੀ ਹੈ ਕਿ ਅਸੀਂ ਇਸ ਸਾਰੇ ਮਸਲੇ ਵਿੱਚ ਕਿੱਥੇ ਕੁ ਖੜ੍ਹੇ ਹਾਂ ਕਿ ਅਸੀਂ ਆਪਣੀਆਂ ਨੂੰਹਾਂ ਨੂੰ ਸਤਿਕਾਰ ਦੇ ਰਹੇ ਹਾਂ । ਜੇਕਰ ਉਨ੍ਹਾਂ ਨੂੰ ਅਸੀਂ ਬਣਦਾ ਸਤਿਕਾਰ ਨਹੀਂ ਦੇ ਰਹੇ ਤਾਂ ਕਿਉਂ ਨਹੀਂ ਦੇ ਰਹੇ ।ਯਾਦ ਰੱਖਿਓ ਜੇਕਰ ਅੱਜ ਇੱਕ ਨੂੰਹ ਆਪਣੀ ਸੱਸ ਨੂੰ ਸਤਿਕਾਰ ਨਹੀਂ ਦੇ ਸਕਦੇ ਤਾਂ ਕੱਲ੍ਹ ਨੂੰ ਉਸ ਨੇ ਵੀ ਨੂੰਹ ਬਣਨਾ ਹੈ ।

ਕਹਿਣ ਨੂੰ ਤਾਂ ਅਸੀਂ ਗੁਰਸਿੱਖ ਅਤੇ ਗੁਰਬਾਣੀ ਪੜ੍ਹਨ ਵਾਲੇ ਲੋਕ ਹਾਂ ਪਰ ਰਿਸਤੇ ਨਿਭਾਉਣ ਵਿਚ ਅਸਫਲ ਕਿਉਂ ਹੋ ਰਹੇ । ਕੀ ਕਦੇ ਸੋਚਿਆ ਹੈ ਕਿ ਨੂੰਹ ਵੀ ਕਿਸੇ ਦੀ ਧੀ ਹੈ ।ਉਸ ਨੂੰ ਵੀ ਉਸ ਦੇ ਮਾਪਿਆਂ ਨੇ ਪਾਲਿਆ ਹੈ ਪਰ ਅਸੀਂ ਉਸ ਦੇ ਨਾਲ ਕੀ ਸਲੂਕ ਕਰ ਰਹੇ ਹਾਂ ।ਅੱਜ ਜੇਕਰ ਜੋ ਕੁਝ ਸਾਡੇ ਸਮਾਜ ਵਿਚ ਹੋ ਰਿਹਾ ਹੈ ਉਸਨੂੰ ਵੇਖ ਕੇ ਨਹੀਂ ਲੱਗ ਰਿਹਾ ਕਿ ਅਸੀਂ ਰੱਬ ਨੂੰ ਮੰਨਣ ਵਾਲੇ ਲੋਕ ਹਾਂ ਅਤੇ ਉਨ੍ਹਾਂ ਦੇ ਨਾਲ ਜੋ ਵਿਤਕਰਾ ਸਮਾਜ ਅੰਦਰ ਕੀਤਾ ਜਾ ਰਿਹਾ ਹੈ ਉਸ ਨੂੰ ਵੇਖ ਲੁ ਕੰਡੇ ਖੜੇ ਹੋ ਜਾਂਦੇ ਹਨ । ਆਪੋ ਆਪਣੇ ਮਨਾਂ ਅੰਦਰ ਝਾਤ ਮਾਰਕੇ ਵੇਖਿਓ ਕਿ ਅਸੀਂ ਗੁਰੂ ਸਾਹਿਬਾਨ ਦੇ ਫਲਸਫੇ ਤੇ ਚੱਲ ਰਹੇ ਹਨ । ਜਾਂ ਅਸੀਂ ਸੱਚੇ ਮਨੋ ਕਿੱਥੇ ਕੁ ਖੜ੍ਹੇ ਹਾਂ ਜੋ ਕੁਝ ਸਾਨੂੰ ਕਰਨਾ ਚਾਹੀਦਾ ਹੈ ਕਿ ਉਹ ਠੀਕ ਹੈ । ਕੀ ਸਾਡੀਆਂ ਧੀਆਂ ਹੋਰਨਾਂ ਦੇ ਘਰਾਂ ਵਿੱਚ ਜਾ ਕੇ ਨੂੰਹਾਂ ਨਹੀਂ ਬਣਨਗੀਆਂ ਇਹ ਗਲ ਧਿਆਨ ਮੰਗਦੀ ਹੈ ਅੱਜ ਦੇ ਸਮੇਂ ਵਿੱਚ । ਸਾਰਿਆਂ ਦਾ ਸਤਿਕਾਰ ਕਰੋ ਸਾਰਿਆਂ ਨੂੰ ਇਕੋ ਲੜੀ ਵਿੱਚ ਪਰੋ ਕੇ ਜ਼ਿੰਦਗੀ ਜਿਉਣ ਦੇ ਜਜਬਾਤਾਂ ਹੇਠ ਕੰਮ ਕਰੋ ।ਅਸੀਂ ਇਹ ਗੱਲ ਨੂੰ ਮਨ ਵਿਚ ਰੱਖ ਕੇ ਚੱਲੀਏ ਕਿ ਸਾਡੀਆਂ ਧੀਆਂ ਵੀ ਉਹਨਾਂ ਦੇ ਘਰਾਂ ਵਿੱਚ ਜਾ ਕੇ ਨੂੰਹਾਂ ਬਣਨਗੀਆਂ ਤਾਂ ਅਸੀਂ ਕਦੇ ਵੀ ਕੋਈ ਮਾੜਾ ਕੰਮ ਨਹੀਂ ਕਰਨਾ ਚਾਹਾਂਗੇ ।ਇਹ ਸਮੇਂ ਦਾ ਦਸਤੂਰ ਹੈ ਹਰ ਇਕ ਨੇ ਹਸਾਬ ਕਤਾਬ ਦੇਣਾ ਹੈ। ਹੈਰਾਨੀਜਨਕ ਤੱਥ ਹੈ ਕਿ ਅੱਜ ਦੇ ਸਮੇਂ ਜਦ ਪੜ੍ਹਾਈ ਲਿਖਾਈ ਨੂੰ ਮੁੱਖ ਰੱਖ ਕੇ ਹਰ ਇਕ ਮਾਂ ਪਿਓ ਵੱਲੋਂ ਆਪਣੇ ਬੱਚਿਆਂ ਨੂੰ ਸਿੱਖਿਆ ਦਿੱਤੀ ਜਾਂਦੀ ਹੈ ਤਾਂ ਪਤਾ ਨਹੀਂ ਇਨ੍ਹਾਂ ਦੇ ਮਾਮਲੇ ਵਿਚ ਕਿਉਂ ਅਸੀਂ ਕਾਫੀ ਕੁਝ ਅਜਿਹਾ ਕਰ ਜਾਂਦੇ ਹਾਂ ਜੋ ਕਦਾਚਿਤ ਵੀ ਸਾਡੇ ਸਮਾਜ ਨੂੰ ਮਾਨਤਾ ਪ੍ਰਾਪਤ ਨਹੀਂ ਹੁੰਦਾ ।ਜੇਕਰ ਗੁਰੂ ਸਾਹਿਬਾਨ ਦੇ ਫਲਸਫੇ ਅਨੁਸਾਰ ਚਲ ਕੇ ਜ਼ਿੰਦਗੀ ਜਿਉਣ ਦੀ ਗੱਲ ਕਰੀਏ ਤਾਂ ਵੀ ਰੂਹ ਦਾ ਰਿਸਤਾ ਇੱਕ ਅਜਿਹਾ ਰਿਸਤਾ ਹੈ ਜੋ ਸਾਡੇ ਪਰਿਵਾਰ ਵਿੱਚ ਵਾਧਾ ਕਰਦਾ ਹੈ । ਪਰ ਪਤਾ ਨਹੀਂ ਕਿਉਂ ਅਸੀਂ ਹੋਰਨਾਂ ਰਸਤਿਆਂ ਦੇ ਪਾਂਧੀ ਬਣ ਕੇ ਜ਼ਿੰਦਗੀ ਜਿਊਣ ਨੂੰ ਤਰਜੀਹ ਦਿੰਦੇ ਹਾਂ । ਕੋਈ ਫਾਇਦਾ ਨਹੀਂ ਸਾਨੂੰ ਵੱਡੀਆਂ-ਵੱਡੀਆਂ ਕਾਰਾਂ ਕੋਠੀਆਂ ਦਾ ਅਤੇ ਧਾਰਮਿਕ ਗ੍ਰੰਥ ਪੜ੍ਹੇ ਦਾ ਜੇਕਰ ਅਸੀਂ ਉਨ੍ਹਾਂ ਨਾ ਧੀਆਂ ਨੂੰ ਅੱਜ ਵੀ ਬੋਝ ਮਨਦੇ ਹਾਂ ।ਅਸੀਂ ਘੱਟ ਪੜ੍ਹੇ-ਲਿਖੇ ਨੂੰ ਤਾਂ ਇਹ ਦੋਸ ਦਿੰਦੇ ਹਾਂ ਕਿ ਉਹ ਅਨਪੜ੍ਹ ਹਨ ਪਰ ਪੜ੍ਹੇ-ਲਿਖੇ ਲੋਕ ਉਥੇ ਹੀ ਖੜ੍ਹੇ ਹਨ ਇਹ ਵੀ ਸੋਚਣ ਦਾ ਵਿਸਾ ਹੈ ।ਪ੍ਰਦੇਸੀਂ ਵਸਦੇ ਸਜਣ ਵੀ ਉਨ੍ਹਾਂ ਧੀਆਂ ਦੇ ਮਾਮਲੇ ਵਿੱਚ ਘੱਟ ਨਹੀਂ ਹਨ ਕੈਨੇਡਾ ਅਤੇ ਅਮਰੀਕਾ ਵਰਗੇ ਮੁਲਕਾਂ ਅੰਦਰ ਜਾਕੇ ਵੀ ਬਹੁਤ ਸਾਰੇ ਲੋਕ ਪ੍ਰਵਾਰਾਂ ਵਿੱਚ ਗੰਭੀਰ ਮਸਲੇ ਖੜ੍ਹੇ ਕਰੀ ਬੈਠੇ ਹਨ । ਪਿਛਲੇ ਸਮੇਂ ਵੀ ਵੇਖਿਆ ਗਿਆ ਕਿ ਕਈ ਪਰਵਾਰਾਂ ਵੱਲੋਂ ਆਪਣੀਆਂ ਨੂੰਹਾਂ ਦੇ ਨਾਲ ਕਲੇਸ ਤੋਂ ਬਾਅਦ ਉਨ੍ਹਾਂ ਦੀ ਮਾਰ-ਕੁਟ ਕਰਦੇ ਉਨ੍ਹਾਂ ਨੂੰ ਘਰੋਂ ਕੱਢ ਦਿੱਤਾ ਗਿਆ ਹੈ ਇੱਥੋਂ ਦਾ ਸਹੀ ਫੈਸਲਾ ਹੈ ।ਅੱਜ ਜਦੋਂ ਮੁਕਾਬਲੇਬਾਜੀ ਦਾ ਯੁੱਗ ਹੈ ਤਾਂ ਧੀਆਂ ਕਿਸੇ ਵੀ ਮਾਮਲੇ ਵਿੱਚ ਘੱਟ ਨਹੀਂ ਹਨ ਉਹਨਾਂ ਦਾ ਰੋਲ ਹਰ ਮਾਮਲੇ ਵਿਚ ਮੋਹਰੀ ਹੁੰਦਾ ਹੈ। ਭਾਵੇਂ ਕਿ ਪਿਛਲੇ ਸਮਿਆਂ ਵਿੱਚ ਧੀਆਂ ਤੇ ਨੂੰਹਾਂ ਨੂੰ ਬੋਝ ਜਰੂਰ ਮੰਨਿਆ ਜਾਂਦਾ ਸੀ ਪਰ ਬਹੁਤ ਸਾਰੇ ਲੋਕ ਅਜਿਹੇ ਹਨ ਜੋ ਇਨ੍ਹਾਂ ਧਾਰਨਾਵਾਂ ਨੂੰ ਤੋੜ ਕੇ ਨਵੀਆਂ ਮਿਥਾ ਨੂੰ ਜਨਮ ਦਿੰਦੇ ਸਨ ।

**ਸਿੰਦਰ ਸਿੰਘ ਮੀਰਪੁਰੀ**

A-Class Auto Body Ltd.
Now Operating as
FIX AUTO CALGARY NORTH EAST
Complete Collison Repairs & Painting
fix AUTO COLLISION
ਆਟੋ ਬਾਡੀ ਦੇ ਤਸੱਲੀਬਖ਼ਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ ’ਤੇ ਕਰਵਾਉਣ ਲਈ ਜ਼ਰੂਰ ਆਓ।
Mike Randev
R.Gill
Tel : (403) 273-8889
Fax : (403) 273-8812
Insurance Claims
Courtesy Cars
All Work
Guaranteed
720 Moraine Road NE, Calgary, AB, T2A 2P3
Email: aclass@aclassautobody.ca



Punjabi Chulha ਪੰਜਾਬੀ ਚੁੱਲ੍ਹਾ Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇਂ ਨਾ ਡਰੋ!
“ਪੰਜਾਬੀ ਚੁੱਲੇ” ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ!
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ!
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ!
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।
83 Martindale Blvd NE Calgary, AB T3J 3M7
P: 403-453-9000 / C:403-477-5142



CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
RAVINDER SINGH SOHI
Alberta Certified Class 1,3,5
(Driving Instructor)
We Can Speak English, German, Punjabi, Hindi & Urdu
We have 24 years Experience
Auto & Manual Truck For Training
ਵਧੀਆ ਸੇਵਾਵਾਂ, ਵਾਜਬ ਕੀਮਤਾਂ
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca



Any Commercial or Domestic disposable items, like sofa, table,chair, bed, mattress, washer, dryer, fridge etc.or any lumber,
we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022




ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋਂ ਵਾਜਬ ਕੀਮਤਾਂ ਤੇ ਲੈਕੇ ਜਾਵਾਂਗੇ ਤੇ ਉਹਨਾਂ ਨੂੰ ਡਿਸਪੋਜ ਕਰਾਂਗੇ!

# ਅਗਰ ਪਾਕਿਸਤਾਨ ਜ਼ਿੰਦਾਬਾਦ ਹੈ ਤੋ ਹਿੰਦੁਸਤਾਨ ਭੀ ਜ਼ਿੰਦਾਬਾਦ ਹੈ



ਬਹਾਦਰ ਸਿੰਘ ਰਾਓ
(ਸਾਬਕਾ) ਡਿਪਟੀ ਸੁਪਰਡੈਂਟ
ਪੁਲਿਸ ਪੰਜਾਬ
ਕੈਲਗਰੀ 1 825 288 8987

ਮਸ਼ਹੂਰ ਫਿਲਮੀ ਅਦਾਕਾਰ ਅਤੇ ਪੰਜਾਬ ਦੇ ਲੋਕ ਸਭਾ ਹਲਕੇ ਗੁਰਦਾਸਪੁਰ ਤੋਂ ਮੈਂਬਰ ਪਾਰਲੀਮੈਂਟ ਸਨੀ ਦਿ?ਲ ਤੇ ਉਹਦੀ ਨਵੀਂ ਫਿਲਮ ਗਦਰ-2 ਪਿਛਲੇ ਕਈ ਦਿਨਾਂ ਤੋਂ ਬਹੁਤ ਸਾਰੇ ਬੁੱਧੀਜੀਵੀ ਲੋਕਾਂ, ਟੈਲੀਵਿਜ਼ਨ ਅਤੇ ਯੂਟਿਊਬ ਚੈਨਲਾਂ, ਉਹਨਾਂ ਦੇ ਮਸ਼ਹੂਰ ਪ੍ਰੋਗਰਾਮਾਂ ਅਤੇ ਸ਼ੋਸ਼ਲ ਮੀਡੀਆ ਤੇ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਇੱਕ ਤਾਂ ਉਸ ਤੇ ਦੋਸ਼ ਲਗਦਾ ਹੈ ਕਿ ਉਹ ਮੈਂਬਰ ਪਾਰਲੀਮੈਂਟ ਚੁਣੇ ਜਾਣ ਤੋਂ ਬਾਅਦ ਆਪਣੇ ਲੋਕ ਸਭਾ ਹਲਕੇ ਵਿੱਚ ਨਹੀਂ ਆਇਆ ਤੇ ਪਾਰਲੀਮੈਂਟ ਵਿੱਚ ਵੀ ਉਸ ਦੀ ਹਾਜਰੀ ਨਾਮਾਤਰ ਹੈ। ਮੈਂ ਇਸ ਵਿਸ਼ੇ ਬਾਰੇ ਇੰਨਾ ਹੀ ਕਹਾਂਗਾ ਕਿ ਵੋਟਰਾਂ ਨੂੰ ਉਮੀਦਵਾਰ ਵੱਜੋਂ ਫਿਲਮੀ ਅਦਾਕਾਰਾਂ, ਗਾਇਕਾਂ, ਖਿਡਾਰੀਆਂ ਆਦਿ ਗੈਰ ਰਾਜਨੀਤਕ ਲੋਕਾਂ ਨੂੰ ਜਿਨ੍ਹਾਂ ਨੂੰ ਸੈਲੀਬ੍ਰਿਟੀ ਵੀ ਕਹਿੰਦੇ ਨੇ, ਵੋਟਾਂ ਸੋਚ ਸਮਝ ਕੇ ਪਾਉਣੀਆਂ ਚਾਹੀਦੀਆਂ ਨੇ, ਖਾਸ ਕਰਕੇ ਜਿਨ੍ਹਾਂ ਦੇ ਮੁੱਖ ਕਾਰੋਬਾਰ ਦਾ ਕੇਂਦਰ ਦੂਰ ਦੁਰਾਡੇ ਹੋਵੇ। ਦੂਸਰਾ ਉਸਦੀ ਚਰਚਾ ਦਾ ਵਿਸ਼ਾ ਉਸਦਾ ਜੁਹੂ, ਮੁੰਬਈ ਵਿਚਲਾ ਬੰਗਲਾ ਹੈ ਜਿਸ 'ਤੇ ਲਿਆ ਗਿਆ 56 ਕਰੋੜ ਰੁਪਏ ਦਾ ਕਰਜਾ ਨਾ ਮੋੜਨ ਕਰਕੇ ਬੈਂਕ ਆਫ ਬੜੌਦਾ ਨੇ ਉਸ ਬੰਗਲੇ ਨੂੰ ਨਿਲਾਮ ਕਰਨ ਦਾ ਨੋਟਿਸ ਜਾਰੀ ਕਰਕੇ ਵਾਪਸ ਲੈ ਲਿਆ। ਮੈਂ ਇਸ ਵਿਸ਼ੇ ਨੂੰ ਵੀ ਇੰਨਾ ਕਹਿ ਕੇ ਹੀ ਵਿਰਾਮ ਦੇਵਾਂਗਾ ਕਿ ਜਿਹੜੇ ਡਾਹਢਿਆਂ ਦਾ ਲੜ ਫੜਿਆ ਹੋਇਆ ਐ ਉਨ੍ਹਾਂ ਨੇ ਤਾਂ 56 ਹਜਾਰ ਕਰੋੜ ਦਾ ਨੋਟਿਸ ਵੀ ਵਾਪਸ ਕਰਾ ਦੇਣਾ ਸੀ। ਚਰਚਾ ਦਾ ਇੱਕ ਹੋਰ ਵਿਸ਼ਾ ਉਸ ਵੱਲੋਂ ਭਵਿੱਖ ਵਿੱਚ ਚੋਣਾਂ ਨਾ ਲੜਨ ਦਾ ਐਲਾਨ ਵੀ ਹੈ। ਪਰ ਮੈਂ ਉਸ ਦੀਆਂ ਫਿਲਮਾਂ ਤੇ ਉਨ੍ਹਾਂ ਦੇ ਵਿਸ਼ੇ ਬਾਰੇ ਆਪਣੇ ਵਿਚਾਰ ਰੱਖਣੇ ਚਾਹੁੰਦਾ ਹਾਂ ਖਾਸ ਤੌਰ ਤੇ ਬਾਰਡਰ, ਗਦਰ ਅਤੇ ਗਦਰ-2, ਜਿੱਥੋਂ ਤੱਕ ਬਾਰਡਰ ਫਿਲਮ ਦਾ ਸਵਾਲ ਹੈ। ਇਸ ਤਰ੍ਹਾਂ ਦੀਆਂ ਭਾਰਤ ਪਾਕਿਸਤਾਨ ਯੁੱਧਾਂ ਬਾਰੇ ਕਈ ਹੋਰ ਫਿਲਮਾਂ ਵੀ ਬਣੀਆਂ ਹਨ ਤੇ ਬਾਰਡਰ ਵਾਂਗ ਮਸ਼ਹੂਰ ਵੀ ਹੋਈਆਂ ਹਨ। ਬਾਰਡਰ-2 ਦੇ ਨਿਰਮਾਣ ਦੇ ਚਰਚੇ ਵੀ ਸ਼ੁਰੂ ਹੋ ਚੁੱਕੇ ਨੇ। ਦੋ ਦੇਸ਼ਾਂ ਵਿਚਕਾਰ ਯੁੱਧ ਆਮ ਤੌਰ ਤੇ ਉਹਨਾਂ ਦੇਸ਼ਾਂ ਦੀਆਂ ਸਰਕਾਰਾਂ ਜਾਂ ਉਹਨਾਂ ਵਿੱਚੋਂ ਕਿਸੇ ਇੱਕ ਦੇਸ਼ ਦੀ ਰਾਜ ਕਰਦੀ ਪਾਰਟੀ ਦੇ ਸੌੜੇ ਹਿਤਾਂ ਦੇ ਲਾਲਚ ਦਾ ਨਤੀਜਾ ਹੀ ਹੁੰਦੇ ਨੇ। ਕਿਸੇ ਵੀ ਦੇਸ਼ ਦੀ ਆਮ ਜਨਤਾ ਕਦੇ ਵੀ ਦੂਸਰੇ ਦੇਸ਼ ਨਾਲ ਯੁੱਧ ਦੇ ਹੱਕ ਵਿੱਚ ਨਹੀਂ ਹੁੰਦੀ ਕਿਉਂਕਿ ਯੁੱਧ ਵਿੱਚ ਫੌਜੀਆਂ ਦੇ ਰੂਪ ਵਿੱਚ ਆਮ ਲੋਕਾਂ ਦੇ ਪੁੱਤ ਹੀ ਮੌਤ ਦੇ ਮੂੰਹ ਵਿੱਚ ਪੈਂਦੇ ਨੇ। ਯੁੱਧ ਛੇੜਨ ਵਾਲੇ ਰਾਜਨੀਤਕ ਨੇਤਾਵਾਂ ਦੇ ਨਹੀਂ। ਯੁੱਧ ਖਤਮ ਹੋਣ ਦਾ ਉਹਨਾਂ ਮਾਪਿਆਂ ਨੂੰ ਕੋਈ ਫਰਕ ਨਹੀਂ ਪੈਂਦਾ ਜਿਹਨਾਂ ਦੇ ਜਵਾਨ ਪੁੱਤ ਯੁੱਧ ਦੀ ਭੇਟ ਚੜ੍ਹ ਚੁੱਕੇ ਹੁੰਦੇ ਨੇ ਪਰ ਬਾਕੀ ਦੇ ਲੋਕ ਜਰੂਰ ਸੁੱਖ ਦਾ ਸਾਹ ਲੈਂਦੇ ਨੇ। ਉਸ ਤੋਂ ਬਾਅਦ ਉਸ ਯੁੱਧ ਬਾਰੇ ਫਿਲਮਾਂ ਬਣਾ ਕੇ ਯੁੱਧ ਦੇ ਬਰਬਾਦ ਕੀਤੇ ਲੋਕਾਂ ਦੇ ਜਖਮ ਉਚੇੜੇ ਜਾਂਦੇ ਨੇ ਤੇ ਬਾਕੀਆਂ ਦੇ ਦਿਲ ਦਿਮਾਗਾਂ ਵਿੱਚ ਵਿਰੋਧੀ ਦੇਸ਼ ਖਿਲਾਫ਼ ਜਹਿਰ ਭਰਿਆ ਜਾਂਦਾ ਹੈ। ਇਸ ਤਰਾਂ ਦੀਆਂ ਫਿਲਮਾਂ ਵੀ ਨਹੀਂ ਬਣਨੀਆਂ ਚਾਹੀਦੀਆਂ ਅਤੇ ਜੇ ਬਣਦੀਆਂ ਹਨ ਤਾਂ ਆਮ ਲੋਕਾਂ ਨੂੰ





ਸਿਆਣਪ ਦਾ ਮੁਜਾਹਰਾ ਕਰਦੇ ਹੋਏ ਅਜਿਹੀਆਂ ਫਿਲਮਾਂ ਨੂੰ ਹੁੰਗਾਰਾ ਨਹੀਂ ਦੇਣਾ ਚਾਹੀਦਾ। ਇਸੇ ਤਰਾਂ ਗਦਰ ਅਤੇ ਗਦਰ-2 ਵੀ ਭਾਰਤ ਦੇ ਭੋਲੇ ਭਾਲੇ ਅਤੇ ਨਾਸਮਝ ਲੋਕਾਂ ਦੇ ਮਨਾਂ ਵਿੱਚ ਪਾਕਿਸਤਾਨ ਪ੍ਰਤੀ ਨਫਰਤ ਭਰਨ ਦਾ ਕੰਮ ਕਰਦੀਆਂ ਹਨ। ਭਾਰਤ ਅਤੇ ਪਾਕਿਸਤਾਨ ਦੇ ਰਾਜਨੀਤਕ ਆਗੂ ਵੋਟਾਂ ਨੇੜੇ ਆਉਣ ਤੇ ਇੱਕ ਦੂਜੇ ਦੇਸ਼ ਦੇ ਖਿਲਾਫ਼ ਜਹਿਰ ਉਗਲਣੀ ਸ਼ੁਰੂ ਕਰ ਦਿੰਦੇ ਨੇ ਤੇ ਭੋਲ਼ੇ ਲੋਕ ਦੇਸ਼ ਦੀ ਵੰਡ ਸਮੇਂ ਵੱਖ ਕੀਤੇ ਗਏ ਭਰਾਵਾਂ ਦੇ ਦੁਸ਼ਮਣ ਬਣ ਬਹਿੰਦੇ ਨੇ। ਪਹਿਲੀ ਗਦਰ ਫਿਲਮ ਦੇਖੀ ਨੂੰ ਸਮਾਂ ਹੋ ਗਿਆ ਜੋ 2001 ਵਿੱਚ ਰਿਲੀਜ਼ ਹੋਈ ਸੀ। 1947 ਦੀ ਭਾਰਤ ਪਾਕਿਸਤਾਨ ਦੀ ਵੰਡ ਜੋ ਅਸਲ ਵਿੱਚ ਪੰਜਾਬ ਦੀ ਵੰਡ ਸੀ, ਨੂੰ ਦਰਸਾਉਂਦੀ ਇਸ ਫਿਲਮ ਵਿੱਚ ਸੰਤੁਲਨ ਸੀ ਜਿਸ ਦੀ ਤਸਦੀਕ ਇਹ ਡਾਇਲਾਗ ਕਰਦਾ ਹੈ, "ਅਗਰ ਪਾਕਿਸਤਾਨ ਜ਼ਿੰਦਾਬਾਦ ਹੈ ਤੋ ਹਿੰਦੁਸਤਾਨ ਭੀ ਜ਼ਿੰਦਾਬਾਦ ਹੈ।" ਉਸ ਫਿਲਮ ਦੇ ਹੀਰੋ ਤਾਰਾ ਸਿੰਘ ਨੂੰ ਇੱਕ ਸਿੱਖ ਕਿਰਦਾਰ ਵਜੋਂ ਉਭਾਰਿਆ ਗਿਆ ਸੀ। ਗਦਰ-2 ਮੈਂ ਦੇਖੀ ਤਾਂ ਨਹੀਂ ਪਰ ਦੇਖਣ ਵਾਲੇ ਦਸਦੇ ਨੇ ਕਿ ਇਹ ਵੀ ਉਸੇ ਕਹਾਣੀ ਨੂੰ ਅੱਗੇ ਤੋਰਦੀ ਹੈ। ਤਾਰਾ ਸਿੰਘ ਆਪਣੇ ਪੁੱਤਰ ਨੂੰ ਲੈਣ ਪਾਕਿਸਤਾਨ ਜਾਂਦਾ ਹੈ। ਪਰ ਇਹ ਫਿਲਮ ਪੂਰੀ ਤਰਾਂ ਭਾਰਤੀ ਜਨਤਾ ਪਾਰਟੀ ਦੇ ਮੌਜੂਦਾ ਏਜੰਡੇ ਤੇ ਅਧਾਰਤ ਹੈ। ਹਿੰਦੂ ਅਤੇ ਮੁਸਲਮਾਨ, ਹਿੰਦੁਸਤਾਨ ਅਤੇ ਪਾਕਿਸਤਾਨ ਵਿਚਕਾਰ ਨਿਰੀ ਨਫਰਤ ਪਰੋਸੀ ਗਈ ਹੈ ਇਸ ਫਿਲਮ ਵਿੱਚ। ਤਿੰਨ ਘੰਟੇ ਦਾ ਮਨੋਰੰਜਨ ਇਹ ਭੁਲਾ ਹੀ ਦਿੰਦਾ ਹੈ ਕਿ ਪੰਜਾਬ ਨੂੰ 1947 ਦੀ ਵੰਡ ਦੀ ਕੀ ਕੀਮਤ ਚੁਕਾਉਣੀ ਪਈ ਸੀ। ਦਸ ਲੱਖ ਤੋਂ ਵੱਧ ਲੋਕਾਂ ਦਾ ਕਤਲ, ਲੱਖਾਂ ਲੋਕਾਂ ਦਾ ਉਜਾੜਾ, ਦੋਵਾਂ ਫਿਰਕਿਆਂ ਨਾਲ ਸਬੰਧਤ ਧੀਆਂ ਦੀ ਬੇਪਤੀ ਅਤੇ ਹਜਾਰਾਂ ਪ੍ਰੀਵਾਰਕ ਜੀਆਂ ਦਾ ਵਿਛੋੜਾ ਜਿਨ੍ਹਾਂ ਵਿੱਚੋਂ ਜਿਉਂਦੇ ਅਜੇ ਵੀ ਵਿੱਛੜੇ ਭੈਣ ਭਰਾਵਾਂ ਨੂੰ ਮਿਲਣ ਅਤੇ ਧਰਤੀ ਨੂੰ ਦੇਖਣ ਲਈ ਤਰਸ ਰਹੇ ਨੇ। ਇਹ ਵੀ ਸੁਣਨ ਵਿੱਚ ਆਇਆ ਹੈ ਕਿ ਤਾਰਾ ਸਿੰਘ ਜੋ ਕਿ ਇੱਕ ਸਿੱਖ ਨੌਜਵਾਨ ਦਾ ਕਿਰਦਾਰ ਹੈ, ਨੂੰ ਇੱਕ ਪਾਕਿਸਤਾਨੀ ਕਿਰਦਾਰ ਵੱਲੋਂ ਭਾਰਤੀ ਹਿੰਦੂ ਕਹਿਲਾਇਆ ਗਿਆ ਹੈ ਤੇ ਤਾਰਾ ਸਿੰਘ ਆਪਣੇ ਪੁੱਤਰ ਨੂੰ ਹਿੰਦੂ ਤੇ ਉਸਦੀ ਮਾਂ ਨੂੰ ਮੁਸਲਮਾਨ ਦੱਸਦਾ ਹੈ। ਕਹਿਣਾ ਗਲਤ ਨਹੀਂ ਹੋਵੇਗਾ ਕਿ ਪਹਿਲੀ ਗਦਰ ਵਾਲਾ ਤਾਰਾ ਸਿੰਘ ਗਦਰ-2 ਵਿੱਚ ਤਾਰਾ ਚੰਦ ਬਣ ਕੇ ਰਹਿ ਗਿਆ ਹੈ। 2024 ਦੀਆਂ ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਇਹ ਫਿਲਮ ਆਰ ਐਸ ਐਸ ਦੇ ਏਜੰਡੇ ਦੇ ਹਿੱਸੇ ਵਜੋਂ ਬਾਕਸ ਆਫਿਸ ਤੇ ਉਤਾਰੀ ਗਈ ਹੈ।

ਭਾਰਤ ਪਾਕਿਸਤਾਨ ਦੇ ਲੋਕਾਂ ਵਿੱਚ ਨਫਰਤ ਦੀ ਜ਼ਹਿਰ ਹਰ ਰੋਜ਼ ਸ਼ਾਮ ਨੂੰ ਵਾਹਗਾ ਬਾਰਡਰ ਤੇ ਦੋਹਾਂ ਦੇਸ਼ਾਂ ਦੇ ਕੌਮੀ ਝੰਡੇ ਉਤਾਰਨ ਵੇਲੇ ਵੀ ਮੁੱਦਤਾਂ ਤੋਂ ਫੈਲਾਈ ਜਾ ਰਹੀ ਹੈ। 2011 ਵਿੱਚ ਸਮੇਂ ਦੀ ਪੰਜਾਬ ਸਰਕਾਰ ਵੱਲੋਂ ਅਮਰੀਕਾ ਤੋਂ ਚਾਰ ਮੈਂਬਰੀ ਵਫਦ ਪੰਜਾਬ ਪੁਲਸ ਦੀ ਕਾਰਗੁਜ਼ਾਰੀ ਦੇਖਣ ਲਈ ਸੱਦਿਆ ਗਿਆ ਸੀ ਜਿਸ ਨਾਲ ਮੈਨੂੰ ਬਤੌਰ ਤਾਲਮੇਲ ਅਫਸਰ ਨਿਯੁਕਤ ਕੀਤਾ ਗਿਆ ਸੀ। ਅੰਮ੍ਰਿਤਸਰ ਗਏ ਤਾਂ ਵਫਦ ਨੂੰ ਵਾਹਗਾ ਬਾਰਡਰ ਦੀ ਰਸਮ ਦਿਖਾਉਣ ਵੀ ਲੈ ਕੇ ਗਿਆ। ਝੰਡੇ ਉਤਾਰਨ ਦੀ ਰਸਮ ਦੌਰਾਨ ਹੁੰਦਾ ਡਰਾਮਾ ਦੇਖਣ ਤੋਂ ਬਾਅਦ ਉਹਨਾਂ ਦੀ ਵੀ ਇਹੀ ਪ੍ਰਤੀਕਿਰਿਆ ਸੀ ਕਿ ਇਹ ਸਭ ਨਫਰਤ ਦਾ ਪ੍ਰਗਟਾਵਾ ਹੈ। ਮੀਡੀਆ ਰਾਹੀਂ ਹੋਰ ਕਈ ਦੇਸ਼ ਵੀ ਇਹੋ ਵਿਚਾਰ ਪ੍ਰਗਟ ਕਰ ਚੁੱਕੇ ਨੇ।

ਦੂਸਰਾ ਪੱਖ, ਅੱਜ ਤੋਂ ਚਾਲੀ ਕੁ ਸਾਲ ਪਹਿਲਾਂ ਆਲ ਇੰਡੀਆ ਰੇਡੀ? ਜਲੰਧਰ ਤੋਂ ਪ੍ਰੋਗਰਾਮ ‖ਦੇਸ਼ ਪੰਜਾਬ‖ ਆਇਆ ਕਰਦਾ ਸੀ। ਉਸ ਦੀ ਪੇਸ਼ਕਰਤਾ ਬੀਬੀ ਆਪਣਾ ਨਾਮ ਮੁਸੱਰਤ (ਮੁਸਲਿਮ ਨਾਮ) ਦੱਸਦੀ ਹੁੰਦੀ ਸੀ ਪਰ ਸ਼ਾਇਦ ਉਹ ਸੱਚਮੁੱਚ ਮੁਸਲਿਮ ਨਹੀਂ ਸੀ। ਕਾਰਣ ਉਸ ਪ੍ਰੋਗਰਾਮ ਵਿੱਚ ਬਹੁਤੇ ਖ਼ਤ ਪਾਕਿਸਤਾਨ ਤੋਂ ਆਉਂਦੇ ਸਨ ਤੇ ਉਹ ਬੀਬੀ ਉਹਨਾਂ ਖ਼ਤਾਂ ਦੇ ਜਵਾਬ ਬਹੁਤ ਹੀ ਮਿਠਾਸ ਭਰੀ ਬੋਲੀ ਵਿੱਚ ਸ਼ਬਦਾਂ ਨੂੰ ਪਿਆਰ ਵਿੱਚ ਗੁੰਨ੍ਹ ਕੇ ਦਿੰਦੀ ਸੀ। ਉਸ ਪ੍ਰੋਗਰਾਮ ਨੇ ਭਾਰਤ ਅਤੇ ਪਾਕਿਸਤਾਨ ਦੋਵਾਂ ਪਾਸੇ ਬਹੁਤ ਸਾਰੇ ਕਲਮੀ ਦੋਸਤ ਬਣਾਏ ਸੀ ਕਿਉਂਕਿ ਬਹੁਤੇ ਸਰੋਤੇ ਚਿੱਠੀ ਵਿੱਚ ਆਪਣਾ ਪਤਾ ਲਿਖ ਕੇ ਕਲਮੀ ਦੋਸਤੀ ਲਈ ਪੇਸ਼ਕਸ਼ ਕਰਦੇ ਸਨ। ਮੇਰੇ ਵੀ ਕਈ ਕਲਮੀ ਦੋਸਤ ਦੋਵੇਂ ਪਾਸੇ ਬਣੇ ਜਿਨ੍ਹਾਂ ਵਿੱਚੋਂ ਇੱਕ ਕਲਮ ਤੋਂ ਸ਼ੁਰੂ ਹੋ ਕੇ ਸ਼ੋਸਲ ਮੀਡੀਆ ਤੱਕ ਪੁੱਜ ਕੇ ਅਜੇ ਵੀ ਮੇਰੇ ਸੰਪਰਕ ਵਿੱਚ ਹੈ। ਸੁਣਦਾ ਰਹਿਣ ਕਰਕੇ ਉਸ ਪ੍ਰੋਗਰਾਮ ਦਾ ਮੇਰੇ ਦਿਮਾਗ਼ ਉੱਤੇ ਐਨਾ ਅਸਰ ਸੀ ਕਿ ਉਨ੍ਹਾਂ ਦਿਨਾਂ ਵਿੱਚ ਆਇਆ ਇੱਕ ਸੁਪਨਾ ਮੈਂ ਉਸ ਪ੍ਰੋਗਰਾਮ ਨੂੰ ਚਿੱਠੀ ਵਿੱਚ ਲਿਖ ਕੇ ਸਾਰੇ ਸਰੋਤਿਆਂ ਨਾਲ ਸਾਂਝਾ ਕੀਤਾ ਸੀ। ਸੁਪਨੇ ਵਿੱਚ ਮੈਂ ਪਾਕਿਸਤਾਨ ਚਲਾ ਗਿਆ ਤੇ ਦੇਖ ਕੇ ਹੈਰਾਨ ਹੋਇਆ ਕਿ ਉੱਥੋਂ ਦੇ ਪਿੰਡ, ਗਲ਼ੀਆਂ, ਘਰ, ਖੇਤ ਖਲਿਹਾਣ, ਪਹੀਆਂ, ਬੰਬੀਆਂ, ਲੋਕ, ਪਹਿਰਾਵਾ, ਬੋਲੀ ਆਦਿ ਸਭ ਕੁੱਝ ਤਾਂ ਸਾਡੇ ਪੰਜਾਬ ਵਰਗਾ ਹੀ ਸੀ। ਮੈਂ ਲੋਕਾਂ ਨਾਲ਼ ਮਿਲ਼ ਗਿਲ਼ ਹੀ ਰਿਹਾ ਸੀ ਕਿ ਅਚਾਨਕ ਸਰਹੱਦ ਤੋਂ ਆਈ ਗੋਲੀਆਂ ਅਤੇ ਬੰਬਾਂ ਦੀ ਆਵਾਜ਼ ਨੇ ਮੇਰਾ ਸੁਪਨਾ ਤੋੜ ਦਿੱਤਾ ਤੇ ਮੈਨੂੰ ਜਾਗ ਆ ਗਈ। ਅੱਜ ਵੀ ਦੋਵੇਂ ਪਾਸੇ "ਸਭ ਦਾ ਪੰਜਾਬ" ਵਰਗੇ ਕਈ ਯੂ-ਟਿਊਬ ਚੈਨਲ ਵੰਡ ਸਮੇਂ ਤੋਂ ਪਹਿਲਾਂ ਜਨਮੇ ਬਜੁਰਗਾਂ ਨੂੰ ਲੱਭ ਕੇ ਉਹਨਾਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੇ ਪਿਛੋਕੜ ਬਾਰੇ ਪੁੱਛਦੇ ਨੇ ਤੇ ਉਹਨਾਂ ਮੁਲਾਕਾਤਾਂ ਨੂੰ ਦੇਖ ਕੇ ਕਈਆਂ ਦੀ ਵੀਡੀ? ਕਾਲ ਜਰੀਏ ਮੁਲਾਕਾਤ ਹੋ ਜਾਂਦੀ ਹੈ ਤੇ ਕਈ ਕਰਤਾਰਪੁਰ ਵਿਖੇ ਮਿਲ ਵੀ ਚੁੱਕੇ ਨੇ। ਮੈਂ ਦੋ ਸੰਯੁਕਤ ਰਾਸ਼ਟਰ ਸ਼ਾਂਤੀ ਮਿਸ਼ਨਾਂ ਵਿੱਚ ਭਾਗ ਲਿਆ ਐ। ਉੱਥੇ ਕਈ ਪਾਕਿਸਤਾਨੀ ਪੁਲਸ ਅਫਸਰ ਮੇਰੇ ਦੋਸਤ ਬਣੇ। ਬੋਲੀ ਅਤੇ ਸੱਭਿਆਚਾਰ ਇੱਕੋ ਜਿਹੇ ਹੋਣ ਦੇ ਨਾਲ ਨਾਲ ਉਹਨਾਂ ਮੈਨੂੰ ਖੁਦ ਤਾਂ ਇੱਜਤ ਦਿੱਤੀ ਹੀ ਸਗੋਂ ਦੂਜੇ ਮੁਲਕਾਂ ਵਾਲੇ ਅਫਸਰਾਂ ਵਿੱਚ ਵੀ ਮੇਰੀ ਇੱਜਤ ਵਧਾਈ। ਅਫਰੀਕਾ ਦੇ ਲਾਇਬੇਰੀਆ ਮਿਸ਼ਨ ਵਿੱਚ ਦੋ ਪਾਕਿਸਤਾਨੀ ਪੁਲਸ ਅਫਸਰ ਆਮਿਰ ਅੱਬਾਸ ਸ਼ਰਾਜੀ ਅਤੇ ਰੇਹਾਨ ਅਫਗਾਨ ਮੇਰੇ ਸਹਿਕਰਮੀ ਸਨ। ਉਹ ਮੈਨੂੰ ਸਰਦਾਰ ਜੀ ਕਹਿ ਕੇ ਬੁਲਾਉਂਦੇ ਸਨ। ਉਹ ਮੇਰੀ ਪੱਗ ਦੇ ਮਾਮਲੇ ਵਿੱਚ ਵੀ ਮੇਰੇ ਹੱਕ ਵਿੱਚ ਡਟ ਕੇ ਖੜ੍ਹੇ ਸਨ ਕਿਉਂਕਿ ਵਰਦੀ ਨਾਲ ਮੈਂ ਟੋਪੀ ਦੀ ਜਗ੍ਹਾ ਅਸਮਾਨੀ ਰੰਗ ਦੀ ਪੱਗ ਬੰਨ੍ਹਦਾ ਸੀ ਤੇ ਉੱਥੇ ਮੇਰੇ ਸੀਨੀਅਰ ਇਸ ਨੂੰ ਯੂ ਐਨ ਦੇ ਨਿਯਮਾਂ ਦੀ ਉਲੰਘਣਾ ਦੱਸਦੇ ਸਨ ਤੇ ਇਹ ਲੜਾਈ ਮੈਂ ਹੀ ਜਿੱਤਿਆ ਸੀ। ਮੇਰਾ ਤੇ ਉਨ੍ਹਾਂ ਪਾਕਿਸਤਾਨੀ ਦੋਸਤਾਂ ਦਾ ਸਾਥ ਚਾਰ ਕੁ ਮਹੀਨੇ ਦਾ ਹੀ ਸੀ ਕਿਉਂਕਿ ਉਨ੍ਹਾਂ ਦਾ ਸਮਾਂ ਪੂਰਾ ਹੋਣ ਤੇ ਉਹ ਡਿਊਟੀ ਖਤਮ ਕਰਕੇ ਵਾਪਸ ਚਲੇ ਗਏ ਸੀ। ਉਹਨਾਂ ਦੇ ਜਾਣ ਤੋਂ ਬਾਅਦ ਜਦੋਂ ਫਿਲਪਾਈਨ, ਅਰਜਨਟਾਈਨਾ, ਯੂਗਾਂਡਾ, ਯੁਕਰੇਨ, ਚੀਨ, ਫਿਜੀ, ਸਵੀਡਨ, ਨਾਰਵੇ ਆਦਿ ਦੇਸ਼ਾਂ ਵਾਲੇ ਸਾਥੀ ਮੈਨੂੰ ਸਰਦਾਰ ਜੀ ਕਹਿ ਕੇ ਬੁਲਾਉਂਦੇ ਤਾਂ ਮੈਨੂੰ ਆਮਿਰ ਤੇ ਰੇਹਾਨ ਯਾਦ ਆ ਜਾਂਦੇ ਜਿਹੜੇ ਮੇਰੀ ਪੱਕੀ ਪਹਿਚਾਣ ਸਰਦਾਰ ਜੀ ਵਜੋਂ ਬਣਾ ਗਏ ਸਨ। ਸੋ ਸਿੱਟਾ ਇਹੋ ਨਿਕਲਦਾ ਹੈ ਕਿ ਆਮ ਲੋਕਾਂ ਨੂੰ ਰਾਜਨੀਤਕ ਲੋਕਾਂ ਦੇ ਮਨਸੂਬਿਆਂ ਨੂੰ ਸਮਝ ਕੇ ਖਬਰਦਾਰ ਰਹਿਣਾ ਚਾਹੀਦਾ ਹੈ। ਕਿਸ ਰੂਪ ਵਿੱਚ ਕੀ ਪਰੋਸਿਆ ਜਾ ਰਿਹਾ ਹੈ ਉਸ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਅੰਗਰੇਜ਼ ਹਾਕਮਾਂ ਦੀ ਪਾੜੋ ਅਤੇ ਰਾਜ ਕਰੋ ਦੀ ਨੀਤੀ ਜਾਰੀ ਰੱਖ ਕੇ ਨਫਰਤ ਦੀ ਰਾਜਨੀਤੀ ਕਰਕੇ ਇਹ ਲੋਕ ਆਪਣਾ ਉੱਲੂ ਤਾਂ ਸਿੱਧਾ ਕਰਦੇ ਹੀ ਨੇ ਸਗੋਂ ਇੱਕ ਤੀਰ ਨਾਲ ਦੋ ਸ਼ਿਕਾਰ ਕਰਦੇ ਹੋਏ ਕਰੋੜਾਂ ਅਰਬਾਂ ਰੁਪਏ ਦੀ ਕਮਾਈ ਵੀ ਕਰ ਜਾਂਦੇ ਨੇ।

# ਹਾਂਸ ਕ੍ਰਿਸਚੀਅਨ ਐਂਡਰਸਨ ਦੀ ਕਹਾਣੀ 'Grandmother' ਦਾ ਪੰਜਾਬੀ ਅਨੁਵਾਦ

## ਦਾਦੀ ਮਾਂ

ਦਾਦੀ ਮਾਂ ਬਹੁਤ ਬੁੱਢੀ ਹੋ ਗਈ ਹੈ। ਉਸ ਦਾ ਚਿਹਰਾ ਝੁਰੜੀਆਂ ਨਾਲ ਭਰਿਆ ਹੋਇਆ ਹੈ ਤੇ ਉਸਦੇ ਵਾਲ ਬਿਲਕੁਲ ਸਫੈਦ ਹਨ,ਪਰ ਉਸਦੀਆਂ ਅੱਖਾਂ ਦੋ ਤਾਰਿਆਂ ਵਾਂਗ ਜਾਪ ਰਹੀਆਂ ਹਨ ਤੇ ਉਹਨਾਂ ਵਿੱਚ ਦਿਆਲੂ ਤੇ ਕੋਮਲ ਭਾਵ ਹਨ। ਅਤੇ ਉਹ ਅੱਖਾਂ ਜਦੋਂ ਤੁਹਾਡੇ ਵੱਲ ਦੇਖਦੀਆਂ ਹਨ ਤੁਹਾਨੂੰ ਬੜਾ ਵਧੀਆ ਲੱਗਦਾ ਹੈ। ਉਸਨੇ ਸਿਲਕ ਦੇ ਕੱਪੜੇ ਦਾ ਭਾਰੀ ਪਹਿਰਾਵਾ ਪਹਿਨਿਆ ਹੋਇਆ ਹੈ, ਜਿਸ ਤੇ ਵੱਡੇ ਵੱਡੇ ਫੁੱਲਾਂ ਦੀ ਕਢਾਈ ਕੀਤੀ ਹੋਈ ਹੈ ਤੇ ਜਦੋਂ ਉਹ ਤੁਰਦੀ ਹੈ ਤਾਂ ਉਸਦੇ ਪਹੀਰਾਵੇ ਚੋਂ ਸਰ ਸਰ ਦੀ ਆਵਾਜ਼ ਆਉਂਦੀ ਹੈ। ਉਹ ਸਾਨੂੰ ਬਹੁਤ ਸ਼ਾਨਦਾਰ ਕਹਾਣੀਆਂ ਸੁਣਾਉਂਦੀ ਹੈ। ਇਹ ਪੱਕੀ ਗੱਲ ਹੈ ਕਿ ਦਾਦੀ ਮਾਂ ਨੂੰ ਬਹੁਤ ਗੱਲਾਂ ਦਾ ਗਿਆਨ ਹੈ, ਕਿਉਂਕਿ ਉਹ ਸਾਡੇ ਮਾਂ -ਬਾਪ ਤੋਂ ਪਹਿਲਾਂ ਦੀ ਇਸ ਦੁਨੀਆਂ ਚ ਆਈ ਹੋਈ ਹੈ। ਉਸ ਕੋਲ ਇਕ ਚਾਂਦੀ ਦੇ ਵੱਡੇ ਪੱਤਰਿਆਂ ਦੀ ਜਿਲਦ ਵਾਲੀ ਧਾਰਮਿਕ ਪੁਸਤਕ ਹੈ, ਜਿਸ ਨੂੰ ਉਹ ਅਕਸਰ ਪੜ੍ਹਦੀ ਰਹਿੰਦੀ ਹੈ ਤੇ ਉਸ ਪੁਸਤਕ ਦੇ ਵਰਕਿਆਂ ਦੇ ਵਿਚਕਾਰ ਇਕ ਚਪਟਾ ਜਿਹਾ ਤੇ ਸੁੱਕਾ ਹੋਇਆ ਗੁਲਾਬ ਦਾ ਫੁੱਲ ਪਿਆ ਹੋਇਆ ਹੈ। ਇਹ ਉਹੋ ਜਿਹੇ ਗੁਲਾਬ ਦੇ ਫੁੱਲਾਂ ਵਰਗਾ ਸੁਹਣਾ ਨਹੀਂ, ਜਿਹੜੇ ਗਲਾਸ ਵਿੱਚ ਪਏ ਹੋਏ ਹਨ,ਪਰ ਤਾਂ ਵੀ ਦਾਦੀ ਮਾਂ ਇਸਨੂੰ ਸਭ ਤੋਂ ਜ਼ਿਆਦਾ ਖੁਸ਼ ਹੋ ਕੇ ਦੇਖਦੀ ਹੈ ਤੇ ਇਸਨੂੰ ਦੇਖਦੇ ਹੋਇਆਂ ਉਸ ਦੀਆਂ ਅੱਖਾਂ ਚੋਂ ਅੱਥਰੂ ਵੀ ਨਿਕਲ ਆਉਂਦੇ ਹਨ। ÷ਮੈਂ ਹੈਰਾਨ ਹੁੰਦਾ ਹਾਂ ਕਿ ਦਾਦੀ ਮਾਂ ਇਸ ਪੁਰਾਣੀ ਕਿਤਾਬ 'ਚ ਪਏ ਹੋਏ ਤੇ ਮੁਰਝਾਏ ਹੋਏ ਫੁੱਲ ਵੱਲ ਏਦਾਂ ਕਿਉਂ ਦੇਖਦੀ ਹੈ ? ਕੀ ਤੁਹਾਨੂੰ ਪਤਾ ਹੈ ? ਜਦੋਂ ਦਾਦੀ ਮਾਂ ਦੇ ਅੱਥਰੂ ਉਸ ਫੁੱਲ ਉੱਪਰ ਡਿਗਦੇ ਹਨ ਤਾਂ ਉਹ ਫੁੱਲ ਫੇਰ ਜੀਵਿਤ ਹੋ ਜਾਂਦਾ ਹੈ ਤੇ ਕਮਰੇ ਨੂੰ ਖ਼ੁਸ਼ਬੂ ਨਾਲ ਭਰ ਦਿੰਦਾ ਹੈ, ਕਮਰੇ ਦੀਆਂ ਕੰਧਾਂ ਧੁੰਦ ਵਿੱਚ ਅਲੋਪ ਹੋ ਜਾਂਦੀਆਂ ਹਨ ਅਤੇ ਉਸਦੇ ਚੁਫੇਰੇ ਇਕ ਸ਼ਾਨਦਾਰ ਜੰਗਲ ਫ਼ੈਲ ਜਾਂਦਾ ਹੈ, ਜਿੱਥੇ ਗਰਮੀਆਂ 'ਚ ਸੂਰਜ ਦੀ ਰੌਸ਼ਨੀ ਸੰਘਣੀਆਂ ਪੱਤੀਆਂ ਦੇ ਵਿੱਚੋਂ ਲੰਘਦੀ ਹੈ, ਤੇ ਜਾਪਦਾ ਹੈ ਕਿ ਦਾਦੀ ਮਾਂ ਫੇਰ ਜੁਆਨ ਹੋ ਗਈ ਹੈ ਤੇ ਉਹ ਇਕ ਖ਼ੂਬਸੂਰਤ ਔਰਤ ਤੇ ਤਾਜ਼ੇ ਗੁਲਾਬ ਦੇ ਫੁੱਲ ਵਾਂਗ ਜਾਪਣ ਲੱਗ ਪਈ ਹੈ, ਜਿਸਦੀਆਂ ਗੱਲ੍ਹਾਂ ਗੋਲ ਤੇ ਗੁਲਾਬੀ ਹੋ ਗਈਆਂ ਹਨ, ਵਾਲ ਸੁਹਣੇ, ਚਮਕੀਲੇ ਤੇ ਛੱਲਿਆਂ ਵਾਲੇ ਹੋ ਗਏ ਹਨ ਤੇ ਉਸਦੀ ਸ਼ਕਲ-ਸੂਰਤ ਪਿਆਰੀ ਤੇ ਖ਼ੂਬਸੂਰਤ ਜਾਪਣ ਲੱਗ ਪਈ ਹੈ ,ਪਰ ਉਸਦੀਆਂ ਅੱਖਾਂ ਉਵੇਂ ਹੀ ਕੋਮਲ ਤੇ ਪਵਿੱਤਰ ਹਨ - ਬੱਸ ਦਾਦੀ ਮਾਂ ਦੀਆਂ ਸਿਰਫ਼ ਅੱਖਾਂ ਹੀ ਬਿਲਕੁਲ ਪਹਿਲਾਂ ਵਰਗੀਆਂ ਹਨ। ਉਸਦੇ ਇਕ ਪਾਸੇ ਉੱਚਾ ਲੰਮਾ ਤੇ ਤਾਕਤਵਰ ਗੱਭਰੂ ਬੈਠਾ ਹੋਇਆ ਹੈ, ਜਿਹੜਾ ਕਿ ਉਸਨੂੰ ਗੁਲਾਬ ਦਾ ਫੁੱਲ ਪੇਸ਼ ਕਰਦਾ ਹੈ ਤੇ ਦਾਦੀ ਮਾਂ ਮੁਸਕਰਾ ਪੈਂਦੀ ਹੈ। ਪਰ ਦਾਦੀ ਮਾਂ, ਹੁਣ ਉਸ ਤਰ੍ਹਾਂ ਨਹੀਂ ਮੁਸਕਰਾ ਸਕਦੀ। ਹਾਂ, ਉਹ ਤਾਂ ਉਸ ਦਿਨ ਦੀਆਂ ਤੇ ਬੀਤੇ ਸਮੇਂ ਦੀਆਂ ਬਹੁਤ ਸਾਰੀਆਂ ਸੋਚਾਂ ਤੇ ਗੱਲਾਂ ਨੂੰ ਯਾਦ ਕਰਕੇ ਮੁਸਕਰਾ ਰਹੀ ਹੈ, ਪਰ ਹੁਣ ਉਹ ਗੱਭਰੂ ਉਥੋਂ ਚਲਾ ਗਿਆ ਹੈ ਤੇ ਗੁਲਾਬ ਦਾ ਫੁੱਲ ਪੁਰਾਣੀ ਕਿਤਾਬ 'ਚ ਮੁਰਝਾ ਗਿਆ ਹੈ, ਅਤੇ ਦਾਦੀ ਮਾਂ ਫੇਰ ਉਥੇ ਹੀ ਬੁੱਢੀ ਔਰਤ ਬਣ ਕੇ ਬੈਠੀ ਹੋਈ, ਕਿਤਾਬ ਵਿਚਲਾ ਮੁਰਝਾਇਆ ਹੋਇਆ ਫੁੱਲ ਦੇਖ ਰਹੀ ਹੈ। ਦਾਦੀ ਮਾਂ ਹੁਣ ਨਹੀਂ ਰਹੀ। ਕੁਝ ਚਿਰ ਪਹਿਲਾਂ ਉਹ ਆਪਣੀ ਆਰਾਮ ? ਕੁਰਸੀ 'ਤੇ ਬੈਠੀ ਹੋਈ, ਸਾਨੂੰ ਇਕ ਬਹੁਤ ਸੁਹਣੀ ਤੇ ਲੰਮੀ ਕਹਾਣੀ ਸੁਣਾ ਰਹੀ ਸੀ ਤੇ ਸੁਣਾਉਣ ? ਤੋਂ ਬਾਅਦ ਉਹ ਕਹਿਣ ਲੱਗੀ ਕਿ ਉਹ ਥੱਕ ਗਈ ਹੈ ਤੇ ਉਸਨੇ ਕੁਝ ਚਿਰ ਲਈ ਸੌਣ ਵਾਸਤੇ ਆਪਣਾ ਸਿਰ ਕੁਰਸੀ ਦੀ ਪਿੱਠ ਨਾਲ ਲਾ ਲਿਆ। ਜਦੋਂ ਉਹ ਸੌਂ ਰਹੀ ਸੀ, ਸਾਨੂੰ ਉਸਦੇ ਨਰਮ ਸਾਹਾਂ ਦੀ ਆਵਾਜ਼ ਸੁਣ ਰਹੀ ਸੀ, ਜਿਹੜੀ ਕਿ ਹੌਲੀ ਹੌਲੀ ਹੋਰ ਸ਼ਾਂਤ ਹੋ ਰਹੀ ਸੀ ਤੇ ਉਸਦੇ ਚਿਹਰੇ 'ਤੇ ਖੁਸ਼ੀ ਤੇ ਸ਼ਾਂਤੀ ਦੇ ਭਾਵ ਸਨ। ਏਦਾਂ ਜਾਪ ਰਿਹਾ ਸੀ ਜਿਵੇਂ ਉਸਦਾ ਚਿਹਰਾ ਸੂਰਜ ਦੀਆਂ ਕਿਰਨਾਂ ਨਾਲ ਚਮਕ ਰਿਹਾ ਹੋਵੇ। ਫੇਰ ਉਹ ਇਕ ਵਾਰੀ ਹੋਰ ਮੁਸਕਰਾਈ ਤੇ ਫੇਰ ਸਭ ਜਣੇ ? ਕਹਿਣ ਲੱਗੇ ? ਕਿ ਉਹ ਹੁਣ ਮਰ ਗਈ ਹੈ। ਉਸਨੂੰ ਕਾਲੇ ਰੰਗ ਦੇ ਤਾਬੂਤ ਵਿੱਚ ਰੱਖਿਆ ਗਿਆ, ਉਹ ਲਿਨਨ ਦੇ ਕੱਪੜੇ ਦੀਆਂ ਸਫੈਦ ਤਹਿਆਂ ਵਿੱਚ ਲਪੇਟੀ ਹੋਈ ਕੁਝ ਕਮਜ਼ੋਰ ਤੇ ਖ਼ੂਬਸੂਰਤ ਦਿਸ ਰਹੀ ਸੀ। ਭਾਵੇਂ ਉਸ ਦੀਆਂ ਅੱਖਾਂ ਬੰਦ ਸਨ,ਪਰ ਉਸਦੇ ਚਿਹਰੇ 'ਤੇ ਹੁਣ ਕੋਈ ਝੁਰੜੀ ਨਹੀਂ ਸੀ, ਉਸਦੇ ਵਾਲ ਸਫੈਦ ਤੇ ਚਾਂਦੀ ਰੰਗੇ ਦਿਸ ਰਹੇ ਸਨ ਤੇ ਉਸਦੇ ਮੂੰਹ 'ਤੇ ਇਕ ਪਿਆਰੀ ਜਿਹੀ ਮੁਸਕਾਨ ਫ਼ੈਲੀ ਹੋਈ ਸੀ। ਸਾਨੂੰ ਆਪਣੀ ?ਏਨੀ ਪਿਆਰੀ ਤੇ ਚੰਗੀ ਦਾਦੀ ਮਾਂ ਵੱਲ ਦੇਖ ਕੇ ਬਿਲਕੁਲ ਕੋਈ ਡਰ ਨਹੀਂ ਸੀ ਲੱਗ ਰਿਹਾ। ਉਸਦੀ ਇੱਛਾ ਦੇ ਅਨੁਸਾਰ ਉਹ ਧਾਰਮਿਕ ਪੁਸਤਕ ਜਿਸ ਵਿੱਚ ਹਾਲੀ ਵੀ ਗੁਲਾਬ ਦਾ ਫੁੱਲ ਪਿਆ ਹੋਇਆ ਸੀ, ਉਸਦੇ ਸਿਰ ਥੱਲੇ ਰੱਖ ਦਿੱਤੀ ਗਈ ਤੇ ਫੇਰ ਉਸਨੂੰ ਦਫ਼ਨਾ ਦਿੱਤਾ ਗਿਆ। ਗਿਰਜੇ ਦੀ ਕੰਧ ਦੇ ਨੇੜੇ ਉਸਦੀ ਕਬਰ 'ਤੇ ਇਕ ਗੁਲਾਬ ਦਾ ਪੌਦਾ ਲਗਾ ਦਿੱਤਾ ਗਿਆ,ਜਿਹੜਾ ਕਿ ਛੇਤੀ ਹੀ ਫੁੱਲਾਂ ਨਾਲ ਲੱਦਿਆ ਗਿਆ ਅਤੇ ਬੁਲਬੁਲ ਇਹਨਾਂ ਫੁੱਲਾਂ ਦੇ ਦਰਮਿਆਨ ਬੈਠ ਕੇ ਦਾਦੀ ਮਾਂ ਦੀ ਕਬਰ ਦੇ ਨੇੜੇ ਤੇੜੇ ਗੀਤ ਗਾਉਂਦੀ ਰਹਿੰਦੀ। ਗਿਰਜੇ ਵਿੱਚੋਂ ਹਾਰਮੋਨੀਅਮ ਦੇ ਸੰਗੀਤ ਅਤੇ ਰੱਬ ਦੀ ਉਸਤਤ ਵਿੱਚ ਗਾਏ ਗੀਤਾਂ ਦੀ ਆਵਾਜ਼ ਆਉਂਦੀ ਰਹਿੰਦੀ,ਜਿਹੜੇ ਕਿ ਮਰੀ ਹੋਈ ਦਾਦੀ ਮਾਂ ਦੇ ਸਿਰ ਹੇਠਲੀ ਕਿਤਾਬ 'ਚ ਲਿਖੇ ਹੋਏ ਸਨ। ਕਬਰ 'ਤੇ ਚੰਨ ਦੀ ਚਾਨਣੀ ਪੈ ਰਹੀ ਸੀ, ਪਰ ਮਰੀ ਹੋਈ ਦਾਦੀ ਮਾਂ ਉਥੇ ਨਹੀਂ ਸੀ। ਹਰੇਕ ਬੱਚਾ, ਇਥੋਂ ਤੱਕ ਕਿ ਰਾਤ ਨੂੰ ਵੀ ਉਥੇ ਜਾ ਕੇ ਗਿਰਜੇ ਦੀ ਨਾਲ ਵਾਲੀ ? ਕੰਧ ਦੇ ਨੇੜੇ ਲੱਗੇ ਹੋਏ ਬੂਟੇ ਤੋਂ ਗੁਲਾਬ ਦਾ ਫੁੱਲ ਤੋੜ ਸਕਦਾ ਸੀ। ਮਰੇ ਹੋਏ ਲੋਕਾਂ ਨੂੰ ਜਿਊਂਦਿਆਂ ਲੋਕਾਂ ਨਾਲੋਂ ਜ਼ਿਆਦਾ ਗਿਆਨ ਹੁੰਦਾ ਹੈ। ਉਹਨਾਂ ਨੂੰ ਪਤਾ ਹੁੰਦਾ ਹੈ ਕਿ ਜੇ ਕੋਈ ਅਜੀਬ ਘਟਨਾ ਵਾਪਰ ਗਈ, ਜਿਵੇਂ ਕਿ ਸਾਡੇ ਦਰਮਿਆਨ,ਕਿਸੇ ਮਰੇ ਹੋਏ ਆਦਮੀ ਦਾ ਦਿਸਣਾ, ਤਾਂ ਇਸ ਨਾਲ ਸਾਡੇ ਅੰਦਰ ਕਿੰਨਾ ਖ਼ੌਫ਼ ਪੈਦਾ ਹੋ ਸਕਦਾ ਹੈ। ਉਹ ਸਾਡੇ ਤੋਂ ਕਿਤੇ ਚੰਗੇ ਹੁੰਦੇ ਹਨ। ਮਰੇ ਹੋਏ ਲੋਕ ਕਦੀ ਵਾਪਸ ਨਹੀਂ ਆਉਂਦੇ। ਤਾਬੂਤ ਦੇ ਉੱਪਰ ਮਿੱਟੀ ਪਾਈ ਗਈ ਹੈ, ਤੇ ਇਸਦੇ ਅੰਦਰ ਵੀ ਮਿੱਟੀ ਹੀ ਹੁੰਦੀ ਹੈ। ਧਾਰਮਿਕ ਕਿਤਾਬ ਵੀ ਮਿੱਟੀ ਹੀ ਹੋ ਗਈ ਹੈ ਅਤੇ ਗੁਲਾਬ ਦਾ ਫੁੱਲ ਵੀ ਆਪਣੀਆਂ ਸਾਰੀਆਂ ਯਾਦਾਂ ਨੂੰ ਸਮੇਟੀ ਹੋਈ, ਮਿੱਟੀ ਵਿੱਚ ਨਸ਼ਟ ਹੋ ਗਿਆ ਹੈ। ਪਰ ਕਬਰ ਦੇ ਉੱਪਰ ਤਾਜ਼ੇ ਫੁੱਲ ਖਿੜਦੇ ਰਹਿੰਦੇ ਹਨ, ਬੁਲਬੁਲ ਗਾਉਂਦੀ ਰਹਿੰਦੀ ਹੈ, ਹਾਰਮੋਨੀਅਮ ਤੋਂ ਆਵਾਜ਼ ਆਉਂਦੀ ਰਹਿੰਦੀ ਹੈ ਅਤੇ ਹਾਲੀ ਵੀ ਉਥੇ ਦਾਦੀ ਮਾਂ ਦੀ ਯਾਦ ਕਾਇਮ ਹੈ, ਜਿਸਦੀਆਂ ਪਿਆਰੀਆਂ ਤੇ ਕੋਮਲ ਅੱਖਾਂ ਹਮੇਸ਼ਾਂ ਲਈ ਅਮਰ ਹੋ ਗਈਆਂ ਹਨ। ਅੱਖਾਂ ਕਦੀ ਵੀ ਨਿਰਜਿੰਦ ਨਹੀਂ ਹੋ ਸਕਦੀਆਂ÷। ਸਾਡੀਆਂ ਅੱਖਾਂ ਹਾਲੀ ਇਕ ਵਾਰੀ ਹੋਰ ਪਿਆਰੀ ਦਾਦੀ ਮਾਂ ਨੂੰ ਜੁਆਨ ਤੇ ਖ਼ੂਬਸੂਰਤ ਰੂਪ 'ਚ ਦੇਖ ਰਹੀਆਂ ਹਨ, ਜਦੋਂ ਕਿ ਉਸਨੇ ਪਹਿਲੀ ਵਾਰੀ ਤਾਜ਼ੇ ਤੇ ਲਾਲ ਗੁਲਾਬ ਨੂੰ ਚੁੰਮਿਆ ਸੀ ,ਜਿਹੜਾ ਕਿ ਹੁਣ ਕਬਰ ਦੇ ਵਿੱਚ ਮਿੱਟੀ ਬਣ ਗਿਆ ਹੈ।

**ਪੰਜਾਬੀ ਅਨੁਵਾਦ: ਬਲਰਾਜ ਧਾਰੀਵਾਲ।**

# ਅੱਖੀਂ ਵੇਖਿਆ ਗੁਰੂ ਅਮਰ ਦਾਸ ਅਪਾਹਜ ਆਸ਼ਰਮ

**'ਤੁਰਿਆ ਚੱਲ ਫਕੀਰਾ ਪਿੱਛਾ ਭਉਂ ਕੇ ਵੇਖੀਂ ਨਾ'**

ਅੱਜ ਇੱਕ ਇਹੋ ਜਿਹੇ ਫ਼ਕੀਰਾਨਾ ਤਬੀਅਤ ਦੇ ਮਾਲਕ ਦੀ ਗੱਲ ਕਰਨ ਲਗੀ ਹਾਂ, ਜੋ ਵੀਹ ਕੁ ਸਾਲ ਪੰਜਾਬ ਖੇਤੀ ਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਸਟੈਟਿਸਟਿਕਸ ਦਾਪ੍ਰੋਫ਼ੈਸਰ, ਉਪਰੰਤ ਇੱਕ ਸਾਲ ਯੂਨੀਵਰਸਿਟੀ ਆਫ਼ ਵਿੰਡਸਰ (ਕੈਨੇਡਾ)ਵਿਖੇ ਸਾਇੰਸਦਾਨ ਅਤੇ ਅੱਠ ਕੁ ਸਾਲ ਮੌਰੀਸਨ ਸਾਇੰਟਿਫਿਕ ਕੰਪਨੀ, ਕੈਲਗਰੀ ਵਿੱਚ ਸੀਨੀਅਰ ਸਾਇੰਸਦਾਨ ਵੱਜੋਂ ਸੇਵਾ ਨਿਭਾਉਣ ਤੋਂ ਬਾਅਦਅਚਾਨਕ 2005 ਵਿੱਚ ਸਭ ਕੁੱਝ ਛੱਡ ਛੁਡਾ ਕੇ ਲੁਧਿਆਣਾ ਸ਼ਹਿਰ ਦੀਆਂ ਸੜਕਾਂ ਤੋਂ ਲਵਾਰਿਸ, ਬਿਮਾਰ, ਅਪਾਹਜ ਮਰੀਜ਼ਾਂ ਨੂੰ ਆਪਣੇ ਸਾਈਕਲ ਤੇ ਲੱਦ ਹਸਪਤਾਲ ਪੁਚਾਉਂਦਾ, ਉਨ੍ਹਾਂ ਦੀ ਹੱਥੀ ਸੇਵਾ ਕਰਦਾ ਫ਼ੱਕਰਾਂ ਵਾਲੀ ਜ਼ਿੰਦਗੀ ਜਿਉਣ ਲੱਗ ਪਿਆ।

ਲੁਧਿਆਣਾ ਰਹਿੰਦਿਆਂ ਇਨ੍ਹਾਂ ਦੀਆਂ ਇਹ ਕਾਰਜ ਕਰਦਿਆਂ ਦੀਆਂ ਤਸਵੀਰਾਂ ਇੱਕ ਦੋ ਵਾਰ ਅਖ਼ਬਾਰ ਵਿੱਚ ਵੇਖੀਆਂ ਸਨ।ਮਨ ਹੀ ਮਨ ਇਸ ਨੇਕ ਕੰਮ ਤੇ ਕੰਮ ਕਰਨ ਵਾਲੇ ਦੀ ਸ਼ਲਾਘਾ ਕੀਤੀ, ਪਰ ਨਾ ਕਦੇ ਉਨ੍ਹਾਂ ਨੂੰ ਮਿਲਣ ਬਾਰੇ ਸੋਚਿਆ ਅਤੇ ਨਾ ਹੀ ਕਦੇ ਉੱਥੇ ਮਿਲਣ ਦਾ ਸਬੱਬ ਬਣਿਆ। ਅਸੀਂ 2009 ਵਿੱਚ ਪੱਕੇ ਤੌਰ ਤੇ ਕੈਲਗਰੀ ਆ ਵੱਸੇ। ਕਦੇ ਖ਼ਾਬੋ ਖਿਆਲ ਵਿੱਚ ਵੀ ਨਹੀਂ ਸੀ ਕਿ ਇਸ ਨੇਕ ਸਖ਼ਸ਼ ਨਾਲ ਇੱਥੇ ਮੁਲਾਕਾਤ ਹੋਵੇਗੀ। ਮੁਲਾਕਾਤ ਦਾ ਸਬੱਬ ਬਣਿਆ 'ਰੇਡੀਓ ਸੁਰ ਸੰਗਮ' ਰਾਹੀਂ, ਜਿੱਥੇ ਮੈਂ ਕਰੋਨਾ ਤੋਂ ਬਾਅਦ 2021 ਵਿੱਚ ਰੇਡੀਓ ਪ੍ਰੋਗਰਾਮ ਹੋਸਟ ਕਰਨ ਲਗੀ ਪਈ ਸਾਂ। ਇਨ੍ਹਾਂ ਨਾਲ ਆਪਣੇ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਲਈ ਸੰਪਰਕ ਕੀਤਾ ਤਾਂ ਇਨ੍ਹਾਂ ਹਾਂ ਕਰ ਦਿੱਤੀ ਅਤੇ ਨਿਯਤ ਸਮੇਂ ਤੋਂ ਪਹਿਲਾਂ ਹੀ ਸਟੂਡਿਓ ਵਿੱਚ ਹਾਜ਼ਰ ਹੋ ਗਏ।

ਸਫ਼ੈਦ ਕੁੜਤੇ ਪਜਾਮੇ ਵਿੱਚ ਦੇਵਤਿਆਂ ਵਾਲੀ ਦਿੱਖ ਵਾਲਾ ਇਹ ਵਿਅਕਤੀ ਡਾ: ਨੌਰੰਗ ਸਿੰਘ ਮਾਂਗਟ ਸੀ, ਜਿਨ੍ਹਾਂ ਨੂੰ ਮੈਂ ਤਸਵੀਰਾਂ ਵਿੱਚ ਹੀ ਵੇਖਿਆ ਸੀ। ਗੱਲਬਾਤ ਕਰਦਿਆਂ ਇਨ੍ਹਾਂ ਨੇ ਆਪਣੇ ਨਿਸ਼ਕਾਮ ਸੇਵਾ ਕਾਰਜ ਦੀ ਸਾਂਝ ਪਾਈ ਜੋ ਲੁਧਿਆਣੇ ਦੀਆਂ ਸੜਕਾਂ ਤੋਂ ਖੁੱਲ੍ਹੇ ਅਸਮਾਨ ਹੇਠਾਂ ਸ਼ੁਰੂ ਹੋ ਕੇ ਹੁਣ 'ਗੁਰੂ ਅਮਰ ਦਾਸ ਅਪਾਹਜ ਆਸ਼ਰਮ' ਦੇ ਰੂਪ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਪਿੰਡ ਸਰਾਭਾ-ਸਹੌਲੀ-ਅੱਬੂਵਾਲ,ਤਿੰਨ ਪਿੰਡਾਂ ਦੇ ਵਿਚਕਾਰ ਨਿਆਸਰਿਆਂ ਦਾ ਆਸਰਾ ਬਣ ਗਿਆ ਸੀ। ਉਦੋਂ ਹੀ ਮੈਂ ਪੱਕਾ ਮਨ ਬਣਾ ਲਿਆ ਸੀ ਕਿ ਜਦੋਂ ਹੁਣ ਲੁਧਿਆਣੇ ਗਈ ਤਾਂ ਇਸ ਆਸ਼ਰਮ ਵਿੱਚ ਜ਼ਰੂਰ ਜਾਣਾ ਹੈ।1989 ਤੋਂ 1997 ਤੱਕ ਮੈਂ ਸਰਾਭਾ ਪਿੰਡ 'ਚ ਹੀ ਸ਼ਹੀਦ ਕਰਤਾਰ ਸਿੰਘ ਸਰਾਭਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਬਤੌਰ ਅੰਗਰੇਜ਼ੀ ਲੈਕਚਰਾਰ ਪੜ੍ਹਾਇਆ ਸੀ ਅਤੇ ਕਰਤਾਰ ਸਿੰਘ ਸਰਾਭਾ ਦਾ ਜਨਮ ਅਸਥਾਨ ਹੋਣ ਕਾਰਨ ਇਸ ਪਿੰਡ ਲਈ ਮੇਰੇ ਅੰਦਰ ਖਾਸ ਸ਼ਰਧਾ ਹੈ।



ਸੜਕ ਕਿਨਾਰੇ ਪਏ ਇੱਕ ਬੇਘਰ ਮਰੀਜ਼ ਦੇ ਪੱਟੀ ਕਰਦੇ ਹੋਏ ਡਾ. ਮਾਂਗਟ

ਸੋ ਇਸ ਸਾਲ (2023 ਵਿੱਚ) ਜਦੋਂ ਲੁਧਿਆਣੇ ਗਏ ਤਾਂ ਡਾ. ਮਾਂਗਟ ਜੀ ਨਾਲ ਮੈਂ ਵਟਸਅੱਪ 'ਤੇ ਸੰਪਰਕ ਕੀਤਾ ਤਾਂ ਇਨ੍ਹਾਂ ਦੱਸਿਆ ਕਿ ਮੈਂ ਤਾਂ ਪਿਛਲੇ ਹਫਤੇ ਵਾਪਸ ਕੈਲਗਰੀ ਆ ਗਿਆ ਹਾਂ। ਪਰ ਤੁਸੀਂ ਮੀਤ ਪ੍ਰਧਾਨ ਚਰਨ ਸਿੰਘ ਹੁਰਾਂ ਨਾਲ ਰਾਬਤਾ ਕਰ ਲਓ।ਸੋ ਮਈ ਮਹੀਨੇ ਦੇ ਪਹਿਲੇ ਹਫ਼ਤੇ ਜਦੋਂਸਾਡੀ ਗੱਡੀ ਸਰਾਭਾ ਪਿੰਡ ਦੇ ਮੋੜ ਤੋਂ ਸਹੌਲੀ ਵਾਲੀ ਸੜਕ 'ਤੇ ਚੜ੍ਹੀ ਤਾਂ ਆਸ਼ਰਮ ਦੀ ਸਫ਼ੈਦ ਰੰਗ ਦੀ ਤਿੰਨ ਮੰਜ਼ਲੀ ਇਮਾਰਤ ਨਜ਼ਰੀ ਪਈ ਜਿਸ ਦੀ ਦਿੱਖ ਕਾਲਜ ਦੀ ਇਮਾਰਤ ਵਰਗੀ ਸੀ।ਗੱਡੀ ਪਾਰਕ ਕਰਕੇ ਦੋਵੇਂ ਪਾਸੇ ਖ਼ੂਬਸੂਰਤ ਫੁੱਲਾਂ ਬੂਟਿਆਂ ਨਾਲ ਭਰੇ ਰਸਤੇ 'ਤੇ ਤੁਰਦਿਆਂ ਸਭ ਤੋਂ ਉੱਪਰਲੀ ਮੰਜ਼ਿਲ ਤੇ ਮੋਟੇ ਅੱਖਰਾਂ ਵਿੱਚ ਲਿਖਿਆ 'ਗੁਰੂ ਅਮਰ ਦਾਸ ਅਪਾਹਜ ਆਸ਼ਰਮ' ਪੜ੍ਹ ਯਕੀਨ ਹੋ ਗਿਆ ਕਿ ਅਸੀਂ ਸਹੀ ਜਗ੍ਹਾ ਤੇ ਪਹੁੰਚ ਗਏ ਸਾਂ। ਸਾਨੂੰ ਆਸ਼ਰਮ ਦਾ ਸਮੁੱਚਾ ਕੰਮ-ਕਾਜ ਸੰਭਾਲਣ ਵਾਲੇਮੀਤ ਪ੍ਰਧਾਨ ਸ: ਚਰਨ ਸਿੰਘ ਜੀ ਬਹੁਤ ਆਦਰ ਨਾਲ ਮਿਲੇ। ਉਨ੍ਹਾਂ ਦੇ ਨਾਲ ਰਿਟਾਇਰਡ ਪ੍ਰੋਫੈਸਰਡਾ: ਕਮਲ ਗੁਰਮੀਤ ਸਿੰਘ ਵੀ ਬੈਠੇ ਹੋਏ ਸਨ।ਉਨ੍ਹਾਂ ਆਸ਼ਰਮ ਵਿੱਚ ਸੇਵਾ ਨਿਭਾ ਰਹੇ ਸਾਰੇ ਕਰਮਚਾਰੀਆਂ ਨਾਲ ਜਾਣ-ਪਛਾਣ ਕਰਵਾਈ। ਡਾ: ਹਰਸ਼ ਕੁਮਾਰ (ਮੈਡੀਕਲ ਅਫਸਰ), ਰੁਪਿੰਦਰ ਕੌਰ (ਆਫਿਸ ਸੁਪਰਡੈਂਟ), ਗੁਰਪ੍ਰੀਤ ਕੌਰ (ਸੁਪਰਡੈਂਟ ਐਕਾਊਂਟਸ), ਗੁਰਦੀਪ ਕੌਰ (ਸਟਾਫ ਨਰਸ) ਜਮਨਾ ਦੇਵੀ (ਟੇਲਰ) ਸੰਦੀਪ ਕੌਰ (ਫਾਰਮਾਸਿਸਟ)ਨੇ ਆਪਣੇ ਆਪਣੇ ਕੰਮ ਬਾਰੇ ਜਾਣਕਾਰੀ ਦਿੱਤੀ। ਮੈਂ ਪੰਜਾਬੀ ਨੈਸ਼ਨਲ ਟੀ.ਵੀ. ਲਈ ਇਸ ਆਸ਼ਰਮ ਵਿੱਚ ਬਿਤਾਏ ਪਲਾਂ ਦੀ ਵੀਡੀਓ ਬਣਾਉਣ ਲਈ ਸੁਮੀਤ ਨੂੰ ਲੈ ਕੇ ਗਈ ਸੀ। ਉਹ ਨਾਲੋ ਨਾਲ ਸਾਰੀ ਗੱਲਬਾਤ ਦੀ ਵੀਡੀਓ ਬਣਾਈ ਜਾ ਰਿਹਾ ਸੀ।

ਸਭ ਤੋਂ ਪਹਿਲਾਂ ਉਹ ਸਾਈਕਲ ਵੇਖਿਆ, ਜਿਹਦੇ 'ਤੇ ਸੁਆਰ ਹੋ ਕੇ ਪਹਿਲੇ ਚਾਰ ਸਾਲ (2005 ਤੋਂ 2009 ਤੱਕ) ਲੁਧਿਆਣੇ ਸ਼ਹਿਰ ਦੀਆਂ ਸੜਕਾਂ ਤੇ ਘੁੰਮ ਫਿਰ ਕੇ, ਮਾਂਗਟ ਜੀ ਨੇ ਲਾਵਾਰਸ, ਬੇਸਹਾਰਾ, ਬੇਘਰ, ਅਪਾਹਜ, ਗਰੀਬ, ਬਿਮਾਰ ਲੋਕਾਂ ਦੀ ਸੇਵਾ-ਸੰਭਾਲ ਦਾ ਕਾਰਜ ਲਗਪਗ ਅਠਾਰਾਂ ਸਾਲ ਪਹਿਲਾਂ ਅਰੰਭਿਆ ਸੀ। ਨੱਬੇ ਰੁਪਏ ਦੀ ਖਰੀਦੀ ਹੋਈ ਇੱਕ ਲਾਲਟੈਣ, ਜੋ ਕਿ ਹਨੇਰੇ ਵਿੱਚ ਚਾਨਣ ਕਰਨ ਲਈ ਆਪਣੇ ਸਾਈਕਲ ਨਾਲ ਲਟਕਾ ਕੇ ਰਖਦੇ ਸੀ, ਸੈਂਕੜੇ ਹਨੇਰਾ ਢੋਂਦੇ ਵਿਅਕਤੀਆਂ ਲਈ ਰੋਸ਼ਨੀ ਦਾ ਪ੍ਰਤੀਕ ਬਣੀ ਅੱਜ ਵੀ ਉੱਥੇ ਮੌਜੂਦ ਸੀ। ਨਾਲ ਹੀ 130 ਰੁਪਏ 'ਚ ਖਰੀਦਿਆ ਮਿੱਟੀ ਦੇ ਤੇਲ ਵਾਲਾ ਸਟੋਵ ਪਿਆਸੀ ਜਿਸ ਉੱਪਰ ਉਸ ਸਮੇਂ ਚਾਹ-ਪਾਣੀ, ਪਸ਼ਾਦਾ ਆਦਿਕ ਤਿਆਰ ਕਰਦੇ ਸੀ।ਡਾ: ਮਾਂਗਟ ਨੇ23 ਮਾਰਚ 2009 ਨੂੰ ਇਸ ਜਗ੍ਹਾ ਤਰਪਾਲ ਦਾ ਤੰਬੂ ਲਾ ਕੇ ਇਸੇ ਹੀ ਲਾਲਟੈਣ ਤੇ ਸਟੋਵ ਨਾਲ ਆਤਮਾ ਰਾਮ ਤੇ ਨਨਕੀ ਨਾਂ ਦੇ ਦੋ ਮਜ਼ਦੂਰਾਂ ਸੰਗ ਨਿਆਸਰਿਆਂ ਦਾ ਆਸਰਾ ਬਣਾਉਣ ਦਾ ਮੁੱਢ ਬੰਨ੍ਹਿਆ ਸੀ। ਆਤਮਾ ਰਾਮ ਸ਼ੂਗਰ ਦਾ ਮਰੀਜ਼ ਸੀ ਜਿਸ ਨੂੰ ਉਨ੍ਹਾਂ ਲੁਧਿਆਣੇ ਵਾਲੀ (ਉਸ ਵੇਲੇ ਸੁੱਕੀ) ਨਹਿਰ ਵਿਚੋਂ ਚੁੱਕ ਕੇ ਹਸਪਤਾਲ ਇਲਾਜ ਕਰਵਾਇਆ ਸੀ।ਅੱਜ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਦੇ ਕੋਲ ਢਾਈ ਏਕੜ ਦੇ ਕਰੀਬ ਜ਼ਮੀਨ ਹੈ।ਸਾਰੀ ਜ਼ਮੀਨ-ਜਾਇਦਾਦ ਆਸ਼ਰਮ ਦੇ ਨਾਮ ਹੈ ਜੋ ਕਿ ਇੱਕ ਚੈਰਿਟੇਬਲ ਸੰਸਥਾ ਹੈ। ਆਸ਼ਰਮ ਬਣਨ ਵੇਲੇ ਇਹ ਜਗ੍ਹਾ ਪਿੰਡਾਂ ਤੋਂ ਦੂਰ ਇੱਕ ਸੁੰਨ-ਸਾਨ ਜਗ੍ਹਾ ਸੀ। ਸਹੌਲੀ ਨੂੰ ਜਾਣ ਵਾਲੀ ਇਹ ਸੜਕ ਆਸ਼ਰਮ ਬਣਨ ਵੇਲੇ ਇੱਕ ਸੁੰਨਾ ਜਿਹਾ ਕੱਚਾ ਰਸਤਾ ਸੀ। ਕਦੇ ਕਦਾਈਂ ਹੀ ਕੋਈ ਸਾਇਕਲ ਵਾਲਾ ਇਸ ਕੱਚੇ ਰਸਤੇ ਲੰਘਦਾ ਸੀ।

ਹੁਣ ਆਸ਼ਰਮ ਵਿੱਚ 200 ਦੇ ਕਰੀਬ ਵਿਅਕਤੀ ਰਹਿੰਦੇ ਹਨ। ਇਨ੍ਹਾਂ ਵਿਚੋਂ150 ਮਰਦ ਅਤੇ 50 ਔਰਤਾਂ ਹਨ ।ਔਰਤਾਂ ਤਾਂ ਆਸ਼ਰਮ ਦੀ ਬਣੀ ਹੋਈ ਤਿੰਨ ਮੰਜ਼ਲੀ ਇਮਾਰਤ ਵਿੱਚ ਬਣੇ ਹਾਲ ਕਮਰਿਆਂ ਵਿੱਚ ਰਹਿੰਦੀਆਂ ਹਨ। ਉਨ੍ਹਾਂ ਲਈ ਬੜੇ ਸਾਫ਼-ਸੁਥਰੇ ਮੰਜੇ ਬਿਸਤਰੇ ਲਗੇ ਹਨ।ਮਰਦਾਂ ਦਾ ਨਿਵਾਸ ਅਸਥਾਨ ਅਜੇ ਸ਼ੈਡਾਂ ਵਿੱਚ ਹੈ। 50 ਸਾਲ ਦੀ ਉਮਰ ਤੋਂ ਵੱਧ ਵਾਲੇ ਮਰਦਾਂ ਲਈ ਸੀਨੀਅਰ ਸਿਟੀਜ਼ਨ ਦਾ ਵੱਡਾ ਹਾਲ ਹੈ।ਬਾਕੀ ਮਰੀਜ਼ਾਂ ਨੂੰ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਵੱਖ ਵੱਖ ਸ਼ੈਡਾਂ ਵਿੱਚ ਰੱਖਿਆ ਜਾਂਦਾ ਹੈ।ਡੇਢ ਸੌ ਦੇ ਕਰੀਬ ਮਰੀਜ਼ ਰੋਜ਼ਾਨਾ ਦਵਾਈ 'ਤੇ ਨਿਰਭਰ ਕਰਦੇ ਹਨ।



ਆਸ਼ਰਮ ਦੀ ਮੌਜੂਦਾ ਬਿਲਡਿੰਗ

ਦਿਨ ਵੇਲੇ ਲਗਪਗ ਸਾਰੇ ਮਰਦ ਔਰਤਾਂ ਆਪੋ ਆਪਣੇ ਕਮਰਿਆਂ ਵਿਚੋਂ ਬਾਹਰ ਨਿਕਲ ਕੇ ਸਾਂਝੀ ਥਾਂ ਤੇ ਬੈਠ ਜਾਂਦੇ ਹਨ ਅਤੇ ਹਮ-ਉਮਰਾਂ ਨਾਲ ਸਮਾਂ ਬਿਤਾਉਂਦੇ ਤਾਜ਼ੀ ਹਵਾ ਅਤੇ ਖੁੱਲ੍ਹ-ਡੁੱਲ੍ਹ ਦਾ ਆਨੰਦ ਮਾਣਦੇ ਹਨ। ਬਹੁਤ ਹੀ ਸਾਫ਼-ਸੁਥਰੀ ਰਸੋਈ ਵਿੱਚ 250 ਦੇ ਕਰੀਬ ਵਿਅਕਤੀਆਂ ਦਾ ਪ੍ਰਸ਼ਾਦਾ ਤਿਆਰ ਹੁੰਦਾ ਹੈ ਅਤੇ ਮਰਦ-ਔਰਤਾਂ ਵੱਡੇ ਲੰਗਰ ਹਾਲ ਵਿੱਚ ਜ਼ਮੀਨ ਤੇ ਬੈਠ ਕੇ ਜਾਂ ਪਾਸੇ ਲਗੇ ਬੈਂਚਾ ਤੇ ਬੈਠ ਕੇ ਪ੍ਰਸ਼ਾਦਾ ਖਾਂਦੇ ਹਨ।

ਆਸ਼ਰਮ 'ਚ ਰਹਿਣ ਵਾਲੇ ਮਰਦ ਔਰਤਾਂ ਨਾਲ ਵੀ ਗੱਲਾਂ ਕੀਤੀਆਂ। ਸਭ ਦੀਆਂਦੁੱਖ ਭਰੀਆਂ ਕਹਾਣੀਆਂ ਧੁਰ ਅੰਦਰ ਕਾਂਬਾ ਛੇੜ ਰਹੀਆਂ ਸਨ। ਮਾਲਤੀ ਨੇ ਦੱਸਿਆ ਕਿ ਪੰਜ ਸਾਲ ਪਹਿਲਾਂ ਮੈਨੂੰ ਅਧਰੰਗ ਹੋਗਿਆ ਸੀ ਜਿਸ ਕਰਕੇ ਮੇਰਾ ਪਤੀ,ਜੋ ਕਿ ਰਿਕਸ਼ਾ ਚਲਾਉਂਦਾ ਸੀ, ਮੈਨੂੰ ਝਾੜੀਆਂ ਵਿੱਚ ਸੁੱਟ ਗਿਆ ਸੀ। ਦਿਮਾਗੀ ਸੰਤੁਲਨ ਗੁਆ ਚੁੱਕੀ ਨੀਲਮ ਨਾਂ ਦੀ ਔਰਤ ਲੁਧਿਆਣਾ ਸ਼ਹਿਰ ਦੇ ਭਾਈ ਰਣਧੀਰ ਸਿੰਘ ਨਗਰ 'ਚ ਰਾਤ ਨੂੰ ਫੁੱਟ-ਪਾਥ 'ਤੇ ਪਈ ਸੀ ਜਿਸ ਨੂੰ ਕੋਈ ਭਲਾ ਪੁਰਸ਼ ਪੁਲਿਸ ਮਦਦ ਨਾਲ ਆਸ਼ਰਮ 'ਚ ਲੈ ਆਇਆ ਸੀ। ਇੱਕ ਦਿਮਾਗੀ ਸੰਤੁਲਨ ਗੁਆ ਚੁੱਕੀ ਔਰਤ ਜੋ ਕਿ ਬੋਲਦੀ ਨਹੀਂ ਸੀ ਪਤਾ ਲੱਗਿਆ ਕਿ ਰਾਤ ਦੇ ਹਨ੍ਹੇਰੇ 'ਚ ਇਸ ਨੂੰ ਕੋਈ ਪੱਖੋਵਾਲ ਪਿੰਡ ਦੇ ਨਜ਼ਦੀਕ ਖੇਤਾਂ 'ਚ ਸੁੱਟ ਗਿਆ ਸੀ। ਕਿਸੇ ਦੀ ਬਾਂਹ ਕੱਟੀ ਹੋਈ ਸੀ, ਕਿਸੇ ਦੀ ਲੱਤ ਮੁੱਢੋਂ ਕੱਟੀ ਹੋਈ ਸੀ।

ਮਰਦਾਂ ਵਾਲੇ ਪਾਸੇ ਗਏ ਕੋਈ ਉੱਚੀ-ਉੱਚੀ ਚੀਕਾਂ ਮਾਰ ਰਿਹਾ ਸੀ। ਕੁੱਝ ਮਰੀਜ਼ ਬੋਲ ਹੀ ਨਹੀਂ ਸਕਦੇ ਸਨ। ਦਿਮਾਗੀ ਸੰਤੁਲਨ ਗੁਆ ਚੁੱਕੇ ਕਈਆਂ ਨੂੰ ਆਪਣੀ ਸੁੱਧ-ਬੁੱਧ ਹੀ ਨਹੀਂ ਸੀ ਅਤੇ ਕੋਈ ਇਤਨਾ ਖਤਰਨਾਕ ਕਿ ਉਸ ਨੂੰ ਬੰਨ੍ਹ ਕੇ ਰਖਣਾ ਪੈਂਦਾ ਸੀ।ਇੱਕ ਸ਼ੈਡ ਵਿੱਚ ਚਾਰ ਕੁ ਬੱਚੇ ਮੰਜਿਆਂ ਤੇ ਪਏ ਸਨ, ਜਿਨ੍ਹਾਂ ਦੀ ਸੰਭਾਲ ਕਰਨ ਵਾਲੇ ਸੇਵਾਦਾਰ ਨੇ ਦੱਸਿਆ ਕਿ ਇਹ ਬੱਚੇ ਨਹੀਂ ਸਗੋਂ 20-22 ਸਾਲ ਤੋਂ ਜ਼ਿਆਦਾ ਉਮਰ ਦੇ ਹਨ। ਇਨ੍ਹਾਂ ਦਾ ਵਿਕਾਸ ਨਹੀਂ ਹੋਇਆ ਹੈ। ਨਾ ਹੀ ਇਹ ਆਪਣੇ ਆਪ ਖਾ-ਪੀ ਸਕਦੇ ਹਨ ਜਾਂ ਉੱਠ ਬੈਠ ਸਕਦੇ ਹਨ।ਇੱਥੇ ਆ ਕੇ ਵੇਖੋ ਤਾਂ ਰੱਬ ਦੀ ਆਖੀ ਜਾਣ ਵਾਲੀ ਇਸ ਦੁਨੀਆਂ ਦਾ ਹਨ੍ਹੇਰਾ ਪੱਖ ਨਜ਼ਰੀਂ ਪੈਂਦਾ ਹੈ। ਪਰ ਆਫ਼ਰੀਨ ਹਨ ! ਇੱਥੇ ਨੌਕਰੀ ਕਰ ਰਹੇ ਮੁਲਾਜ਼ਮ, ਡਾਕਟਰ, ਨਰਸਾਂ, ਫਿਜ਼ੀਓਥੈਰੇਪਿਸਟ ਅਤੇ ਸੇਵਾਦਾਰ ਜਿਨ੍ਹਾਂ ਦੇ ਮੱਥੇ ਤੇ ਸ਼ਿਕਨ ਵੀ ਵੇਖੀ ਹੋਵੇ। ਸਗੋਂ ਉਹ ਕਹਿੰਦੇ ਹਨ ਕਿ ਸਾਨੂੰ ਇੱਥੇ ਕੰਮ ਕਰਕੇ ਸਕੂਨ ਮਿਲਦਾ ਹੈ।'ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹਿ ਬੈਸਣੁ ਪਾਈਐ॥' ਗੁਰਵਾਕ ਅਜਿਹੇ ਲੋਕਾਂ ਤੇ ਹੀ ਪੂਰਾ ਉਤਰਦਾ ਹੈ।

ਇੱਕ ਵੀਲ ਚੇਅਰ ਤੇ ਬੈਠਾ ਦਿਮਾਗੀ ਸੰਤੁਲਨ ਗੁਆ ਚੁੱਕਾ 'ਗੁਲਾਬ' ਨਾਂ ਦਾ ਮਰੀਜ਼ ਸੀ ਜਿਸ ਨੂੰ ਡਾ. ਮਾਂਗਟ ਜੀ 2012 'ਚਜ਼ਖਮਾਂ ਨਾਲ ਗਲ਼ੇ ਹੋਏ ਲਗਪਗ ਮੁਰਦਾ ਹਾਲਤ ਵਿੱਚ ਸੜਕ ਕੰਢਿਓਂ ਚੁੱਕ ਕੇ ਲਿਆਏ ਦੱਸੇ ਗਏ।ਹੁਣ ਇਹ ਵੀਲ ਚੇਅਰ ਨੂੰ ਹੱਥਾਂ ਨਾਲ ਰੇੜ੍ਹ ਕੇ ਇੱਧਰ ਉੱਧਰ ਤੁਰ ਫਿਰ ਲੈਂਦਾ ਹੈ। ਜਿਹੜੇ ਆਪਣਾ ਨਾਂ ਨਹੀਂ ਦੱਸ ਸਕਦੇਉਨ੍ਹਾਂ ਦੇ ਨਾਮ ਆਸ਼ਰਮ 'ਚ ਆਪੇ ਰੱਖ ਲਏ ਜਾਂਦੇ ਹਨ। ਕਿਸੇ ਦਾ ਨਾਮ ਰੱਬ ਜੀ, ਕਿਸੇ ਦਾ ਮੰਡੀ, ਕਿਸੇ ਦਾ ਗੁਲਾਬ ਤੇ ਕਿਸੇ ਦਾ ਪੱਖੋਵਾਲ ਵਾਲੀ। ਸੋ ਲੰਮੀਆਂ ਕਹਾਣੀਆਂ ਹਨ ਲਗਪਗ ਹਰੇਕ ਬੇਸਹਾਰਾ ਆਖੇ ਜਾਣ ਵਾਲੇ ਇਨ੍ਹਾਂ ਰੱਬ ਦੇ ਬੰਦਿਆਂ ਦੀਆਂ ਜਿਨ੍ਹਾਂ ਨੂੰ ਇਸ ਆਸ਼ਰਮ ਨੇ ਆਪਣੇ ਨਿੱਘੇ ਕਲਾਵੇ ਵਿੱਚ ਲਿਆ ਹੋਇਆ ਹੈ।

ਇਮਾਰਤ ਦੀ ਤੀਸਰੀ ਮੰਜ਼ਲ ਉੱਪਰ ਗੁਰਦੁਆਰਾ ਸਾਹਿਬ ਹਨ। ਇੱਥੇ ਰੋਜ਼ਾਨਾ ਨਿਤਨੇਮ ਹੁੰਦਾ ਹੈ। ਸਾਰਾ ਦਿਨ ਗੁਰਬਾਣੀ ਚਲਦੀ ਹੈ ਜੋ ਕਿ ਆਸ਼ਰਮ ਦੇ ਹਰ ਭਾਗ ਵਿੱਚ ਸੁਣਾਈ ਦਿੰਦੀ ਹੈ। ਲੱਖਾਂ ਰੁਪਏ ਮਹੀਨੇ ਦਾ ਇਸ ਆਸ਼ਰਮ ਦਾ ਖਰਚਾ ਹੈ ਜੋ ਸੰਗਤਾਂ ਦੇ ਸਹਿਯੋਗ ਅਤੇ ਅਸੀਸਾਂ ਨਾਲ ਹੀ ਚੱਲਦਾ ਹੈ। ਗੁਰਬਾਣੀ ਦੇ ਗੁਰਵਾਕ ਸੈਲ ਪਥਰ ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ॥ ਵਾਲੀ ਦਰਸਾਈ ਉਸ ਦਾਤੇ ਦੀ ਕਲਾ ਇੱਥੇ ਜ਼ਾਹਰਾ ਵਰਤਦੀ ਮਹਿਸੂਸ ਹੁੰਦੀ ਹੈ।ਮਨੁੱਖਤਾ ਦੇ ਭਲੇ ਲਈ ਆਰੰਭੀ ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੇ ਸਹਾਰੇ ਚਲਦੀ ਇਸ ਚੈਰੀਟੇਬਲ ਸੰਸਥਾ ਨੂੰ ਹਰ ਵੇਲੇ ਮੱਦਦ ਦੀ ਲੋੜ ਹੈ। ਸ਼ੈੱਡਾਂ 'ਚ ਰਹਿ ਰਹੇ ਮਰਦ ਮਰੀਜ਼ਾਂ ਲਈ ਇੱਕ ਬਹੁਤ ਵੱਡੀ ਤਿੰਨ ਮੰਜ਼ਲੀ ਇਮਾਰਤ ਦਾ ਕੰਮ ਚਲ ਰਿਹਾ ਹੈ, ਜਿਸ ਲਈ ਤੁਹਾਡੇ ਸਾਰਿਆਂ ਦੇ ਸਹਿਯੋਗ ਅਤੇ ਅਸੀਸਾਂ ਦੀ ਬੇਹੱਦ ਲੋੜ ਹੈ ਜੀ।

**ਸੰਪਰਕ: ਆਸ਼ਰਮ (ਦਫਤਰ)** 95018-42505; **ਡਾ. ਨੌਰੰਗ ਸਿੰਘ ਮਾਂਗਟ,ਇੰਡੀਆ:** 95018-42506; **ਕੈਲਗਰੀ(ਕੈਨੇਡਾ)** 403-401-8787; **ਗੁਰਚਰਨ ਕੌਰ ਥਿੰਦ (ਲੇਖਕ),ਕੈਲਗਰੀ, ਕੈਨੇਡਾ:** 403-402-9635







ਪੰਜਾਬੀ ਗੀਤਕਾਰੀ ਤੇ ਗਾਇਕੀ ਦੇ ਉਸਤਾਦ ਲਾਲ ਚੰਦ ਯਮਲਾ ਜੱਟ ਜੀ ਦਾ ਲਿਖਿਆ ਤੇ ਯਮਲਾ ਜੀ ਦੇ ਨਾਲ ॥ਮਹਿੰਦਰਜੀਤ ਕੌਰ ਸੇਖੋਂ॥ ਦਾ ਗਾਇਆ ਇੱਕ ਦੋ-ਗਾਣਾ

ਝੂਠੇ ਜਗਤ ਫਰੇਬ ਦੇ ਜਾਲ ਵਿੱਚੋਂ
ਤੇਰੀ ਆਤਮਾ ਬਚੇਗੀ ਦੱਸ ਕੀਕੂੰ
ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਪੰਜੇ
ਇਹਨਾਂ ਪੰਜਾਂ ਨੂੰ ਕਰੇਂਗੀ ਵੱਸ ਕੀਕੂੰ (ਇੱਕ ਸੁਆਲ)

ਜਗਤੇ ਨੂੰ ਛੱਡ ਕੇ ਤੂੰ ਭਗਤੇ ਨੂੰ ਕਰ ਲੈ
ਜਿਨੇ ਤੇਰਾ ਹੋਣਾ ਏ ਸਹਾਈ, ਨੀ ਜਿੰਦੀਏ
ਅੱਲੜ੍ਹ ਵਰੇਸ ਤੇਰੀ ਵਕਤ ਗਵਾਵੀਂ ਨਾ
ਝੱਟ ਕਰ ਵੇਖ ਲੈ ਖੁਦਾਈ, ਨੀ ਜਿੰਦੀਏ

ਜਗਤੇ ਦੇ ਵੱਸ ਕੇ ਬਥੇਰਾ ਚਿਰ ਦੇਖਿਆ
ਭਗਤੇ ਦੀ ਕੀ ਏ ਰੁਸ਼ਨਾਈ, ਵੇ ਜੋਗੀਆ
ਜਗਤੇ ਜਵਾਨੀ ਖਾਧੀ, ਭਗਤਾ ਭਬੂਤੀ ਲਾਊ
ਇਹਦੇ ਵਿਚ ਕੀ ਏ ਚਤਰਾਈ, ਵੇ ਜੋਗੀਆ
ਮੀਰਾ ਤੇ ਕਮਾਲੀ, ਮਾਈ ਲੋਈ, ਰੰਗ ਰੱਤੜੀ
ਤਰੀਆਂ ਨੇ ਕਰਕੇ ਕਮਾਈ, ਨੀ ਜਿੰਦੀਏ

ਭਗਤੇ ਅਨੇਕਾਂ ਰੂਹਾਂ ਡੁੱਬੀਆਂ ਨੂੰ ਤਾਰਿਆ
ਤੂੰ ਵੀ ਲਿਵ ਉਹਦੇ ਨਾਲ ਲਾਈਂ, ਨੀ ਜਿੰਦੀਏ
ਭਗਤਾ ਸਵਾਹ ਲਾਕੇ ਦਰ ਦਰ ਫਿਰਦਾ
ਸਾਰੇ ਉਹਨੂੰ ਕਹਿੰਦੇ ਨੇ ਸ਼ੁਦਈ, ਵੇ ਜੋਗੀਆ
ਕਹਿਣ ਇਹ ਪ੍ਰੇਤ ਕਿੱਥੋਂ ਪਿੰਡ ਵਿੱਚ ਆ ਗਿਆ
ਬੱਚੇ ਬੁੱਢੇ ਦੇਂਦੇ ਨੇ ਦੁਹਾਈ, ਵੇ ਜੋਗੀਆ

ਉਹ ਹਰਜਾਈ ਹਰ ਰੰਗ ਵਿੱਚ ਵਸਦਾ ਏ
ਜਿਸ ਸਾਰੀ ਦੁਨੀਆਂ ਬਣਾਈ, ਨੀ ਜਿੰਦੀਏ

ਭਗਤੇ ਅਨੇਕਾਂ ਰੂਹਾਂ ਡੁੱਬੀਆਂ ਨੂੰ ਤਾਰਿਆ
ਤੂੰ ਵੀ ਲਿਵ ਉਹਦੇ ਨਾਲ ਲਾਈਂ, ਨੀ ਜਿੰਦੀਏ

ਏਨੀ ਗੱਲ ਪਹਿਲਾਂ ਕਿਤੇ ਜੰਮਦੀ ਨੂੰ ਦੱਸਦੋਂ
ਮੈਂ ਕਾਹਨੂੰ ਉਮਰ ਗਵਾਈ, ਵੇ ਜੋਗੀਆ
ਕੀਤੀ ਨਾ ਭੁਲਾਵਾਂ ਤੇਰੀ ਕਦੇ ਵੇ ਮੈਂ ਜੋਗੀਆ
ਭਗਤੇ ਦੇ ਲੜ ਜੀਹਨੇ ਲਾਈ, ਵੇ ਜੋਗੀਆ
ਜਗਤੇ ਨੂੰ ਛੱਡ ਜਿੰਦੀ ਭਗਤੇ ਦੀ ਬਣ ਗਈ
ਦੋਹਾਂ ਵਿੱਚ ਮੁਕ ਗਈ ਜੁਦਾਈ

॥ਯਮਲਾ॥ ਜੋੜੀ ਰੱਬ ਸੱਚੇ ਨੇ ਬਣਾਈ

ਇਹ ਰੂਹ ਤੇ ਕਲਬੂਤ ਦਾ ਆਪਸੀ ਝੇੜਾ ਐ ਜੋ ਦੁਨਿਆਵੀ ਇਨਸਾਨ ਨੂੰ ਸ਼ਾਇਦ ਬੁਢਾਪੇ ਵਿੱਚ ਹੀ ਸਮਝ ਆਉਂਦੈ , ਗੀਤ ਅਨੁਸਾਰ ਮੈਂ ਲਫਜ਼ ਦਰ ਲਫਜ਼ ਲਿਖ ਵੀ ਦਿੱਤਾ ਤਾਂ ਜੋ ਸਮਝਣ ਵਿੱਚ ਅਸਾਨੀ ਰਹੇ
ਪੰਜਾਬੀ ਗੀਤਾਂ ਦੀ ਹਰਮਨ ਪਿਆਰੀ ਵਿਧਾ ਦੋਗਾਣਾ ਗਾਇਕੀ ਵਿੱਚ ਸਦਰ ਦੀਨ ਜਗਰਾਵਾਂ ਵਾਲੇ ਤੋਂ ਬਾਅਦ ਇਹ ਦੂਸਰਾ ਗੀਤ ਐ ਜੋ ਡੂੰਘੇ ਭਾਵ ਅਰਥ ਛੱਡਦੈ। 1935-36 ਵਿੱਚ ਸ਼ਾਇਰ ਸਦਰ ਦੀਨ ਜਗਰਾਵਾਂ ਵਾਲੇ ਦਾ ਲਿਖਿਆ ਤੇ ਗਾਇਕ ਫ਼ਜ਼ਲ ਟੁੰਡੇ ਦੀ ਆਵਾਜ਼ ਵਿੱਚ ਵੀ ਅਜਿਹਾ ਹੀ ਇੱਕ ਗੀਤ ਰਿਕਾਰਡ ਹੋਇਆ ਸੀ ਜੋ ਕਿਸੇ ਦਿਨ ਫਿਰ ਸਾਂਝਾ ਕਰਾਂਗੇ




ਗੁਰਦਾਸ ਰਾਮ ਆਲਮ ਆਪਣੇ ਸਮਕਾਲੀ ਕਵੀਆਂ ਵਿੱਚੋਂ ਵੱਖਰੀ ਕਿਸਮ ਦਾ ਕਵੀ ਸੀ, ਉਹ ਮਜ਼ਦੂਰਾਂ ਕਿਰਤੀ ਕਾਮਿਆਂ ਦਾ ਗੀਤਕਾਰ ਸੀ। ਉਹ ਸਮਾਜ ਦੇ ਦੱਬੇ ਕੁੱਚਲੇ ਤੇ ਦਲਿਤ ਵਰਗ ਦਾ ਕਵੀ ਸੀ। ਆਲਮ ਖੁਦ ਵੀ ਕਿਰਤੀ ਕਾਮਾਂ ਸੀ।ਉਸਨੇ ਆਪਣੇ ਗੀਤਾਂ ਵਿੱਚ ਬਹੁਤ ਕੁੱਝ ਵੱਖਰਾ ਛੋਹਿਆ। ਜੋ ਉਸ ਸਮੇਂ ਦੇ ਗਾਇਕ ਕਲਾਕਾਰਾਂ ਦੇ ਮੇਚ ਨਹੀਂ ਆਇਆ। ਬੇਸ਼ੱਕ ਆਲਮ ਦੇ ਗੀਤ ਕਿਰਤੀਆਂ ਦੇ ਇਕੱਠਾਂ ਵਿੱਚ ਬਹੁਤ ਜ਼ਿਆਦਾ ਗਾਏ ਜਾਂਦੇ ਰਹੇ ਪਰ ਰਿਕਾਰਡਿੰਗ ਦੇ ਰੂਪ ਵਿੱਚ ਉਸਦਾ ਸਿਰਫ ਇੱਕੋ ਈ ਗੀਤ ਰਿਕਾਰਡ ਹੋਇਆ ਮਿਲਿਆ
ਬ੍ਰਿਹਾ ਦੇ ਸੁਲਤਾਨ ਵੱਜੋਂ ਜਾਣੇ ਜਾਂਦੇ ਉਸਦੇ ਸਮਕਾਲੀ ਕਵੀ ਸ਼ਿਵ ਕੁਮਾਰ ਬਟਾਲਵੀ ਦਾ ਇੱਕ ਗੀਤ ਜੋ ਪੰਜਾਬ ਦੀ ਕੋਇਲ ਵੱਜੋਂ ਜਾਣੀ ਜਾਂਦੀ ਸੁਰਿੰਦਰ ਕੌਰ ਦੀ ਆਵਾਜ਼ ਵਿੱਚ ਜਗਤ ਪ੍ਰਸਿੱਧ ਕੰਪਨੀ ਹਿਜ਼ ਮਾਸਟਰਸ ਵਾਇਸ ਨੇ ਰਿਕਾਰਡ ਕੀਤਾ

"ਮੈਨੂੰ ਹੀਰੇ ਹੀਰੇ ਆਖੇ
ਹਾਏ ਨੀ ਮੁੰਡਾ ਲੰਬੜਾਂ ਦਾ
ਮੈਨੂੰ ਵਾਂਗ ਸ਼ੁਦਾਈਆਂ ਝਾਕੇ
ਹਾਏ ਨੀ ਮੁੰਡਾ ਲੰਬੜਾਂ ਦਾ"

ਇਹ ਗੀਤ ਉਸ ਵੇਲੇ ਸੁਪਰ ਡੁੱਪਰ ਹਿੱਟ ਹੋਇਆ ਤੇ ?ਅੱਜ ਵੀ ਹੈ
ਇਸ ਗੀਤ ਦੀ ਮਕਬੂਲੀਅਤ ਤੋਂ ਬਾਅਦ ?
ਗੁਰਦਾਸ ਰਾਮ ਆਲਮ ਨੇ ਉਸ ਵੇਲੇ ਆਪਣੇ ਲਹਿਜ਼ੇ ਵਿੱਚ ਇੱਕ ਬਿਲਕੁਲ ਨਿਵੇਕਲੀ ਗੱਲ ਲਿਖੀ

ਲੰਬੜਾਂ ਦੀ ਕੰਧ ਟੱਪ ਕੇ
ਮੁੰਡਾ ਕੰਡਿਆਂ ॥ਚੋਂ ਬੇਰ ਲਿਆਇਆ
ਤਲੀ ਉੱਤੇ ਜਾਨ ਰੱਖ ਕੇ
ਉਹਨੇ ਬੇਰੀ ਦੇ ਪਿੰਡੇ ਨੂੰ ਹੱਥ ਪਾਇਆ
ਜਿਸ ਵੇਲੇ ਰੋਕ ਨਾ ਸਕੀ
ਨਵੇਂ ਪੈਰਾਂ ਨੂੰ ਦੀਵਾਰ ਪੁਰਾਣੀ
ਨੱਸਕੇ ਅੰਦਰ ਲੁਕ ਗਈ
ਕੁੰਡਾ ਮਾਰਕੇ ਵੱਡੀ ਚੌਧਰਾਣੀ
ਮੁੱਛਾਂ ਉੱਤੇ ਹੱਥ ਫੇਰ ਕੇ
ਨਾਲੇ ਖੰਘਿਆ ਤੇ ਨਾਲੇ ਮੁਸਕਾਇਆ
ਲੰਬੜਾਂ ਦੀ ਕੰਧ ਟੱਪ ਕੇ॥...||||||||||||

( ਪੁਸਤਕ "ਮਿੱਟੀ ਨੂੰ ਫਰੋਲ ਜੋਗੀਆ" ਵਿੱਚੋਂ)

**facebook ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ**

# ਚਾਚਾ ਤੂੰ ਡਾਕਟਰ ਸੱਦ ਲਿਆ ਜਾਂ ਵੱਡੇ ਵੈਲੀ ਦੇ ਘਰ ਸੁਨੇਹਾ ਲਾ ਦੇ



ਕਰਨ ਬਰਾੜ ਹਰੀ ਕੇ ਕਲਾਂ

ਆਮ ਤੌਰ ਤੇ ਮਾਲਵਾ ਬੈਲਟ ਨੂੰ ਬੈਕਵਰਡ ਮੰਨਿਆ ਜਾਂਦਾ, ਫਰੀਦਕੋਟ, ਮੁਕਤਸਰ, ਮੋਗਾ, ਅਬੋਹਰ, ਮਲੋਟ, ਮਾਨਸਾ, ਸੰਗਰੂਰ, ਬਠਿੰਡਾ, ਬਰਨਾਲਾ, ਗੰਗਾਨਗਰ ਦੇ ਕੁਝ ਇਲਾਕੇ ਅਤੇ ਇਹਨਾਂ ਨਾਲ ਲੱਗਦੇ ਕੁਝ ਜਿਲ੍ਹੇ ਇਸ ਬੈਲਟ ਵਿੱਚ ਆਉਂਦੇ ਹਨ। ਇਹਨਾਂ ਜਿਲ੍ਹਿਆਂ ਦੇ ਪਿੰਡਾਂ ਨੂੰ ਆਮ ਤੌਰ ਤੇ ਪਿਛੜੇ ਸਮਝਿਆ ਜਾਂਦਾ ਹੈ। ਕਾਫੀ ਸਾਲਾਂ ਦੇ ਗਾਹੇ-ਬਗਾਹੇ ਇਹ ਪਿਛੜੇਪਨ ਦੀਆਂ ਗੱਲਾਂ ਸੁਣਨ ਨੂੰ ਮਿਲਦੀਆ ਰਹੀਆਂ ਕਿ ਇੱਥੋਂ ਦੇ ਲੋਕ ਸਿੱਧੇ ਸਾਦੇ ਚਾਦਰੇ ਬੰਨਣ ਵਾਲੇ ਜੱਟ-ਬੂਟ ਹਨ (ਮੇਰਾ ਬਾਪੂ ਤੇ ਦਾਦਾ ਵੀ ਅਕਸਰ ਹੀ ਚਾਦਰਾ ਬੰਨ੍ਹਦੇ ਹਨ) ਅਤੇ ਇਹ ਵੀ ਕਿਹਾ ਜਾਂਦਾ ਕਿ ਇੱਥੋਂ ਦੀਆਂ ਔਰਤਾਂ ਦੀ ਬੋਲਚਾਲ ਪੇਂਡੂ ਹੈ ਇਹ ਸਲਵਾਰਾਂ ਦੇ ਪੌਂਚੇ ਚੱਕ ਕੇ ਰੱਖਦੀਆਂ ਅਤੇ ਨੱਕ 'ਚ ਵੱਡੇ ਵੱਡੇ ਕੋਕੇ ਪਾਉਂਦੀਆਂ। ਇਸ ਮਲਵਈ ਪਿਛੜੇਪਨ ਦੀਆਂ ਟਿੱਚਰਾਂ ਅਕਸਰ ਹੀ ਸੀਨੇ 'ਚ ਖੁੱਭਦੀਆਂ ਰਹਿੰਦੀਆਂ ਇਹਨਾਂ 'ਚ ਵਾਧਾ ਉਸ ਵੇਲੇ ਹੋਇਆ ਜਦੋਂ ਪਟਿਆਲੇ ਤੋਂ ਮੇਰਾ ਨਵਾਂ-ਨਵਾਂ ਬਣਿਆ ਦੋਸਤ ਮੈਨੂੰ ਮਲਵਈ ਪਿਛੜੇਪਨ ਦਾ ਅਹਿਸਾਸ ਵਾਰ-ਵਾਰ ਕਰਵਾ ਰਿਹਾ ਅਖੇ ਤੁਹਾਡੇ ਵੱਲ ਪਿੰਡਾਂ ਦਾ ਬੁਰਾ ਹਾਲ ਹੈ ਤੁਹਾਡੇ ਪਿੰਡ ਹਨ੍ਹੇਰੇ ਧੂੜ ਵਿੱਚ ਲਿਬੜੇ ਦੁਨੀਆਂ ਤੋਂ ਦੂਰ ਦਿਖਾਈ ਦੇ ਰਹੇ ਹਨ। ਤੁਹਾਡੇ ਵੱਲ ਤਾਂ ਸ਼ਹਿਰ ਵੀ ਸ਼ਹਿਰਾਂ ਵਰਗੇ ਨਹੀਂ ਹਨ ਇੱਥੇ ਨਾ ਕੋਈ ਸ਼ਾਪਿੰਗ ਮਾਲ ਹੈ ਨਾ ਹੀ ਖਾਣ ਪੀਣ ਵਧੀਆ ਹੈ ਕੀ ਸ਼ੌਪਿੰਗ ਕਰਦਾ ਹੋਵੇਂਗਾ ਇਹੋ ਜਿਹੇ ਸ਼ਹਿਰਾਂ 'ਚ। ਕਿਉਂ ਇੱਥੇ ਫਸਿਆ ਰਹਿੰਨੈ ਕਦੇ ਬਾਹਰ ਦੀ ਸੋਹਣੀ ਦੁਨੀਆਂ ਵੀ ਵੇਖ ਵਧੀਆਂ ਸਿਰੇ ਦੇ ਸ਼ਹਿਰ ਵਿੱਚ ਰਹਿੰਦੇ ਲੇਖਕਾਂ ਨੂੰ ਮਿਲ, ਲਿਖਣ ਲਈ ਵਧੀਆਂ ਮਸਾਲਾ ਇਕੱਠਾ ਕਰ ਆਪਣੀ ਸੋਚ ਵਧੀਆ ਬਣਾ। ਉਸ ਦੋਸਤ ਦੀਆਂ ਗੱਲਾਂ ਤੇ ਹਾਸਾ ਆਉਂਦਾ ਤੇ ਉਸ ਦੀ ਸੋਚ ਤੇ ਤਰਸ, ਮਿੱਤਰ ਪਿਆਰਿਆ ਜੋ ਇਨਸਾਨ ਜਿੱਥੇ ਪੈਦਾ ਹੁੰਦਾ ਉਸ ਨੂੰ ਆਪਣਾ ਇਲਾਕਾ ਆਪਣਾ ਪਿੰਡ ਸ਼ਹਿਰ ਪਿਆਰਾ ਲੱਗਦਾ ਹੋਰ ਵੀ ਸਭ ਇਲਾਕੇ ਚੰਗੇ ਹੋਣਗੇ ਪਰ ਤੈਨੂੰ ਮਲਵਈਆਂ ਬਾਰੇ ਦੱਸ ਦੇਵਾਂ ਇਹ ਜੱਟ ਬੂਟ ਹਲੇ ਵੀ ਜੇ ਕੋਈ ਗਲੀ ਗੁਆਂਢ ਦੀ ਧੀ-ਭੈਣ ਵੱਲ ਮਾੜਾ ਝਾਕਦਾ ਤਾਂ ਕਹਿ ਦਿੰਦੇ ਨੇ - ਚਾਚਾ ਤੂੰ ਡਾਕਟਰ ਸੱਦ ਲਿਆ ਜਾਂ ਵੱਡੇ ਵੈਲੀ ਦੇ ਘਰ ਸੁਨੇਹਾ ਲਾ ਦੇ, ਦੂਜੇ ਹੀ ਪਲ ਵੱਜੀ ਡਾਂਗ ਨਾਲ ਵੈਲੀ ਦੇ ਸਿਰ ਚੋਂ ਨਿਕਲਦੀਆਂ ਤਤੀਰੀਆਂ ਕੰਧਾਂ ਲਿਬੇੜ ਦਿੰਦੀਆਂ। ਸਾਡੇ ਤਾਂ ਮਰਨੇਂ ਮਰਗ ਵੇਲੇ ਆਂਢੀ ਗੁਆਂਢੀ ਭੋਗ ਤੱਕ ਮਰਗ ਵਾਲੇ ਘਰ ਨੂੰ ਰੋਟੀ ਨਹੀਂ ਪਕਾਉਣ ਦਿੰਦੇ, ਵਿਆਹ ਵਿੱਚ ਪ੍ਰੀਯਾਂ ਵੱਲੋਂ ਆਏ ਮੇਲ ਲਈ ਮੰਜੇ ਬਿਸਤਰੇ ਇਕੱਠੇ ਕਰਨੈ ਤਾਂ ਇੱਕ ਪਾਸੇ ਵਿਆਹ ਵਾਲੇ ਘਰ ਨੂੰ ਪਤਾ ਹੀ ਨਹੀਂ ਲੱਗਦਾ ਕਿ ਸ਼ਰੀਕੇ ਕਬੀਲੇ ਨੇ ਕਦੋਂ ਵਿਆਹ ਸਾਂਭ ਲਿਆ। ਇਹਨਾਂ ਚਾਦਰੇ ਵਾਲੇ ਮਲਵਈ ਬਾਬਿਆਂ ਦੀਆਂ ਸਰੋਂ ਦਾ ਤੇਲ ਲਾ ਸੌਂਕ ਨੂੰ ਰੱਖੀਆਂ ਦੁਨਾਲੀਆਂ ਸਿਰਫ਼ ਰੋਹਬ ਹੀ ਨਹੀਂ ਪਾਉਂਦੀਆਂ ਸਗੋਂ ਗਊ ਗਰੀਬ ਦੀ ਰੱਖਿਆ ਵੀ ਕਰਦੀਆਂ। ਇਹ ਜੱਟ ਬੂਟ ਸ਼ਾਮ ਨੂੰ ਥਕੇਵਾਂ ਲਾਉਣ ਲਈ ਆਪਣੀ ਹੀ ਜਾੜ੍ਹ ਕਰਾਰੀ ਨਹੀਂ ਕਰਦੇ ਸਗੋਂ ਘਰੇ ਰੋਟੀਆਂ ਲਈ ਜਾਂਦੇ ਸੀਰੀ ਦੀਆਂ ਅੱਖਾਂ ਵੀ ਲਾਲ ਹੁੰਦੀਆਂ। ਇਹ ਉੱਚੇ ਪੌਂਚੇ ਤੇ ਕੋਕੇ ਵਾਲੀਆਂ ਮਲਵੈਣਾਂ ਹਲੇ ਵੀ ਆਥਣ ਤੱਕ ਤਿੰਨ-ਤਿੰਨ ਮਣ ਨਰਮਾ ਚੁਗ ਦਿੰਦੀਆਂ ਤੇ ਨਾਲ ਦੋ ਦੋ ਜੁਆਕ ਵੀ ਸਾਂਭ ਲੈਂਦੀਆਂ। ਮਰਗ ਮਕਾਣਾਂ ਵਾਲੇ ਇਹਨਾਂ ਦੇ ਬੋਲ ਹਲੇ ਵੀ ਪੱਥਰ ਪਾੜ ਦਿੰਦੇ ਐ ਅਤੇ ਵਿਆਹ ਸ਼ਾਦੀਆਂ ਵੇਲੇ ਗਾਏ ਗੀਤ ਰੱਬ ਨੂੰ ਹੱਥ ਲਾ ਲਾ ਕੇ ਮੁੜਦੇ ਐ। ਇਹ ਰੁਲੀਆ ਖੁਲੀਆ ਮਲਵੈਣਾਂ ਜੇ ਕਿਤੇ ਚੱਜ ਨਾਲ ਨਾਹ ਧੋ ਲੈਣ ਤਾਂ ਇਹਨਾਂ ਦਾ ਹੁਸਨ ਰੱਬ ਨੂੰ ਕਿਹੜਾ ਨਾਂ ਅੰਨ੍ਹਾਂ ਕਰ ਦੇਵੇ। ਇਹਨਾਂ ਦੇ ਕੋਕੇ ਦੀ ਲਿਸ਼ਕ ਦਾ ਪੱਟਿਆਂ ਬੰਦਾ ਰੋਹੀਏ ਚੜ੍ਹ ਜਾਂਦੈ ਸਾਧ ਹੋ ਜਾਂਦਾ। ਅਸੀਂ ਤਾਂ ਗੱਡੀ ਚੋਂ ਉਤਰ ਕੇ ਸੜਕ ਤੇ ਲੱਗੇ ਲੰਗਰ ਦੀਆਂ ਰੋਟੀਆਂ ਖਾਣ ਵਾਲੇ, ਦਾਲ ਨਾਲ ਲਿਬੜੇ ਹੱਥ ਝੱਗੇ ਨਾਲ ਪੂੰਝਣ ਵਾਲੇ ਜੇ ਆਈ ਤੇ ਆ ਜਾਈਏ ਤਾਂ ਕਿਸੇ ਲਈ ਜਾਨ ਵੀ ਦੇ ਸਕਦੇ ਹਾਂ ਨਹੀਂ ਤਾਂ ਕਿਸੇ ਨੂੰ ਮੰਗਿਆ ਸਾਈਕਲ ਵੀ ਨਾ ਦੇਈਏ। ਅਸੀਂ ਮਲਵਈ ਕਿਸੇ ਖਿੱਤੇ ਕਿਸੇ ਵਿਸ਼ੇਸ਼ ਇਲਾਕੇ ਕਿਸੇ ਭਾਸ਼ਾ ਦਾ ਵਿਰੋਧ ਨਹੀਂ ਕਰਦੇ ਸਾਡੇ ਲਈ ਮਲਵਈ, ਦੁਆਬੀਏ, ਮਾਝੇ ਵਾਲੇ ਸਭ ਬਰਾਬਰ ਨੇ। ਸਾਡੇ ਲਈ ਇਨਸਾਨੀਅਤ ਸਭ ਤੋਂ ਪਹਿਲਾਂ ਬਾਕੀ ਸਭ ਕੁਝ ਬਾਅਦ ਵਿੱਚ। ਦੋਸਤਾਂ ਯਾਦਾਂ ਦਾ ਮੋਹ, ਆਪਣਿਆਂ ਦਾ ਪਿਆਰ, ਚੜ੍ਹਦੇ ਲਹਿੰਦੇ ਪੰਜਾਬੀ ਰਿਸ਼ਤੇ ਨਾਤਿਆਂ ਨੂੰ ਮਲਵਈ ਮਾਝੇ, ਦੁਆਬੇ ਦੀ ਕੁੜੱਤਣ ਵਿੱਚ ਕੈਦ ਨਾ ਕਰ। ਜੇ ਸਿਆਲੀ ਰਾਤਾਂ ਵਿੱਚ ਪਿਆਰ ਦੀ ਧੂਣੀ ਦੀ ਅੱਗ ਸੇਕਣੀ ਹੈ, ਸਾਂਝੇ ਚੁੱਲ੍ਹੇ ਤੇ ਬੈਠ ਕੇ ਆਪਸੀ ਸਾਂਝ ਦਾ ਨਿੱਘ ਮਾਣਨਾ ਤੇ ਰਾਤਾਂ ਨੂੰ ਰੋਹੀਆਂ 'ਚ ਕੁੱਤੇ ਕੁੱਟਣ ਦੀ ਮੌਜ਼ ਲੈਣੀ ਹੈ ਤਾਂ ਆਜਾ ਮੇਰੇ ਮਲਵਈ ਪਿੰਡ ਆਜਾ

# ਸਰਕਾਰ ਅਤੇ ਸੁਪਰੀਮ ਕੋਰਟ ਦੇ ਕੁਝ ਸਰਾਹੁਣਯੋਗ ਫੈਸਲੇ

ਪ੍ਰੋ. ਕੁਲਬੀਰ ਸਿੰਘ

ਸਰਕਾਰ, ਸੁਪਰੀਮ ਕੋਰਟ ਅਤੇ ਵੱਖ ਵੱਖ ਅਦਾਰਿਆਂ ਵੱਲੋਂ ਬੀਤੇ ਦਿਨੀਂ ਕੁਝ ਸਰਾਹੁਣਯੋਗ ਫੈਸਲੇ ਅਤੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਸੁਪਰੀਮ ਕੋਰਟ ਨੇ ਆਪਣੇ ਇਕ ਮਹੱਤਵਪੂਰਨ ਫੈਸਲੇ ਦੌਰਾਨ ਸਖ਼ਤ ਰੁਖ਼ ਅਪਣਾਉਂਦਿਆਂ ਕਿਹਾ, ÷ਇੰਟਰਨੈਟ ਮੀਡੀਆ 'ਤੇ ਗ਼ਲਤ ਪੋਸਟ ਪਾਉਣ ਦੇ ਨਤੀਜੇ ਭੁਗਤਣੇ ਪੈਣਗੇ।÷ ਇੰਟਰਨੈਟ ਮੀਡੀਆ ਦੀ ਪਹੁੰਚ ਤੇ ਪ੍ਰਭਾਵ ਪ੍ਰਤੀ ਸਾਵਧਾਨ ਰਹਿਣ ਦੀ ਨਸੀਹਤ ਦਿੰਦਿਆਂ ਸੁਪਰੀਮ ਕੋਰਟ ਨੇ ਕਿਹਾ ਕਿ ਜੇਕਰ ਤੁਸੀਂ ਕੋਈ ਅਪਮਾਨਜਨਕ ਟਿੱਪਣੀ ਕਰਦੇ ਹੋ ਤਾਂ ਉਸਦੇ ਨਤੀਜੇ ਭੁਗਤਣ ਲਈ ਵੀ ਤਿਆਰ ਰਹੋ। ਸੁਪਰੀਮ ਕੋਰਟ ਨੇ ਇਹ ਸ਼ਬਦ 2018 ਦੇ ਇਕ ਕੇਸ, ਜਿਹੜਾ ਇਸਤ੍ਰੀ ਪੱਤਰਕਾਰ ਸਬੰਧੀ ਇਤਰਾਜ਼ਯੋਗ ਟਿੱਪਣੀਆਂ ਨਾਲ ਸਬੰਧਤ ਹੈ, ਦੇ ਪ੍ਰਸੰਗ ਵਿਚ ਕਹੇ। ਦੋਸ਼ੀ ਦੇ ਵਕੀਲ ਦੀ ਦਲੀਲ ਬੜੀ ਹਾਸੋਹੀਣੀ ਸੀ ਕਿ ਪੋਸਟ ਲਿਖਣ ਵੇਲੇ ਉਸਨੇ ਅੱਖਾਂ ਵਿਚ ਕੋਈ ਦਵਾਈ ਪਾਈ ਹੋਈ ਸੀ ਜਿਸ ਕਾਰਨ ਉਹ ਆਪਣੇ ਲਿਖੇ ਨੂੰ ਸਹੀ ਤਰ੍ਹਾਂ ਪੜ੍ਹ ਨਹੀਂ ਸਕਿਆ।

ਇਕ ਹੋਰ ਫੈਸਲੇ ਵਿਚ ਭਾਰਤ ਦੇ ਐਨ.ਐਮ.ਸੀ. (ਨੈਸ਼ਨਲ ਮੈਡੀਕਲ ਕਮਿਸ਼ਨ) ਨੇ ਭਾਰਤ ਦੇ ਡਾਕਟਰਾਂ ਦੁਆਰਾ ਇੰਟਰਨੈਟ ਮੀਡੀਆ ਨੂੰ ਵਰਤਣ ਲਈ ਹਦਾਇਤਾਂ ਜਾਰੀ ਕੀਤੀਆਂ ਹਨ। ਡਾਕਟਰਾਂ ਨੂੰ ਕਿਹਾ ਗਿਆ ਹੈ ਕਿ ਇੰਟਰਨੈਟ ਮੀਡੀਆ 'ਤੇ ਇਲਾਜ ਨਾ ਵੰਡਿਆ ਜਾਵੇ। ਟੈਲੀਮੈਡੀਸਨ ਅਤੇ ਇੰਟਰਨੈਟ ਮੀਡੀਆ ਦਾ ਫ਼ਰਕ ਸਮਝਣ ਦੀ ਲੋੜ ਹੈ। ਕਿਹਾ ਗਿਆ ਹੈ ਕਿ ਇੰਟਰਨੈਟ ਮੰਚਾਂ 'ਤੇ ਮਰੀਜ਼ਾਂ ਦੇ ਇਲਾਜ ਦੀ ਚਰਚਾ ਨਹੀਂ ਕਰਨੀ ਚਾਹੀਦੀ ਅਤੇ ਦਵਾਈ ਵੀ ਨਹੀਂ ਲਿਖਣੀ ਚਾਹੀਦੀ। ਮਰੀਜ਼ਾਂ ਦੇ ਸਬੰਧ ਵਿਚ ਜਾਣਕਾਰੀ ਦੇਣੀ ਵੀ ਜਾਇਜ਼ ਨਹੀਂ। ਹਾਂ ਜੇਕਰ ਕੋਈ ਮਰੀਜ਼ ਇੰਟਰਨੈਟ ਮੀਡੀਆ ਰਾਹੀਂ ਡਾਕਟਰ ਨਾਲ ਤਾਲਮੇਲ ਕਰਦਾ ਹੈ ਤਾਂ ਸਥਿਤੀ ਅਨੁਸਾਰ ਮਾਰਗ-ਦਰਸ਼ਨ ਕੀਤਾ ਜਾ ਸਕਦਾ ਹੈ। ਡਾਕਟਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਸਰਜਰੀ ਦੀਆਂ ਵੀਡੀਓ ਵੀ ਜਾਰੀ ਨਾ ਕਰਨ। ਹਾਂ ਇਸ ਸਬੰਧ ਵਿਚ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਜਾ ਸਕਦੀ ਹੈ ਜਿਹੜੀ ਤੱਥਾਂ 'ਤੇ ਆਧਾਰਿਤ ਹੋਵੇ। ਕੋਈ ਵੀ ਜਾਣਕਾਰੀ ਭਰਮ ਫੈਲਾਉਣ ਵਾਲੀ ਨਾ ਹੋਵੇ।

ਇਸਦੇ ਨਾਲ ਹੀ ਡਾਕਟਰਾਂ ਨੂੰ ਸਖ਼ਤ ਹਦਾਇਤ ਕੀਤੀ ਗਈ ਹੈ ਕਿ ਉਹ ਕੇਵਲ ਜੈਨਰਿਕ ਦਵਾਈਆਂ ਹੀ ਲਿਖਣ। ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਉਨ੍ਹਾਂ ਵਿਰੁੱਧ ਕਾਰਵਾਈ ਹੋਵੇਗੀ। ਪਹਿਲੇ ਕਦਮ 'ਤੇ ਡਾਕਟਰ ਨੂੰ ਚੇਤਾਵਨੀ ਦਿੱਤੀ ਜਾਵੇਗੀ। ਵਾਰ ਵਾਰ ਨਿਯਮ ਦੀ ਉਲੰਘਣਾ ਕਰਨ 'ਤੇ ਸੀਮਤ ਸਮੇਂ ਲਈ ਲਾਇਸੈਂਸ ਵੀ ਮੁਅੱਤਲ ਕੀਤਾ ਜਾਵੇਗਾ। ਜੈਨਰਿਕ ਦਵਾਈਆਂ ਦੇ ਨਾਮ ਸਾਫ਼ ਵੱਡੇ ਅੱਖਰਾਂ ਵਿਚ ਲਿਖੇ ਜਾਣ। ਕੋਸ਼ਿਸ਼ ਕੀਤੀ ਜਾਵੇ ਕਿ ਪਰਚੀ ਕੰਪਿਊਟਰ 'ਤੇ ਪ੍ਰਿੰਟ ਕੀਤੀ ਹੋਵੇ।

ਅਜਿਹੀਆਂ ਹੀ ਹਦਾਇਤਾਂ ਸਾਲ 2002 ਵਿਚ ਵੀ ਜਾਰੀ ਕੀਤੀਆਂ ਗਈਆਂ ਸਨ ਪਰੰਤੂ ਉਦੋਂ ਡਾਕਟਰਾਂ ਵਿਰੁੱਧ ਕਾਰਵਾਈ ਦਾ ਜ਼ਿਕਰ ਨਹੀਂ ਸੀ। ਐਨ.ਐਮ.ਸੀ. ਦਾ ਕਹਿਣਾ ਹੈ ਕਿ ਜੈਨਰਿਕ ਦਵਾਈਆਂ 30 ਤੋਂ 80 ਫ਼ੀਸਦੀ ਤੱਥ ਸਸਤੀਆਂ ਹਨ। ਜੈਨਰਿਕ ਦਵਾਈਆਂ ਲਿਖਣ ਨਾਲ ਸਿੱਧੇ ਤੌਰ 'ਤੇ ਸਿਹਤ 'ਤੇ ਹੋਣ ਵਾਲਾ ਕੁਲ ਖਰਚਾ ਘਟੇਗਾ। ਸਿਹਤ ਮਿਆਰ ਅਤੇ ਸਿਹਤ-ਸੰਭਾਲ ਵਿਚ ਬਿਹਤਰੀ ਆਵੇਗੀ।

ਇੰਟਰਨੈਟ ਮੀਡੀਆ 'ਤੇ ਫਰਜੀ ਖ਼ਬਰਾਂ ਅਤੇ ਅਫ਼ਵਾਹਾਂ ਫੈਲਾਉਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਸਰਕਾਰ ਸਖ਼ਤ ਕਾਨੂੰਨ ਬਣਾਉਣ ਜਾ ਰਹੀ ਹੈ। ਅਜਿਹੇ ਲੋਕਾਂ ਨੰ ਤਿੰਨ ਸਾਲਾਂ ਦੀ ਕੈਦ ਹੋ ਸਕੇਗੀ। ਦੇਸ਼ ਦੀ ਸੁਰੱਖਿਆ, ਏਕਤਾ ਤੇ ਅਖੰਡਤਾ ਨੂੰ ਖ਼ਤਰੇ ਵਿਚ ਪਾਉਣ ਵਾਲੀ ਝੂਠੀ ਜਾਂ ਮਨਘੜਤ ਖ਼ਬਰ ਬਨਾਉਣ ਅਤੇ ਪ੍ਰਕਾਸ਼ਿਤ ਕਰਨ ਵਾਲੇ ਨੂੰ ਉਪਰੋਕਤ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਹੁਣ ਜੇਕਰ ਕੋਈ ਕੰਪਨੀ ਜਾਂ ਅਦਾਰਾ ਲੋਕਾਂ ਦੇ ਡਾਟਾ ਦਾ ਦੁਰਉਪਯੋਗ ਕਰਦਾ ਹੈ ਤਾਂ ਉਸਨੂੰ ਅੱਗੇ ਹੋਰਨਾਂ ਕੰਪਨੀਆਂ, ਅਦਾਰਿਆਂ ਜਾਂ ਸਿਆਸੀ ਧਿਰਾਂ ਨੂੰ ਵੇਚਦਾ ਹੈ ਤਾਂ ਉਸਨੂੰ 250 ਕਰੋੜ ਰੁਪਏ ਤੱਕ ਜੁਰਮਾਨਾ ਦੇਣਾ ਪੈ ਸਕਦਾ ਹੈ।

ਸਰਕਾਰ ਵੱਲੋਂ ਸੰਸਦ ਵਿਚ ਪਾਸ ਕੀਤੇ ਗਏ ਡਿਜ਼ੀਟਲ ਨਿੱਜੀ ਡਾਟਾ ਸਰੱਖਿਆ (ਡੀ.ਪੀ.ਡੀ.ਪੀ.) ਬਿੱਲ ਵਿਚ ਇਸਦੀ ਵਿਵਸਥਾ ਕੀਤੀ ਗਈ ਹੈ। ਰਾਸ਼ਟਰਪਤੀ ਦੇ ਦਸਤਖ਼ਤਾਂ ਨਾਲ ਇਸ ਬਿੱਲ ਨੰ ਕਾਨੂੰਨੀ ਰੂਪ ਮਿਲ ਗਿਆ ਹੈ। ਇਸ ਕਾਨੂੰਨ ਨੂੰ ਲਾਗੂ ਹੋਣ ਵਿਚ ਪੰਜ ਸਾਲ ਦਾ ਸਮਾਂ ਲੱਗਿਆ ਹੈ। ਦੁਨੀਆਂ ਦੇ ਬਹੁਤ ਸਾਰੇ ਮੁਲਕਾਂ ਵਿਚ ਅਜਿਹੇ ਡਾਟਾ ਸਰੱਖਿਆ ਕਾਨੂੰਨ ਹਨ ਪਰੰਤੂ ਇਹ ਭਾਰਤ ਵਿਚ ਨਹੀਂ ਸੀ। ਸਰਕਾਰ ਦਾ, ਸਬੰਧਤ ਮਹਿਕਮੇ ਦਾ ਕਹਿਣਾ ਹੈ ਕਿ ਭਾਰਤ ਦੇ ਇਸ ਨਵੇਂ ਕਾਨੂੰਨ ਨੂੰ ਪੂਰੀ ਤਰ੍ਹਾਂ ਦੇਸ਼ ਦੀਆਂ ਲੋੜਾਂ ਅਤੇ ਪ੍ਰਸਥਿਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਤਿਆਰ ਕੀਤਾ ਗਿਆ ਹੈ।

ਸਿਮ ਕਾਰਡ ਨਾਲ ਸਬੰਧਤ ਵੀ ਬਹੁਤ ਸਾਰੇ ਧੋਖੇ ਅਤੇ ਫ਼ਰਾਡ ਆਰੰਭ ਹੋ ਗਏ ਹਨ। ਨਕਲੀ ਸਿਮ, ਸਿਮ ਸਵੈਪਿੰਗ, ਫਰਜ਼ੀ ਆਧਾਰ ਅਤੇ ਮੋਬਾਈਲ ਨੰਬਰ ਨਾਲ ਹੇਰਾਫੇਰੀ ਲਗਾਤਾਰ ਵੱਧਦੀ ਜਾ ਰਹੀ ਹੈ। ਕੇਂਦਰ ਸਰਕਾਰ ਸਿਮ ਕਾਰਡ ਲਈ ਪੁਲਿਸ-ਪੜਤਾਲ ਜ਼ਰੂਰੀ ਕਰਨ ਲੱਗੀ ਹੈ ਤਾਂ ਜੋ ਕੋਈ ਵੱਡੀ ਗਿਣਤੀ ਵਿਚ ਇਕੱਠੇ ਸਿਮ ਕਾਰਡ ਹਾਸਲ ਨਾ ਕਰ ਸਕੇ। ਇਕ ਅਕਤੂਬਰ ਤੋਂ ਲਾਗ ਹੋਣ ਜਾ ਰਹੇ ਇਨ੍ਹਾਂ ਨਿਯਮਾਂ ਤਹਿਤ ਸਿਮ ਪ੍ਰਾਪਤੀ ਦੇ ਸਮੁੱਚੇ ਅਮਲ ਨੂੰ ਹੋਰ ਸਖ਼ਤ ਕੀਤਾ ਜਾ ਰਿਹਾ ਹੈ। ਮਹਿਕਮੇ ਦੁਆਰਾ 52 ਲੱਖ ਤੋਂ ਵਧੇਰੇ ਮੋਬਾਈਲ ਕਨੈਕਸ਼ਨਾਂ ਨੂੰ ਰੋਕ ਦਿੱਤਾ ਗਿਆ ਹੈ ਅਤੇ 67000 ਡੀਲਰਾਂ ਨੂੰ ਬਲੈਕ ਲਿਸਟ ਕੀਤਾ ਗਿਆ ਹੈ। ਇਹ ਕਾਰਵਾਈ ਮਈ-ਜੂਨ-ਜੁਲਾਈ 2023 ਮਹੀਨਿਆਂ ਦੌਰਾਨ ਕੀਤੀ ਗਈ ਹੈ। ਨਵੇਂ ਨਿਯਮਾਂ ਤਹਿਤ ਪੁਲਿਸ ਅਤੇ ਬਾਇਓਮੀਟ੍ਰਿਕ ਪੜਤਾਲ ਜ਼ਰੂਰੀ ਕਰ ਦਿੱਤੀ ਗਈ ਹੈ। ਸਾਰੇ ਡੀਲਰਾਂ ਦੀ ਰਜਿਸਟ੍ਰੇਸ਼ਨ ਹੋਵੇਗੀ।

ਸਮੇਂ ਨਾਲ ਅਜਿਹੀ ਸੋਧ-ਸੁਧਾਈ, ਅਦਲ-ਬਦਲ ਜ਼ਰੂਰੀ ਹੈ। ਮਾਣਯੋਗ ਅਦਾਲਤਾਂ ਨੂੰ, ਸਬੰਧਤ ਮਹਿਕਮਿਆਂ ਨੂੰ, ਸਰਕਾਰਾਂ ਨੂੰ ਲੋਕਾਂ ਦੀ ਨਿੱਜਤਾ, ਲੋਕਾਂ ਦੀ ਸਰੱਖਿਆ ਪ੍ਰਤੀ ਇਸੇ ਤਰ੍ਹਾਂ ਸੁਚੇਤ ਰਹਿਣ ਦੀ ਲੋੜ ਹੈ।




# ਮੈਂ ਤੈਨੂੰ ਕਿੰਨੇ ਸਾਲ ਰੋਟੀ ਖਵਾਉਂਦੀ ਰਹੀ, ਮੇਰੀ ਟਿਪ ਕਿੱਥੇ ਐ ?

ਇਹੋ ਜਿਹੇ ਕਈ ਸਵਾਲ ਸੀਨੇ ਅੰਦਰ ਸੁਲਘਦੇ ਹੋਣਗੇ। ਸਾਡੀ ਤਾਂ ਵਿਰਾਸਤ ਵਿੱਚ ਸਮੇਂ ਦੀ ਹਿੱਕ ਤੇ ਪੈੜ ਕੀਤੀ ਬਾਬਾ ਨਾਨਕ ਨੇ ਵੀਹ ਰੁਪਏ ਦਾ ਲੰਗਰ ਹਾਲੇ ਤੱਕ ਚਲਦਾ ਰੱਖਿਆ ਹੈ। ਸਾਰਾ ਪਰਿਵਾਰ ਵਾਰ ਕੇ ਆਪ ਕੰਡਿਆਂ ਤੇ ਸੌਂ ਕੇ ਸਾਨੂੰ ਰਜ਼ਾਈ ਜੋਗਾ ਕੀਤਾ ਹੈ। ਧੰਨਵਾਦ ਸਾਡੇ ਵੱਲ ਬਹੁਤ ਬਕਾਇਆ ਹੈ। ਧੰਨਵਾਦ ਕਰਨ ਨਾਲ ਸਾਡੇ ਮਨ 'ਤੇ ਅਤੇ ਹੋਰਨਾਂ ਕੋਲ ਵਧੀਆ ਪ੍ਰਭਾਵ ਸਿਰਜਦਾ ਹੈ।



ਪਹਿਲੀ ਸਿਫ਼ਤ ਕਰਾਂ ਪਰਮਾਤਮਾ ਦੀ,
ਇੱਕ ਸਰੀਰ ਦਿੱਤਾ ਉੱਤੋਂ ਦਿਮਾਗ ਵੱਖਰਾ।
ਦੂਜੀ ਸਿਫ਼ਤ ਕਰਾਂ ਵਿਗਿਆਨੀਆਂ ਦੀ,
ਹੇਠਾਂ ਰੇਲ ਦਿੱਤੀ ਉੱਤੋਂ ਜਹਾਜ਼ ਵੱਖਰਾ।
ਤੀਜੀ ਸਿਫ਼ਤ ਕਰਾਂ ਧੀਆਂ ਵਾਲਿਆਂ ਦੀ, ਇੱਕ ਧੀ ਦਿੱਤੀ ਉੱਤੋਂ ਦਾਜ ਵੱਖਰਾ।

ਅਸੀਂ ਸਾਰੇ ਬਹੁਤ ਨਾ-ਸ਼ੁਕਰੇ ਹਾਂ, ਜਿੰਨੀਆਂ ਨਿਆਮਤਾਂ ਸਾਨੂੰ ਮਿਲੀਆਂ ਹਨ, ਉਨ੍ਹਾਂ ਨੂੰ ਅਣਗੌਲ਼ਿਆਂ ਕਰ ਕੇ ਜਾਂ ਆਪਣੀ ਹੀ ਪ੍ਰਾਪਤੀ ਜਾਣਦੇ ਜੋ ਨਹੀਂ ਮਿਲਿਆ ਉਸੇ ਤੇ ਝੂਰਨ ਲੱਗਦੇ ਹਾਂ। ਰੱਬ ਨੇ ਸਾਨੂੰ ਹਵਾ, ਪਾਣੀ, ਧੁੱਪ, ਮੀਂਹ, ਧਰਤੀ, ਚੰਦ, ਤਾਰੇ ਤੇ ਹੋਰ ਪਤਾ ਨਹੀਂ ਕਿੰਨਾ ਕੁੱਝ ਬਿਨਾਂ ਤੋਲੇ, ਬਿਨਾਂ ਭੇਦ-ਭਾਵ ਅਤੇ ਬਿਨਾਂ ਕਿਸੇ ਵਸੂਲੀ ਤੋਂ ਬਖ਼ਸ਼ਿਆ ਹੈ। ਕੋਵਿਡ ਦੇ ਦਿਨਾਂ ਵਿੱਚ ਜਦ ਆਕਸੀਜਨ ਮੁੱਲ ਲੈਣੀ ਪਈ ਤਾਂ ਪਤਾ ਲੱਗਾ ਅਸੀਂ ਉਮਰ ਭਰ ਕਿੰਨੀ ਹੀ ਹਵਾ ਆਪਣੇ ਅੰਦਰ ਜਜ਼ਬ ਕਰ ਰਹੇ ਹਾਂ। ਰੱਬ ਨੇ ਸਾਨੂੰ ਕਈ ਅਜੂਬੇ ਦੇਖਣ, ਚੱਖਣ, ਸੁੰਘਣ, ਬੋਲਣ, ਸੁਣਨ, ਛੂਹਣ, ਹੱਸਣ, ਰੋਣ ਜਿਹੇ ਬਖ਼ਸ਼ੇ ਹਨ, ਸਾਨੂੰ ਉਸ ਦਾ ਸ਼ੁਕਰਗੁਜ਼ਾਰ ਹੋਣਾ ਬਣਦਾ ਹੈ। ਮਨ ਨੀਵਾਂ ਮੱਤ ਉੱਚੀ ਦਾ ਇਹ ਸਬਕ ਹੈ ਕਿ ਸਭ ਮੂਹਰੇ ਹੀ ਧੰਨਵਾਦੀ ਹੋਣਾ ਚਾਹੀਦਾ ਹੈ। ਮਾਪੇ, ਜਿਨ੍ਹਾਂ ਜੱਗ ਦਿਖਾਇਆ ਤੇ ਜ਼ਿੰਦਗੀ ਦੀ ਸੜਕ ਤੇ ਤੁਰਨ ਦੀ ਜਾਚ ਸਿਖਾਈ। ਹਾਲੇ ਤਾਂ ਬਿਗਾਨੇ ਮੁਲਕਾਂ ਦਾ ਵੀ ਧੰਨਵਾਦ ਬਕਾਇਆ ਹੈ ਜਿਨ੍ਹਾਂ ਨੇ ਰਿਜ਼ਕ ਦਾ ਚੋਗਾ ਚੁਗਾਇਆ ਹੈ। ਕਿਸਾਨ ਅੰਦੋਲਨ ਸਮੇਂ ਕਈ ਕਿਸਾਨ ਪਰਸ਼ਾਦਾ ਹੱਥਾਂ ਵਿੱਚ ਫੜ ਕੇ ਬੁਰਕੀ ਤੋੜਨ ਤੋਂ ਪਹਿਲਾਂ ਮੱਥੇ ਨੂੰ ਲਾ ਕੇ ਸ਼ੁਕਰ ਕਰਦੇ ਸਨ ਜਿਸ ਅਨਾਜ ਨੂੰ ਧਰਤੀ ਦੀ ਹਿੱਕ ਚੀਰ ਕੇ ਆਪ ਹੀ ਪੈਦਾ ਕਰਦੇ ਰਹੇ ਉਸ ਦੇ ਮੂਹਰੇ ਸਿਜਦਾ ਕਰਦੇ ਉਹ ਸਾਡੇ ਲਈ ਸਬਕ ਦੇ ਰਹੇ ਸਨ ਕਿ ਟਰਾਲੀਆਂ ਤੇ ਲਿਖੀ ਇਹ ਇਬਾਰਤ ਪੜ੍ਹੋ - 'ਮਿਹਨਤ ਮੇਰੀ ਰਹਿਮਤ ਤੇਰੀ'। ਪੂਰੀ ਕਾਇਨਾਤ ਵਿਚਲੇ ਹਰ ਪ੍ਰਾਣੀ ਨੂੰ ਉਹ ਸਭ ਸਹੂਲਤਾਂ ਦੀ ਲੋੜ ਹੈ ਜੋ ਅਸੀਂ ਸਭ ਹੰਢਾ ਰਹੇ ਹਾਂ। ਡਾ: ਹਰਿਭਜਨ ਸਿੰਘ ਦੀ ਇੱਕ ਕਵਿਤਾ ਦੀਆਂ ਸਤਰਾਂ ਹਨ -

ਹੈ ਸ਼ੁਕਰ ਅਜੇ ਤਾਂ ਸੂਰਜ ਹੈ ਪਰਛਾਵਾਂ ਹੈ
ਧੁੱਪ ਛਾਂ ਨੂੰ ਮੈਂ ਆਪਣਾ ਗੀਤ ਸੁਣਾਲਾਂਗਾ।

ਕੈਨੇਡਾ ਦੇ ਮੂਲਨਿਵਾਸੀ ਆਪਣੀ ਫਸਲ ਸਮੇਟ ਕੇ ਵਿੱਚ ਅੱਗ ਬਾਲ਼ਦੇ ਗੋਲ਼ ਦਾਇਰੇ ਵਿੱਚ ਹੱਥ ਫੜ ਕੇ ਨੱਚਦੇ ਗਾਉਂਦੇ ਜਾਂ ਪੂਜ ਕੇ ਮਹਾਨ ਰੂਹ (ਗਰੇਟ ਸਪਿਰਿਟ) ਦਾ ਸ਼ੁਕਰੀਆ ਕਰਦੇ ਕੁਦਰਤ ਤੋਂ ਵਾਰੇ ਵਾਰੇ ਜਾਂਦੇ ਹਨ। ਬਿਗਾਨੇ ਮੁਲਕ ਨਵੇਂ ਆਇਆਂ ਨੂੰ ਕੁੱਝ ਲੋਕ ਸ਼ਰਣ ਦਿੰਦੇ ਹਨ ਪਰ ਪੈਰਾਂ ਸਿਰ ਹੋ ਕੇ ਭੁਲਾ ਦੇਣ ਵਾਲੇ ਸੱਚੀ?' ਹੀ ਧਰਤੀ ਤੇ ਭਾਰ ਬਰਾਬਰ ਹਨ। ਅਹਿਸਾਨ ਭੁਲਾ ਦੇਣ ਵਾਲੇ ਨੂੰ ਭਾਈ ਗੁਰਦਾਸ ਜੀ ਧਰਤੀ ਤੇ ਭਾਰ ਆਖਦੇ ਹਨ। ਕੈਨੇਡਾ ਵਿੱਚ ਇੱਕ ਵਾਰੀ ਪਿੰਡੋਂ ਆਈ ਅਨਪੜ੍ਹ ਮਾਂ ਨੂੰ ਉਸ ਦਾ ਪੁੱਤਰ ਹੋਟਲ ਤੇ ਰੋਟੀ ਖਵਾਉਣ ਲੈ ਗਿਆ। ਵਾਪਸ ਆਉਣ ਸਮੇਂ ਜਦੋਂ ਰੋਟੀ ਖਵਾ ਰਹੇ ਬੈਹਰੇ ਨੂੰ ਵੀਹ ਡਾਲਰ ਦਿੱਤੇ ਤਾਂ ਮਾਂ ਨੇ ਪੁੱਛਿਆ- ਇਹ ਕਿਉਂ ਦਿੱਤੇ ਨੇ? ਪੁੱਤ ਨੇ ਕਿਹਾ ਕਿ ਉਸ ਨੇ ਕਿੰਨੀ ਵਧੀਆ ਰੋਟੀ ਖਵਾਈ ਉਸ ਨੂੰ ਟਿਪ ਦੇਣੀ ਬਣਦੀ ਐ। ਮਾਂ ਨੇ ਪੁੱਤ ਨੂੰ ਬਾਹੋਂ ਫੜ ਕੇ ਕਿਹਾ - ਮੈਂ ਤੈਨੂੰ ਕਿੰਨੇ ਸਾਲ ਰੋਟੀ ਖਵਾਉਂਦੀ ਰਹੀ, ਮੇਰੀ ਟਿਪ ਕਿੱਥੇ ਐ ? ਇਹੋ ਜਿਹੇ ਕਈ ਸਵਾਲ ਸੀਨੇ ਅੰਦਰ ਸੁਲਘਦੇ ਹੋਣਗੇ। ਸਾਡੀ ਤਾਂ ਵਿਰਾਸਤ ਵਿੱਚ ਸਮੇਂ ਦੀ ਹਿੱਕ ਤੇ ਪੈੜ ਕੀਤੀ ਬਾਬਾ ਨਾਨਕ ਨੇ ਵੀਹ ਰੁਪਏ ਦਾ ਲੰਗਰ ਹਾਲੇ ਤੱਕ ਚਲਦਾ ਰੱਖਿਆ ਹੈ। ਸਾਰਾ ਪਰਿਵਾਰ ਵਾਰ ਕੇ ਆਪ ਕੰਡਿਆਂ ਤੇ ਸੌਂ ਕੇ ਸਾਨੂੰ ਰਜ਼ਾਈ ਜੋਗਾ ਕੀਤਾ ਹੈ। ਧੰਨਵਾਦ ਸਾਡੇ ਵੱਲ ਬਹੁਤ ਬਕਾਇਆ ਹੈ। ਧੰਨਵਾਦ ਕਰਨ ਨਾਲ ਸਾਡੇ ਮਨ 'ਤੇ ਅਤੇ ਹੋਰਨਾਂ ਕੋਲ ਵਧੀਆ ਪ੍ਰਭਾਵ ਸਿਰਜਦਾ ਹੈ। ਅਸੀਂ ਕਿਸੇ ਦੇ ਕਰਜ਼ ਤੋਂ ਮੁਕਤ ਹੋ ਕੇ ਹੌਲ਼ੇ ਹੋ ਜਾਂਦੇ ਹਾਂ। ਕਿਹਾ ਜਾਂਦਾ ਹੈ ਜੇ ਕੋਈ ਦਰਦ ਦੇਵੇ ਤਾਂ ਰੇਤੇ ਉੱਤੇ ਲਿਖੋ ਪਰ ਜੇ ਕੋਈ ਅਹਿਸਾਨ ਕਰੇ ਤਾਂ ਚੇਤੇ ਉੱਤੇ ਲਿਖ ਲਵੋ। ਅਸੀਂ ਗੁਰੂ ਘਰ ਮੱਥਾ ਟੇਕਦੇ ਮਿਲੀਆਂ ਦਾਤਾਂ ਦੀ ਅਰਦਾਸ ਕਰਦੇ ਭਵਿੱਖੀ ਮੰਗਾਂ ਵੀ ਪਰੋਸਦੇ ਹਾਂ। ਧੰਨਵਾਦ ਕਰਨਾ ਅੰਦਰਲੀ ਇਮਾਨਦਾਰੀ ਦੀ ਗਵਾਹੀ ਹੈ। ਕਿਸੇ ਬਜ਼ੁਰਗ ਲਈ ਸੀਟ ਛੱਡਣਾ ਲੋੜਵੰਦ ਦੀ ਲੋੜ 'ਤੇ ਖੜ੍ਹਨਾ ਪਰ ਅਹਿਸਾਨ ਨਾ ਜਤਾਉਣਾ ਵੀ ਧੰਨਵਾਦੀ ਹੋਣਾ ਹੀ ਹੈ। ਇਹ ਨੈਤਿਕ ਉਥਾਨ ਹੈ। ਦੇਹੀ ਤੰਦਰੁਸਤੀ ਲਈ, ਆਉਂਦੇ ਜਾਂਦੇ ਸਾਹ ਲਈ ਜਾਂ ਹਰ ਸੁੱਖ ਲਈ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ। ਹਰ ਰੋਜ਼ ਅੱਖ ਖੁੱਲ੍ਹਣ ਪਿੱਛੋਂ ਉਸ ਰੱਬ ਮੂਹਰੇ ਸਿਰ ਝੁਕਾ ਕੇ ਨਵੇਂ ਦਿਨ ਲਈ ਧੰਨਵਾਦੀ ਹੋਣਾ ਬਣਦਾ ਹੈ। ਕਈ ਲੋਕ ਵਧੀਆ ਬੂਟ ਨਾ ਮਿਲਣ ਤੇ ਝੂਰਦੇ ਇਹ ਭੁੱਲ ਜਾਂਦੇ ਹਨ ਕਿ ਕਈਆਂ ਕੋਲ ਪੈਰ ਵੀ ਨਹੀਂ ਹੁੰਦੇ। ਪਰ ਕਈ ਲੋਕ ਦੁੱਖ ਜਰਦੇ ਵੀ ਵਧੀਆ ਵਕਤ ਲਈ ਹੌਸਲਾ ਬਟੋਰਦੇ ਆਪਣੀ ਹੀ ਪਿੱਠ ਥਾਪੜਦੇ ਹਨ।




# ਕਾਗਜ਼ੀ ਵਿਚੋਲਪੁਣਾ

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ, ਸੈਣੀ ਪਰਿਵਾਰ ਦੀ ਕੈਲਗਰੀ ਰਹਿੰਦੀ ਲੜਕੀ ਜਨਮ 1990,ਕੱਦ 5 ਫੁੱਟ 4 ਇੰਚ, ਕੁਆਲੀਫਿਕੇਸ਼ਨ: ਬੀ ਐਸ ਸੀ ਨਰਸਿੰਗ, ਲਈ ਹਾਣ ਪ੍ਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਇਸ ਵੇਲੇ ਡੇ-ਕੇਅਰ ਦੀ ਜੌਬ ਕਰ ਰਹੀ ਹੈ। ਕੈਲਗਰੀ ਰਹਿਣ ਵਾਲੇ,ਵਰਕ ਪਰਮਿਟ ਜਾਂ ਵਿਜਟਰ ਵੀਜਾ ਵਾਲੇ ਨੂੰ ਪਹਿਲ। ਸੰਪਰਕ: 780 782 8740, 587 733 5911 ***232***

## ਲੜਕੀ ਦੀ ਲੋੜ

Canadian PR/citizen bride for a Jatt Sikh groom 38 years, 5’11”, never married, non-drinking/ smoking veterinarian doctor. Working in Chandigarh. Parents and sisters are Canadian PR.
Contact – +1 (204) 951-6987. ***228***

## ਜੀਵਨ ਸਾਥਣ ਦੀ ਲੋੜ

ਜੱਟ ਸਿੱਖ ਮੰਡ ਪਰਿਵਾਰ ਦੇ ਕਨੇਡਾ ਵਰਕ ਪਰਮਿਟ ਉੱਪਰ ਟਰੱਕ ਡਰਾਈਵਰ ਦੀ ਜੌਬ ਕਰਦੇ ਤਲਾਕ ਸ਼ੁਦਾ ਲੜਕੇ, ਉਮਰ 42 ਸਾਲ, ਕੱਦ 5 ਫੁੱਟ 9 ਇੰਚ ਲਈ ਹਾਣ ਪ੍ਰਵਾਣ ਦੀ ਉਮਰ ਵਾਲੀ ਜੀਵਨ ਸਾਥਣ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 354 4282 ***228***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ,ਜਨਮ 1993,ਕੱਦ 5 ਫੁੱਟ 7 ਇੰਚ, ਬੀ ਐਸ ਸੀ ਨਰਸਿੰਗ,ਹੈਲਥ ਕੇਅਰ ਵਿੱਚ ਜੌਬ ਕਰਦੀ ਲਈ,ਵੈੱਲ ਸੈਟਲਡ, ਵਧੀਆ ਪਰਿਵਾਰ ਦੇ ਗਰੈਜੂਏਟ,ਵੈਸ਼ਨੂੰ,ਨਸ਼ਾ ਰਹਿਤ ਪੀ ਆਰ/ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੇ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਕੈਲਗਰੀ ਨੂੰ ਪਹਿਲ।ਸੰਪਰਕ: 1 825 777 4040 ਜਾਂ 91 9914480500 ***232***

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਐਡਮਿੰਟਨ ਰਹਿੰਦੇ ਜੱਟ ਸਿੱਖ ਸ਼ੋਕਰ ਪਰਿਵਾਰ ਦੇ ਲੜਕੇ,ਉਮਰ 26 ਸਾਲ,ਕੱਦ 6 ਫੁੱਟ,ਬੀ ਬੀ ਏ ਅਕਾਊਂਟਿੰਗ ਡਿਗਰੀ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 779 5743 ***232***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਚੀਮਾ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ ਜਨਮ 1993,ਕੱਦ 5 ਫੁੱਟ 11 ਇੰਚ, ਪੰਜਾਬ ਦੇ ਲੁਧਿਆਣਾ ਜਿਲ੍ਹੇ ਵਿੱਚ 5 ਕਿੱਲੇ ਜ਼ਮੀਨ ਦੇ ਮਾਲਕ ਲਈ ਹਾਣ ਪ੍ਰਵਾਣ ਦੀ ਕਨੇਡਾ ਵਿੱਚ ਹੀ ਰਹਿੰਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਆਪਣਾ ਘਰਾਂ ਦੀ ਰੈਨੋਵੇਸ਼ਨ ਕਰਨ ਦਾ ਚੰਗਾ ਕਾਰੋਬਾਰ ਹੈ। ਸਟੂਡੈਂਟ ਵੀਜ਼ਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕ੍ਰਿਪਾ ਕਰਕੇ ਮੈਰਿਜ ਬਿਊਰੋ ਵਾਲੇ ਕਾਲ ਨਾ ਕਰਨ। ਸੰਪਰਕ: 403 891 2618 ***231***

## ਲੜਕੇ ਦੀ ਲੋੜ

ਪੰਧੇਰ ਪਰਿਵਾਰ ਦੀ ਵਿਜਟਿਰ ਵੀਜੇ ਉੱਪਰ ਕਨੇਡਾ ਆਈ ਲੜਕੀ, ਉਮਰ 30 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ ਬੀ ਐਸ ਸੀ ਨਰਸਿੰਗ, ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। RN application in Alberta(CRNA) is in progress.RN in The State of New York(Passed NCLEX) ਸੰਪਰਕ: 587 581 9296 ***227***

## ਲੜਕੀ ਦੀ ਲੋੜ

Canadian Citizen, Jat Sikh handsome boy, born 1990, height 5 feet 11 inches, well-educated from Canada and doing Successful Business, looking for a girl from Canada. Please call or send biodata on what's app.403 796 7462 ***231***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਜਨਮ 1990, ਕੱਦ 5 ਫੁੱਟ 11 ਇੰਚ, ਕਨੇਡਾ ਵਿੱਚ ਹੀ ਚੰਗੇ ਪੜ੍ਹੇ ਲਿਖੇ ਅਤੇ ਕਨੇਡਾ ਵਿੱਚ ਹੀ ਸਫਲ ਬਿਜਨਿਸਮੈਨ ਲੜਕੇ ਲਈ, ਕਨੇਡਾ ਤੋਂ ਹੀ ਪੜ੍ਹੀ ਲਿਖੀ ਪਰਿਵਾਰਕ ਕਦਰਾਂ ਕੀਮਤਾਂ ਜਾਨਣ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 796 7462 ***231***

## ਲੜਕੀ ਦੀ ਲੋੜ

ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਵਰਕ-ਪਰਮਿਟ ਉੱਪਰ ਕਨੇਡਾ ਆਏ ਲੜਕੇ ਉਮਰ 32 ਸਾਲ, ਕੱਦ 6 ਫੁੱਟ ਲਈ ਹਾਣ-ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਵੈੱਲ ਸੈਟਲਡ ਹੈ। ਲੜਕਾ ਇੰਡੀਆ ਵਿੱਚ ਸਰਕਾਰੀ ਨੌਕਰੀ ਕਰਦਾ ਹੋਇਆ ਆਇਆ ਹੈ। ਸੰਪਰਕ: 1 204-951-6503,ਜਾਂ 1 431-374-4686 ***231***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਦਿਉਲ ਵੈਸ਼ਨੂੰ ਪਰਿਵਾਰ ਦੇ ਲੜਕੇ ,ਉਮਰ 35 ਸਾਲ, ਕੱਦ 6 ਫੁੱਟ,ਆਈ ਟੀ ਮੈਨੇਜਰ, ਨਿਰਦੋਸ਼ ਤਲਾਕਸ਼ੁਦਾ 7 ਕਿੱਲੇ ਜ਼ਮੀਨ ਦੇ ਮਾਲਿਕ, ਗਜ਼ਟਿਡ ਅਫਸਰ ਦੇ ਇਕਲੌਤੇ ਲੜਕੇ ਲਈ ਪਰਿਵਾਰਕ ਕਦਰਾਂ ਕੀਮਤਾਂ ਵਾਲੀ ਵਧੀਆ ਪੜ੍ਹੀ ਲਿਖੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। 4 ਸਾਲਾ ਬੇਟੀ ਦੀ 50% ਕਸਟਡੀ ਲੜਕੇ ਕੋਲ ਹੈ, ਕੈਲਗਰੀ ਵਿੱਚ ਲੜਕੇ ਕੋਲ ਆਪਣਾ ਘਰ ਹੈ। ਕਨੇਡਾ ਰਹਿੰਦੀ ਲੜਕੀ ਨੂੰ ਪਹਿਲ । ਵਟਸਐਪ: 91 75269 48208, 587-997-7710 ***227***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਕੈਂਥ ਪਰਿਵਾਰ ਦੇ ਲੜਕੇ, ਜਨਮ 1996,ਕੱਦ 5 ਫੁੱਟ 10 ਇੰਚ, ਐਮ ਐਸ ਸੀ, ਮਾਈਕਰੋਬਾਇਓਲਜੀ,ਮੌਜੂਦਾ ਸਮੇਂ ਕੈਲੇਫੋਰਨੀਆਂ ਸਾਇੰਸਟਿਸਟ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 204 891 7399 ***227***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ,ਜੱਟ ਸਿੱਖ ਧਾਲੀਵਾਲ ਪਰਿਵਾਰ ਲੜਕੀ ,ਜਨਮ 1990,ਕੱਦ 5 ਫੁੱਟ 2 ਇੰਚ, M.sc. (Mathematics), M.ed (ਕਨੇਡੀਅਨ ਯੂਨੀਵਰਿਸਟੀ ) ਲਈ ਬਰਾਬਰ ਦੀ ਯੋਗਤਾ ਰੱਖਣ ਵਾਲੇ ਵੈਸ਼ਨੂੰ ,ਨਸ਼ਾ ਰਹਿਤ,ਪੀ ਆਰ/ ਸਿਟੀਜਨ/ਵਰਕ ਪਰਮਿਟ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮੋਗਾ,ਜਗਰਾਓ,' ਲੁਧਿਆਣਾ ,ਕਨੇਡਾ ਦੇ ਅਲਬਰਟਾ ਸੂਬੇ ਅਤੇ ਬੀ ਸੀ ਨੂੰ ਪਹਿਲ। ਸੰਪਰਕ :ਕਾਲ ਜਾਂ ਵਟਸਐਪ : 306 501 6474 , ਫੋਨ ਕਾਲ: 825 889 6474 ***230***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਮਹਿਰੋਕ ਸਿੱਖ ਸਰਦਾਰ ਪਰਿਵਾਰ ਦੇ ਚੰਗੇ ਪੜ੍ਹੇਲਿਖੇ ਲੜਕੇ ਉਮਰ 32 ਸਾਲ ,ਕੱਦ 5 ਫੁੱਟ 8 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਸੈਟਲ ਹੈ। ਸੰਪਰਕ: 403 999 0254 ***230***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੇ ਲੜਕੇ,ਉਮਰ 31 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ ਬੀ ਫਾਰਮੇਸੀ (ਇੰਡੀਆ) ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਐਡਮੰਟਨ ਅਤੇ ਕੈਲਗਰੀ ਨੂੰ ਪਹਿਲ । ਸੰਪਰਕ: 1 431 351 0752 ***226***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਜੱਟ ਸਿੱਖ ਪਰਿਵਾਰ ਦੀ ਆਰਥਿਕ ਤੌਰ ਤੇ ਵੈੱਲ ਸੈਟਲਡ, ਵੈਟਨਰੀ ਡਾਕਟਰ (ਸਰਜਨ) ਤਲਾਕਸੁਦਾ ਲੜਕੀ,ਉਮਰ 33 ਸਾਲ,ਕੱਦ 5 ਫੁੱਟ 3 ਇੰਚ,ਲਈ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਪਹਿਲੇ ਵਿਆਹ ਤੋਂ 3 ਮਹੀਨੇ ਬਾਦ ਹੀ ਤਲਾਕ ਹੋ ਗਿਆ ਸੀ। ਲੜਕਾ ਚੰਗਾ ਪੜ੍ਹਿਆ ਲਿਖਿਆ ਕਨੇਡਾ ਤੋਂ ਹੀ ਹੋਣਾ ਚਾਹੀਦਾ ਹੈ । ,ਉਮਰ ਘੱਟੋ ਘੱਟ 30 ਸਾਲ ਤੋਂ ਉੱਪਰ ਵਾਲੇ ਹੀ ਸੰਪਰਕ ਕਰਨ । ਹੋਰ ਜਾਣਕਾਰੀ ਲਈ ਸੰਪਰਕ : 403 837 4194 ***226***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਪਰਿਵਾਰ ਦੇ ਅੰਮ੍ਰਿਤਧਾਰੀ ਲੜਕੀ ਜਨਮ 1998 ਕੱਦ 5 ਫੁੱਟ4 ਇੰਚ ਵੈੱਲ ਸੈਟਲਡ ਲੜਕੀ ਲਈ ਹਾਣ ਪ੍ਰਵਾਣ ਦੇ ਅੰਮ੍ਰਿਤਧਾਰੀ ਕਨੇਡੀਅਨ ਪੀ ਆਰ ਜਾ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਕੈਨੇਡਾ ਵਿੱਚ ਹੀ ਪੜਿਆ ਹੋਵੇ ਸਿਰਫ ਅਮ੍ਰਿਤਧਾਰੀ ਲੜਕੇ ਵਾਲੇ ਹੀ ਸੰਪਰਕ ਕਰਨ । ਫ਼ੋਨ ਨੰਬਰ 403 455 4344 ***226***

## ਲੜਕੀ ਦੀ ਲੋੜ

Sikh Ramgarhia well settled family in Canada looking for a suitable match for their 32 year old son, doing business in Ontario and Winnipeg. Canadian citizen,5-10, Active in real estate and financing business. Call at 204-510-7658 or 437-881-7282. ***230***

## ਗੁਰਸਿੱਖ ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ ਸੰਧੂ ਪਰਿਵਾਰ ਦੇ ਅੰਮ੍ਰਿਤਧਾਰੀ,ਹੁਣ ਫੈਡਰਲ ਗਵਰਨਮੈਂਟ ਦੀ ਜੌਬ ਕਰ ਰਹੇ ਲੜਕੇ ਉਮਰ, 27 ਸਾਲ, ਕੱਦ 5 ਫੁੱਟ 11 ਇੰਚ , ਵਿਦਿਅਕ ਯੋਗਤਾ ਬੀ ਬੀ ਏ (ਫਾਇਨਾਂਸ) ਲਈ ਹਾਣ ਪ੍ਰਵਾਣ ਦੀ ਸੋਹਣੀ ਸੁਨੱਖੀ, ਪੜੀ ਲਿਖੀ, ਗੁਰਸਿੱਖ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 433 7959 **229**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਹਾਂਸ ਪਰਿਵਾਰ ਦੇ ਲੜਕੇ ਉਮਰ 28, ਕੱਦ 5 ਫੁੱਟ 10 ਇੰਚ, ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 403 615 6321 ਜਾਂ 403 462 4511 **228**

## ਲੜਕੇ ਦੀ ਲੋੜ

ਸ਼ਰਮਾ ਪਰਿਵਾਰ ਦੀ ਵਰਕ ਪਰਮਿਟ ਉੱਪਰ ਆਈ ਲੜਕੀ ਉਮਰ 38 ਸਾਲ, ਕੱਦ 5 ਫੁੱਟ 5 ਇੰਚ, ਬੀ ਐਸ ਸੀ ਨਰਸਿੰਗ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1 204 903 4149 ***227***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਪਰਿਵਾਰ ਦੀ ਤਲਾਕਸੁਦਾ ਲੜਕੀ,ਉਮਰ 31 ਸਾਲ,ਕੱਦ 5 ਫੁੱਟ 2 ਇੰਚ, ਕਨੇਡੀਅਨ ਪੀ ਆਰ,ਨਸ਼ਾ ਰਹਿਤ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸੁਦਾ ਜਾਂ ਵਰਕ ਪਰਮਿਟ ਵਾਲੇ ਕੇਸ ਉੱਪਰ ਵੀ ਵਿਚਾਰ ਕੀਤਾ ਜਾ ਸਕਦਾ ਹੈ। ਮਾਲਵਾ ਅਤੇ ਐਡਮਿੰਟਨ ਏਰੀਆ ਨੂੰ ਪਹਿਲ । ਸੰਪਰਕ: 1 780 278 0410 ***227***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਪੱਗ ਬੰਨ੍ਹਦੇ ਲੜਕੇ,ਉਮਰ 25 ਸਾਲ,ਕੱਦ 5 ਫੁੱਟ 11 ਇੰਚ ਲਈ ਹਾਣ ਪ੍ਰਵਾਣ ਦੀ ਜੱਟ ਸਿੱਖ ਪਰਿਵਾਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਟਰੱਕ ਡਰਾਈਵਰ ਦੀ ਜੌਬ ਕਰ ਰਿਹਾ ਹੈ। ਮੋਗਾ ਅਤੇ ਫਰੀਦਕੋਟ ਨੂੰ ਪਹਿਲ । ਸੰਪਰਕ: 403 971 2245 ***227***

## ਲੜਕੇ ਦੀ ਲੋੜ

Canadian citizen, Jatt Sikh, Sandhu family seeking a suitable match for their 27-year-old daughter. Height: 5 feet 8 inches and working as a Dental Hygienist. Contact : 587-894-1421 ***227***

## ਲੜਕੀ ਦੀ ਲੋੜ

Hindu Punjabi khatri boy 38 years old, height 5.7 living in Vancouver upper middle class family, B.Tech / MBA, now self employed in logistics, Canadian citizen looking for a beautiful educated girl within Canada. Tourist, work permit, PR, or citizen. Contact : 1306 502 6789 ***227***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਬਰਾੜ ਪਰਿਵਾਰ ਦੇ ਲੜਕੇ ਉਮਰ 34 ਸਾਲ, ਕੱਦ 5 ਫੁੱਟ 11 ਇੰਚ, ਵਿ ਦਿਅਕ ਯੋਗਤਾ ਐਮ ਐਸ ਸੀ (ਆਈ ਟੀ) ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕਾ ਇਸ ਵੇਲੇ ਅਸਿਸਟੈਂਟ ਬੈਂਕ ਮੈਨੇਜਰ ਦੀ ਜੌਬ ਕਰ ਰਿਹਾ ਹੈ। ਲੜਕੇ ਦੇ ਮਾਪੇ,ਭੈਣ ਅਤੇ ਭਰਾ ਕਨੇਡੀਅਨ ਪੀ ਆਰ ਹਨ। ਵਰਕ ਪਰਮਿਟ, ਜਾਂ ਡਿਵੋਰਸ ਕੇਸ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 587 439 4197 ਜਾਂ ਈ ਮੇਲ: manpritsinghbrar848@gmail.com ***227***

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ ਕਨੇਡੀਅਨ ਬੌਰਨ, ਜੱਟ ਸਿੱਖ ਵੜੈਚ ਪਰਵਾਰ ਦੇ ਪਗੜੀ ਧਾਰੀ, ਵੈਸ਼ਨੂ ਲੜਕੇ ਉਮਰ 33 ਸਾਲ,ਕੱਦ 5 ਫੁੱਟ 8 ਇੰਚ ਵਿਦਿਅਕ ਯੋਗਤਾ ਯੂਨੀਵਰਸਿਟੀ ਕੈਲਗਰੀ ਤੋਂ computer sicence ਡਿਗਰੀ ਹੋਲਡਰ ਲਈ ਹਾਣ ਪਰਵਾਨ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਕੈਨੇਡਾ ਦੀ ਜੰਮਪਲ ਜਾਂ ਕੈਨੇਡਾ ਰਹਿ ਕੇ ਹੀ ਪੜੀ ਲਿਖੀ ਹੋਵੇ, ਕਾਲ : 1 (587) 577-9895 ***227***

## ਲੜਕੇ ਦੀ ਲੋੜ

ਵਿਜਟਿਰ ਵੀਜੇ ਉੱਪਰ ਕਨੇਡਾ ਆਈ ਰਾਮਗੜੀਆ ਸਿੱਖ ਪਰਿਵਾਰ ਦੀ ਲੜਕੀ ਜਨਮ 1992, (ਬੋਲਣ ਅਤੇ ਸੁਣਨ ਵਿੱਚ ਥੋੜੀ ਸਮੱਸਿਆ ਹੈ) ਲਈ ਕਨੇਡੀਅਨ ਪੀਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਪਰਿਵਾਰ ਦੋਵੇਂ ਭਰਾ ਕਨੇਡਾ ਵੈੱਲ ਸੈਟਲਡ ਹਨ। ਪਰਿਵਾਰ ਵੈਸ਼ਨੂੰ ਹੈ। ਬਿਨਾ ਬੱਚੇ ਤੋਂ ਤਲਾਕ ਸੁਦਾ ਵੀ ਫੋਨ ਕਰ ਸਕਦੇ ਹਨ।ਕੋਈ ਜਾਤੀ ਬੰਧਨ ਨਹੀਂ ਹੈ। ਪਰ ਲੜਕਾ ਵੈਸ਼ਨੂੰ ਹੋਵੇ। ਸੰਪਰਕ: 403 415 4824 ਜਾਂ 403 952 4949 "**228**


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।

ਕੈਲਗਰੀ-403 640 2000

ਐਡਮਿੰਟਨ-780 599 2000 ਸੈਸਕਾਟੂਨ 639 999 1000


ਰੀਜ਼ਾਇਨਾ- 639 999 1000, ਵਿਨੀਪੈੱਗ- 431 733 3000



# ਵਰਕਰਾਂ ਦੀ ਲੋੜ

ਕੈਲਗਰੀ ਦੀ ਨਾਮਵਰ ਰੂਫਿੰਗ ਕੰਪਨੀ ਨੂੰ ਰੂਫਰ ਅਤੇ ਆਫਿਸ ਐਡਮਿਨ ਦੀ ਸਖ਼ਤ ਜ਼ਰੂਰਤ ਹੈ। ਦੋਵੇਂ ਪੋਸਟਾਂ ਲਈ ਐਲ ਐਮ ਆਈ ਵੀ ਮਿਲ ਸਕਦੀ ਹੈ। ਹੁਣੇ ਸੰਪਰਕ ਕਰੋ।

ਕਾਲ ਦਿਲਾਵਰ ਤੂਰ
403 680 0436



## ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ

A1 Roofing & Siding Ltd.

- ROOFING
- SIDING
- SOFFIT
- STUCCO
- HARDIE
- FASCIA
- EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ

Jaswinder 403-614-2094 Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ ਲੋੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615



ਅੰਗਦਾਨ ਕਰਨ ਲਈ ਹੁਣ ਤੁਸੀਂ ਇਸ ਕਿਊ ਆਰ ਕੋਡ ਨੂੰ ਆਪਣੇ ਫੋਨ ਵਿੱਚ ਸਕੈਨ ਕਰਕੇ ਸਾਰੀ ਜਾਣਕਾਰੀ ਲੈ ਸਕਦੇ ਹੋ ਅਤੇ ਅੰਗਦਾਨ ਫਾਰਮ ਵੀ ਆਨ ਲਾਈਨ ਹੀ ਭਰ ਸਕਦੇ ਹੋ



## ਜ਼ਮੀਨ ਵਿਕਾਊ ਹੈ

ਰੀਜਾਇਨਾ ਦੇ ਨੇੜੇ ਹਾਈਵੇਅ 1 ਈਸਟ ਉੱਪਰ 140 ਏਕੜ ਜਮੀਨ ਵਿਕਾਊ ਹੈ। ਇਹ ਜਮੀਨ Saint Josph coloney ਵਿੱਚ ਹੈ ਜੋ Balgone ਤੋਂ 2 ਮਿੰਟ ਈਸਟ ਵਿੱਚ ਹੈ। ਟਰਕ ਸਟੌਪ ਲਈ ਵਧੀਆ ਲੋਕੇਸ਼ਨ ਅਤੇ ਸਾਊਥ ਵਿਚ ਕੰਟਰੀ ਹੋਮ ਲਈ ਲਾਟਾਂ ਵਿਕ ਰਹੀਆਂ ਹਨ। ਕੀਮਤ 5000 ਡਾਲਰ ਪ੍ਰਤੀ ਏਕੜ ਹੈ। ਹੋਰ ਜਾਣਕਾਰੀ ਲਈ ਫੋਨ ਕਰ ਸਕਦੇ ਹੋ।

1-306 581 2187



## ਬਿਜਨਿਸ ਵਿਕਾਊ ਹੈ




ਸੈਸਕਾਟੂਨ ਵਿੱਚ ਰੈਸਟੋਰੈਂਟ ਵਿਕਾਊ ਹੈ । ਪੰਜਾਬੀਆਂ ਦੀ ਵੱਸੋਂ ਵਾਲੇ ਇਲਾਕੇ ਵਿੱਚ ,ਬਿਜ਼ੀ ਪਲਾਜੇ ਅੰਦਰ, ਖੁੱਲੀ ਪਾਰਕਿੰਗ ਲਾਟ, ਸਫਲਤਾ ਨਾਲ ਚੱਲ ਰਿਹਾ ਬਿਜਨਿਸ ਕੁੱਝ ਨਿੱਜੀ ਕਾਰਣਾ ਕਰਕੇ ਵਿਕਾਊ ਹੈ । 1058 ਸਕੇਅਰ ਫੁੱਟ ਬਹੁਤ ਘੱਟ ਰੈਂਟ ਵਾਲੇ ਇਸ ਬਿਜਨਿਸ ਦੇ ਮਾਲਕ ਤੁਸੀਂ ਬਣ ਸਕਦੇ ਹੋ।

ਸੰਪਰਕ: 306 850 9734


# Consumers are urged to be aware of online shopping and rental scams this "back-to-school" season.

**CALGARY** (PAB) Parents and students are being warned to use safe practices when shopping online and seeking rental accommodation this back-to-school season.

"Back to school is an exciting time for students of all ages but scammers are ready to take advantage," says Mary O'Sullivan-Andersen, President and CEO of BBB Serving Southern Alberta and East Kootenay. "If there is a deal online that seems too-good-to-be -true, it probably is."

She adds, "In relation to online shopping do your research, shop with established retailers, look for HTTPS in the site's address, with the 'S' meaning secure. By taking a few simple steps you can avoid the most common shopping scams that occur online.

**Tips for online shopping:**

· **Shop with familiar retailers.** Laptops, tablets, or other tech accessories can be a significant investment. Shop with businesses you know and trust to ensure you get a quality product and good customer service.

· **Don't buy from impostors.** Fraudsters may use the name, logo, and other characteristics of brands they trust. Closely examine the website to verify they are who they are.

· **Approach low prices with caution.** Low prices and short-term sales could signal you've encountered a scam. If the price seems too good to be true, it probably is.

· **Some companies rarely offer sales.** Do more research if a company that rarely discounts products offers a huge sale. The products may be used or refurbished, or it could be a fake website.

· **Know what you're shopping for.** Identify what capabilities will benefit your student and compare your options. Then, shop around for a reliable seller. Researching the best product for your needs will help you avoid scams and buyer's remorse.

· **Ensure you know who the seller is.** Some big box retailers allow third-party sellers to list items on their sites, and those items can be hard to distinguish from the rest. Read all the fine print to ensure you're comfortable with the seller.

· **Finish your shopping early.** Supply shortages are possible, especially as many consumers begin shopping for the same products. Do your shopping now to avoid paying higher prices or falling victim to a scam.

· **Look for websites with HTTPS in the URL.** This means Hypertext Transfer Protocol Secure (HTTPS) is a protocol that secures communication and data transfer between a user's web browser and a website. HTTPS is the secure version of HTTP.

Calgary and area is also facing a shortage of affordable housing. Post-secondary students in need of housing should do careful research before making a deal for an apartment.

"Scammers post ads online offering rental units," says O'Sullivan-Andersen. "Then they will ask for a deposit up front, usually by electronic transfer. Don't fall for these scams. If you are a student looking for rental accommodation, make sure you meet the prospective landlord and view the apartment in person, read the lease agreement and know your rights."

**Tips to avoid rental scams:**

· **Watch out for deals that are too-good-to-be-true.** Scammers lure you in by promising low rents, extra amenities, and a great location. If the price seems much better than elsewhere, it may be a scam.

· **Search online for similar properties.** Do a quick search for the listing, scammer's email address, or phone number. If you find the same ad listed in other cities, that's a huge red flag. **See the property in person.** Don't send money to someone you've never met for an apartment you haven't seen. If you can't visit an apartment or house yourself, ask someone you trust to go and confirm that it is what was advertised.

· **Don't pay a stranger with cash transfer apps.**

# ਮੂਲ ਨਿਵਾਸੀਆਂ ਦੇ ਲੋਕ-ਨਾਚ - ਮੈਡੀਸਨ ਡਾਂਸ



ਜਗਦੇਵ ਸਿੱਧੂ
403 351 1136

ਲੋਕ-ਨਾਚ ਅਤੇ ਲੋਕ ਗੀਤ ਕਿਸੇ ਵੀ ਸਭਿਅਤਾ ਦੇ ਸਭਿਆਚਾਰ ਦਾ ਅਹਿਮ ਅੰਗ ਰਹੇ ਹਨ। ਉੱਤਰੀ ਅਮਰੀਕਾ, ਖਾਸ ਕਰ ਕੇ ਕੈਨੇਡਾ ਦੇ ਮੂਲ ਨਿਵਾਸੀਆਂ ਦੇ ਲੋਕ-ਨਾਚ ਤਾਂ ਇਨ੍ਹਾਂ ਦੇ ਜੀਵਨ ਦੇ ਹਰੇਕ ਪੱਖ ਨੂੰ ਪ੍ਰੀਭਾਸ਼ਤ ਅਤੇ ਪ੍ਰਭਾਵਿਤ ਕਰਦੇ ਆਏ ਹਨ। ਇਹ ਸਭ ਇਨ੍ਹਾਂ ਦੇ ਮਨੋਰੰਜਨ ਦਾ ਸਾਧਨ ਹੀ ਨਹੀਂ, ਸਗੋਂ ਇਨ੍ਹਾਂ ਦੇ ਪਰਿਵਾਰਿਕ, ਸਮਾਜਿਕ, ਨਿਆਂਇਕ ਆਦਿ ਮਸਲਿਆਂ ਨੂੰ ਨਿਰਧਾਰਿਤ ਕਰਨ, ਸੰਚਾਲਿਤ ਕਰਨ ਅਤੇ ਨਜਿੱਠਣ ਲਈ ਸਦੀਆਂ ਤੋਂ ਪ੍ਰਵਾਨਿਤ ਸੰਸਥਾਗਤ ਮੌਕੇ ਹਨ। ਸਨ ਡਾਂਸ, ਪਾਊ-ਵਾਊ ਡਾਂਸ, ਮੈਡੀਸਨ ਡਾਂਸ ਵਰਗੇ ਕਈ ਕਿਸਮ ਦੇ ਆਪੋ ਵਿਚ ਮਿਲਦੇ ਜੁਲਦੇ ਜਾਂ ਵੱਖਰੇ ਨਾਚ ਅੱਡੋ-ਅੱਡ ਕਬੀਲਿਆਂ ਦੇ ਲੋਕ-ਨਾਚ ਹਨ। ਮੈਡੀਸਨ ਡਾਂਸ ਦਾ ਵਰਨਣ ਕੁਝ ਇਸ ਤਰ੍ਹਾਂ ਹੈ।



ਇਸ ਪ੍ਰੰਪਰਿਕ ਨਾਚ ਦਾ ਆਖਰੀ ਸਥਾਨ ਵਿੰਨੀਪੈੱਗ ਲੇਕ ਦੇ ਬਲੈਕ ਆਈਲੈਂਡ(ਟਾਪੂ) ਦੇ ਉੱਤਰੀ ਸਿਰੇ 'ਤੇ ਹੈ, ਜਿਸ ਨੂੰ ਅੱਜ ਕੱਲ੍ਹ ਡਰੱਮਿੰਗ ਪੁਆਇੰਟ ਕਹਿੰਦੇ ਹਨ। ਇਹ ਨਾਚ ਆਧੁਨਿਕ ਸਭਿਅਤਾ ਨਾਲ਼ੋਂ ਵੀ ਪਹਿਲਾਂ ਤੋਂ ਹਰ ਸਾਲ ਗਰਮੀਆਂ ਦੇ ਸ਼ੁਰੂ ਵਿਚ ਮਨਾਇਆ ਜਾਂਦਾ ਰਿਹਾ ਹੈ। ਇਸ ਮੌਕੇ 'ਤੇ ਨਵੇਂ ਹਕੀਮ (ਮੈਡੀਸਨ ਪਰਸਨ) ਨਿਯੁਕਤ ਕੀਤੇ ਜਾਂਦੇ ਸਨ, ਜਿਨ੍ਹਾਂ ਨੂੰ ਬਿਮਾਰਾਂ ਦਾ ਇਲਾਜ ਕਰਨ ਦੀ ਤਾਕਤ ਬਖ਼ਸ਼ੀ ਜਾਂਦੀ ਸੀ। ਸਮੇਂ-ਸਮੇਂ ਇਸ ਨਾਚ ਵਿਚ ਥੋੜ੍ਹੀ ਬਹੁਤ ਤਬਦੀਲੀ ਆਉਂਦੀ ਰਹੀ ਹੈ।

ਨਾਚ ਦਾ ਇਹ ਉਤਸਵ ਸੂਰਜ ਚੜ੍ਹਨ ਤੋਂ ਛਿਪਣ ਤਕ ਲਗਾਤਾਰ ਅੱਠ ਦਿਨ ਚਲਦਾ ਸੀ। ਇਸ ਵਾਸਤੇ ਇੱਕ ਖਾਸ ਆਸਰਾ ਬਣਾਇਆ ਜਾਂਦਾ ਸੀ ਜਿਹੜਾ 48 ਫੁਟ ਲੰਮਾ ਤੇ 12 ਫੁਟ ਚੌੜਾ ਹੁੰਦਾ ਸੀ ਅਤੇ ਬਿਰਚ ਦੇ ਸੱਕਾਂ ਨਾਲ਼ ਢਕਿਆ ਹੁੰਦਾ ਸੀ। ਇਸ ਦਾ ਮੂੰਹ ਚੜ੍ਹਦੇ ਪਾਸੇ ਹੁੰਦਾ ਸੀ। ਓਡਾ ਹੀ 6 ਫੁਟ ਉੱਚਾ ਬਿਨਾ ਛੱਤ ਵਾਲ਼ਾ ਇੱਕ ਹੋਰ ਛਤੜਾ ਨੇੜੇ ਹੀ ਬਣਾਇਆ ਜਾਂਦਾ ਸੀ। ਇਸ ਛਤੜੇ ਦੇ ਕੇਂਦਰ ਵਿਚ ਇੱਕ ਵੱਡਾ ਚੌਕੋਰ ਥੰਮ੍ਹ ਅਤੇ ਥੜ੍ਹਾ ਹੁੰਦਾ ਸੀ ਜਿਸ ਉਪਰ ਮੁੱਖ ਵੈਦ (ਮੈਡੀਸਨ ਪਰਸਨ) ਬੈਠਦਾ ਸੀ। ਥੰਮ੍ਹ ਦੇ ਉਪਰ ਲੱਕੜ 'ਤੇ ਖੁਦਿਆ ਗਰੁੜਪੱਖ ਟਿਕਿਆ ਰਹਿੰਦਾ ਸੀ ਜਿਸ ਦਾ ਮੂੰਹ ਵੀ ਪੂਰਬ ਵੱਲ ਹੁੰਦਾ ਸੀ। ਇਹ ਸੂਰਜ ਦੇ ਨਾਲ਼ ਹੀ ਪੂਰਬ ਤੋਂ ਪੱਛਮ ਵੱਲ ਘੁੰਮਦਾ ਰਹਿੰਦਾ ਸੀ। ਹਰ ਕਿਸੇ ਨੂੰ ਇੱਥੇ ਰਾਤ ਵੇਲ਼ੇ ਆਉਣ ਦੀ ਮਨਾਹੀ ਸੀ। ਕਹਿੰਦੇ ਹਨ ਕਿ ਇੱਕ ਵਾਰ ਪੀਟਰ ਬਰਡ ਨਾਂ ਦਾ ਆਦਮੀ ਅਤੇ ਮੇਰੀ ਇਰਵਿੰਗ ਨਾਂ ਦੀ ਔਰਤ ਨੇ ਇਸ ਮਨਾਹੀ ਦੀ ਪਰਵਾਹ ਨਾ ਕੀਤੀ। ਉਹ ਅੰਦਰ ਜਾਣ ਸਾਰ ਡਿੱਗ ਪਏ ਤੇ ਉੱਠ ਨਾ ਸਕੇ। ਮੁੱਖ ਵੈਦ ਨੇ ਕਾਲ਼ੀ ਮਿੱਟੀ ਉਨ੍ਹਾਂ ਦੀਆਂ ਲੱਤਾਂ-ਬਾਹਾਂ ਉਪਰ ਮਲ਼ੀ ਤਾਂ ਉੱਠ ਕੇ ਤੁਰਨ ਜੋਗੇ ਹੋਏ।

ਇਸ ਨਾਚ ਬਾਰੇ ਮੁੱਖ ਵੈਦ ਹੀ ਫੈਸਲਾ ਕਰਦਾ ਸੀ ਕਿ ਕਿਸ ਸਾਲ ਕਿੱਥੇ ਹੋਣਾ ਹੈ। ਉਹ ਆਪਣੇ ਆਦਮੀ ਭੇਜ ਕੇ ਦੂਜੇ ਕਬੀਲਿਆਂ ਦੇ ਮੁੱਖ ਵੈਦਾਂ ਨੂੰ ਬੁਲਾਉਂਦਾ ਸੀ ਜੋ ਫਿਰ ਕਿਸ਼ਤੀਆਂ ਰਾਹੀਂ ਜਾਂਦੇ ਸਨ। ਉਨ੍ਹਾਂ ਦੇ ਮੁੜਨ ਤਕ ਮੌਸਮ ਸ਼ਾਂਤ ਰਹਿੰਦਾ ਸੀ। ਇੱਕ ਵਾਰੀ ਨਾਚ ਸ਼ੁਰੂ ਹੋਣ ਵੇਲ਼ੇ ਮੌਸਮ ਖਰਾਬ ਹੋ ਗਿਆ ਤੇ ਮੀਂਹ ਪੈਣ ਲੱਗਿਆ। ਮੁੱਖ ਵੈਦ ਨੇ ਦਵਾਈਆਂ ਦੀ ਪੋਟਲ਼ੀ (ਮੈਡੀਸਨ ਬੈਗ) ਦਾ ਮੂੰਹ ਖੋਲ੍ਹ ਦਿੱਤਾ, ਮੀਂਹ ਬੰਦ ਹੋ ਗਿਆ। ਇਸ ਨਾਚ ਉਤਸਵ ਦੌਰਾਨ ਕੈਰੀਬੂ (ਜਾਨਵਰ) ਦਾ ਸ਼ਿਕਾਰ ਕਰ ਕੇ ਰਿੰਨ੍ਹਿਆਂ ਜਾਂਦਾ ਸੀ ਜਿਸ ਨੂੰ ਸਾਰੇ ਖਾਂਦੇ ਤੇ ਘਰ ਲੈ ਜਾਂਦੇ ਸਨ। ਕਹਿੰਦੇ ਹਨ ਬਹੁਤ ਪੁਰਾਣੇ ਸਮਿਆਂ ਵਿਚ ਮਹਾਨ ਰੂਹ ਨੂੰ ਬੱਚਿਆਂ ਦੀ ਕੁਰਬਾਨੀ ਦਿੱਤੀ ਜਾਂਦੀ ਸੀ ਜਿਸ ਬਦਲੇ ਅਜਿਹੇ ਬੱਚਿਆਂ ਦੇ ਮਾਪਿਆਂ ਨੂੰ ਹਿਕਮਤ ਦੀ ਵਿੱਦਿਆ ਦਿੱਤੀ ਜਾਂਦੀ ਸੀ। ਸਭਿਅਤਾ ਦੇ ਵਿਕਾਸ ਨਾਲ਼ ਕੁੱਤਿਆਂ ਦੀ ਬਲੀ ਦਿੱਤੀ ਜਾਣ ਲੱਗੀ।ਕੁੱਤਿਆਂ ਦੇ ਮਾਲਕਾਂ ਨੂੰ ਏਨੀ ਕੁ ਦਵਾਈ ਦਿੱਤੀ ਜਾਂਦੀ ਸੀ ਜਿਸ ਨਾਲ਼ ਉਨ੍ਹਾਂ ਦੇ ਪਰਿਵਾਰ ਦੇ ਕਿਸੇ ਜੀਅ ਦੀ ਬਿਮਾਰੀ ਦਾ ਇਲਾਜ ਹੋ ਸਕੇ।

ਨਾਚ ਉਤਸਵ ਦਾ ਬਹੁਤ ਕੁਛ ਗੁਪਤ ਹੁੰਦਾ ਸੀ। ਜਿਨ੍ਹਾਂ ਨੇ ਵੈਦਗੀ ਲੈਣੀ ਹੁੰਦੀ ਸੀ, ਉਨ੍ਹਾਂ ਨੂੰ ਚਾਰ ਪ੍ਰੀਖਿਆਵਾਂ ਵਿੱਚੋਂ ਲੰਘਣਾ ਪੈਂਦਾ ਸੀ। ਆਮ ਹਾਲਤਾਂ ਵਿਚ ਤਾਂ ਵੈਦਗੀ ਮੌਜੂਦਾ ਵੈਦ ਦੇ ਬੁੱਢਾ ਹੋਣ 'ਤੇ ਉਸ ਦੇ ਪੁੱਤਰ ਨੂੰ ਦਿੱਤੀ ਜਾਂਦੀ ਸੀ। ਇੱਕ ਖਾਸ ਰਕਬਾ ਚੁਣਿਆ ਜਾਂਦਾ ਸੀ ਜਿੱਥੇ ਘੱਟੋ ਘੱਟ ਚਾਰ ਪੰਜ ਜੜੀ ਬੂਟੀਆਂ ਮਿਲਦੀਆਂ ਹੋਣ। ਮੁੱਖ ਵੈਦ ਮੈਨੀਟਾਊ (ਮਹਾਨ ਰੂਹ) ਅੱਗੇ ਅਰਦਾਸ ਕਰ ਕੇ ਪੁੱਛਦਾ ਸੀ ਕਿ ਕਿਹੜੀ ਜੜੀ ਬੂਟੀ ਕਿਸ ਬਿਮਾਰੀ ਦਾ ਇਲਾਜ ਹੈ। ਕੁਝ ਖਾਸ ਬਿਮਾਰੀਆਂ ਦੇ ਇਲਾਜ ਲਈ ਉਹ ਹਰ ਸਾਲ ਦੂਰ ਦੂਰ ਤਕ ਜੜੀ ਬੂਟੀਆਂ ਦੀ ਭਾਲ਼ ਕਰਨ ਜਾਂਦਾ ਸੀ। ਜਿੱਥੋਂ ਉਹ ਬੂਟੀ ਦੀ ਜੜ੍ਹ ਪੁਟਦਾ, ਉੱਥੇ ਰੂਹਾਂ ਨੂੰ ਖ਼ੁਸ਼ ਕਰਨ ਲਈ ਭੋਰਾ ਕੁ ਤੰਬਾਕੂ ਰੱਖ ਦਿੰਦਾ।

ਇਲਾਜ ਕਰਨ ਦੇ ਮਿਥੇ ਸਮੇਂ ਉੱਤੇ ਮੁੱਖ ਵੈਦ ਦੇ ਸੇਵਾਦਾਰ ਉਸ ਦੁਆਲ਼ੇ ਘੇਰੇ ਵਿਚ ਖੜ੍ਹੇ ਹੋ ਜਾਂਦੇ। ਇੱ ਸੇਵਾਦਾਰ ਇੱਕ ਇੱਕ ਕਰ ਕੇ ਬਿਮਾਰਾਂ ਨੂੰ ਉਨ੍ਹਾਂ ਪਾਸ ਲਿਆਈ ਜਾਂਦਾ। ਬਿਮਾਰ ਇਨਸਾਨ ਵੈਦ ਲਈ ਕੋਈ ਪਸੰਦੀਦਾ ਭੇਟਾ ਲੈਕੇ ਆਉਂਦਾ ਜਾਂ ਆਉਂਦੀ। ਇੱਕ ਸੇਵਾਦਾਰ ਕੋਲ਼ ਇਨ੍ਹਾਂ ਰਸਮਾਂ ਲਈ ਖਾਸ ਕਿਸਮ ਦਾ ਢੋਲ ਹੁੰਦਾ ਸੀ। ਮੁੱਖ ਵੈਦ ਢੋਲ-ਗੀਤ ਗਾਉਂਦਾ ਅਤੇ ਹਰ ਵਾਰ ਬਦਲ ਕੇ ਹੋਰ ਗੀਤ ਗਾਉਂਦਾ ਤੇ ਢੋਲੀ ਚਾਰ ਡੱਗੇ ਢੋਲ 'ਤੇ ਲਾਉਂਦਾ। ਜਦੋਂ ਸਾਰੇ ਬਿਮਾਰ ਅੰਦਰ ਆ ਜਾਂਦੇ ਅਤੇ ਆਪੋ-ਆਪਣੇ ਹਕੀਮਾਂ ਨੂੰ ਚੁਣ ਲੈਂਦੇ, ਉਦੋਂ ਮੁੱਖ ਵੈਦ ਉਠਦਾ, ਥੰਮ੍ਹ ਤਕ ਜਾਂਦਾ ਅਤੇ ਮੈਨੀਟਾਊ ਨੂੰ ਪ੍ਰਾਰਥਨਾ ਕਰਦਾ ਕਿ ਇਨ੍ਹਾਂ ਸਾਰੇ ਮੂਲਨਿਵਾਸੀ ਹਕੀਮਾਂ ਨੂੰ ਇਲਾਜ ਕਰਨ ਦੀ ਸਮਰੱਥਾ ਬਖ਼ਸ਼ੀ ਜਾਵੇ। ਮੂਲਨਿਵਾਸੀਆਂ ਲਈ ਸਾਰੀਆਂ ਵਸਤੂਆਂ ਅਤੇ ਸਾਰੇ ਜਾਨਵਰ ਪਵਿੱਤਰ ਸਨ, ਕਿਉਂ ਕਿ ਉਹ ਹਰੇਕ ਸਿਰਜਣਾ ਅੰਦਰ ਮੈਨੀਟਾਊ (ਮਹਾਨ ਰੂਹ, ਸਿਰਜਣਹਾਰ) ਦੀ ਹੋਂਦ ਨੂੰ ਦੇਖਦੇ ਸਨ। ਇਹ ਮੁੱਖ ਵੈਦ ਜਲੂਸ ਦੀ ਅਗਵਾਈ ਕਰਦਾ, ਜਿਸ ਵਿਚ ਹਰੇਕ ਰੋਗੀ ਕੋਲ਼ ਇੱਕ ਇੰਚ ਵਰਗਾਕਾਰ ਦੀ ਸ਼ਕਲ ਦਾ ਤੰਬਾਕੂ ਦਾ ਟੁਕੜਾ ਫੜਿਆ ਹੁੰਦਾ। ਇਹ ਤੰਬਾਕੂ ਦਾ ਟੋਟਾ ਥੜ੍ਹੇ ਉਪਰ ਭੁਗਤਾਨ ਦੀ ਸ਼ਕਲ ਵਿਚ ਰੱਖ ਦਿੱਤਾ ਜਾਂਦਾ। ਕਈ ਵਾਰ ਵੈਦ ਦੀ ਸਹਾਇਤਾ ਲਈ ਛੋਟੇ ਤੋਂ ਲੈ ਕੇ ਵੱਡੇ ਪੱਥਰਾਂ ਨੂੰ ਕਤਾਰ ਵਿਚ ਰੱਖ ਦਿੱਤਾ ਜਾਂਦਾ। ਪੱਥਰਾਂ ਦੀ ਇਹ ਵਿੰਗ-ਤੜਿੰਗੀ ਕਤਾਰ ਸੱਪ ਦਾ ਰੂਪ ਲੈ ਲੈਂਦੀ ਜਿਹੜੀ ਹਿੱਲਣ ਲਗਦੀ। ਇਸੇ ਵਿਧੀ ਨਾਲ਼ ਇਲਾਜ ਹੋ ਜਾਂਦਾ ਸੀ। ਕਈ ਵਾਰ ਇਹ ਰੋੜੇ ਕੱਛੂ ਦੀ ਸ਼ਕਲ ਅਖਤਿਆਰ ਕਰ ਲੈਂਦੇ। ਜਿਉਂ-ਜਿਉਂ ਨਾਚ ਤੇਜ਼ ਹੁੰਦਾ, ਸੱਪ ਅਤੇ ਕੱਛੂ ਬਣੇ ਪੱਥਰਾਂ ਦੀਆਂ ਕਤਾਰਾਂ ਹਿੱਲਣ ਲਗਦੀਆਂ। ਪੱਥਰਾਂ ਦੀ ਇੱਕ ਕਤਾਰ ਦੇ ਸਿਰੇ 'ਤੇ ਚਾਰ ਪੱਥਰ ਵਰਗ ਦੀ ਸ਼ਕਲ ਵਿਚ ਰੱਖੇ ਜਾਂਦੇ। ਜਦੋਂ ਨਚਾਰ ਇਸ ਵਰਗ ਕੋਲ਼ ਆਉਂਦੇ, ਉਹ ਇਸ ਦੇ ਆਲ਼ੇ-ਦੁਆਲ਼ੇ ਨਚਦੇ ਰਹਿੰਦੇ ਅਤੇ ਅਜੀਬੋ ਗਰੀਬ ਆਵਾਜ਼ਾਂ ਕਢਦੇ ਰਹਿੰਦੇ।

ਬਹੁਤ ਜ਼ਿਆਦਾ ਬਿਮਾਰ ਆਦਮੀ ਜਾਂ ਔਰਤ ਨੂੰ ਇੱਕ ਖਾਸ ਕਿਸਮ ਦੇ ਹਿੱਲਦੇ ਤੰਬੂ ਵਿਚ ਲਿਜਾਇਆ ਜਾਂਦਾ ਅਤੇ ਇਸ ਦੇ ਵਿਚਾਲ਼ੇ ਲਿਟਾ ਦਿੱਤਾ ਜਾਂਦਾ। ਦਵਾਈ ਛਿੜਕੀ ਜਾਂਦੀ ਅਤੇ ਰੋਗੀ ਦੇ ਨੰਗੇ ਪਿੰਡੇ 'ਤੇ ਮਲ਼ੀ ਜਾਂਦੀ। ਜਿਉਂ ਹੀ ਸੂਰਜ ਚੜ੍ਹਦਾ, ਰੋਗੀ ਨੌਂ-ਬਰ-ਨੌਂ ਹੋ ਜਾਂਦਾ। ਅਜਿਹਾ ਅਨਿੰਨ ਵਿਸ਼ਵਾਸ਼ ਕਾਰਨ ਸੰਭਵ ਹੁੰਦਾ ਸੀ। ਜਦੋਂ ਰਸਮਾਂ ਪੂਰੀਆਂ ਹੋ ਜਾਂਦੀਆਂ, ਸਾਰੇ ਵੈਦ ਅਤੇ ਰਾਜ਼ੀ ਹੋ ਚੁੱਕੇ ਬਿਮਾਰ ਉਸ ਥਾਂ 'ਤੇ ਨੱਚਣ ਜਾਂਦੇ ਜਿੱਥੇ ਰਸਮਾਂ ਕੀਤੀਆਂ ਗਈਆਂ ਸਨ ਅਤੇ ਉਸ ਤੋਂ ਮਗਰੋਂ ਬਿਰਚ ਦੇ ਸੱਕਾਂ ਵਾਲ਼ੇ ਉਸ ਪਹਿਲੇ ਆਸਰੇ (ਤੰਬੂ) ਵਿਚ ਆ ਜਾਂਦੇ। ਨਾਚ ਸਾਰੀ ਰਾਤ ਚਲਦਾ ਰਹਿੰਦਾ। ਸਾਰੇ ਜਣੇ ਢੋਲਕੀ ਦੇ ਗੀਤ ਗਾਉਂਦੇ ਤੇ ਨੱਚੀ ਜਾਂਦੇ। ਇਨ੍ਹਾਂ ਨਚਾਰਾਂ ਨੂੰ ਥੜ੍ਹੇ 'ਤੇ ਰੱਖੇ ਤੰਬਾਕੂ ਦੇ ਟੋਟੇ ਦਿੱਤੇ ਜਾਂਦੇ। ਜਿਹੜੇ ਹੋਰ ਵੀ ਜ਼ਿਆਦਾ ਨਚਦੇ, ਉਨ੍ਹਾਂ ਨੂੰ ਦੂਜੇ ਸਿਰੇ 'ਤੇ ਰੱਖੇ ਤੰਬਾਕੂ ਦੇ ਹੋਰ ਟੋਟੇ ਦੇ ਦਿੱਤੇ ਜਾਂਦੇ। ਆਮ ਤੌਰ ਤੇ ਇਸ ਨਾਚ ਵਿਚ ਹਿੱਸਾ ਲੈਣ ਵਾਲ਼ਿਆਂ ਨੂੰ ਭਾਫ-ਇਸ਼ਨਾਨ (ਸਟੀਮ ਬਾਥ) ਕਰਵਾਇਆ ਜਾਂਦਾ ਜਿਸ ਨੂੰ ਉਨ੍ਹਾਂ ਦੀ ਬੋਲੀ ਵਿਚ 'ਮਤੋਤਾਵਿਨ' ਕਿਹਾ ਜਾਂਦਾ ਸੀ। ਇਸ ਵਾਸਤੇ ਇੱਕ 5 ਫੁਟ ⊘ 5 ਫੁਟ ਦਾ ਛੋਟਾ ਤੰਬੂ ਦੋ ਜਣਿਆਂ ਜੋਗਾ ਬਣਾਇਆ ਜਾਂਦਾ ਸੀ। ਬਲ਼ਦੀ ਅੱਗ ਵਿਚ ਪੱਥਰ ਸੁੱਟੇ ਜਾਂਦੇ ਸਨ ਅਤੇ ਪੂਰੇ ਗਰਮ ਹੋਏ ਪੱਥਰਾਂ ਨੂੰ ਪਾਣੀ ਦੇ ਅੱਧੇ ਭਰੇ ਹੋਏ ਟਬ ਵਿਚ ਸੁੱਟ ਦਿੱਤਾ ਜਾਂਦਾ ਸੀ।ਇਸ ਤੋਂ ਏਨੀ ਭਾਫ ਨਿਕਲ਼ਦੀ ਕਿ ਤੰਬੂ ਵਿਚਲੇ ਦੋਵੇਂ ਜਣੇ ਇਸ਼ਨਾਨ ਕਰ ਲੈਂਦੇ ਸਨ।

ਜਦੋਂ ਨਚ ਚੱਲ ਰਿਹਾ ਹੁੰਦਾ ਤਾਂ ਵੈਦ ਆਪਣੇ ਹੱਥਾਂ 'ਤੇ ਕੋਈ ਪਾਊਡਰ ਮਲ਼ ਕੇ ਬਲ਼ਦੀਆਂ ਹੋਈਆਂ ਧੂੰਈਆਂ ਵਿੱਚੋਂ ਬਲ਼ਦੇ ਕੋਇਲੇ ਚੁੱਕ ਲੈਂਦੇ। ਇਨ੍ਹਾਂ 'ਤੇ ਫੂਕਾਂ ਮਾਰ ਕੇ ਮਘਾਈ ਰਖਦੇ ਅਤੇ ਇੱਕ ਘੇਰੇ ਦੀ ਸ਼ਕਲ ਵਿਚ ਨੱਚੀ ਜਾਂਦੇ। ਕੋਈ ਵੈਦ ਤਾਂ ਮੂੰਹ ਵਿਚ ਪਾਊਡਰ ਮਲ਼ ਕੇ ਮਘਦਾ ਕੋਇਲਾ ਮੂੰਹ ਵਿਚ ਰੱਖ ਕੇ ਨੱਚੀ ਜਾਂਦਾ। ਬਲੈਕ ਆਈਲੈਂਡ ਤੋਂ ਇਲਾਵਾ ਹੋਰ ਵੀ ਕਈ ਥਾਵਾਂ ਹਨ ਜਿੱਥੇ ਮੈਤੇਵੇਵਿਨ ਰਚਾਇਆ ਜਾਂਦਾ ਸੀ। ਇਹ ਹਨ -ਕਿਨੋਰਾ, ਲੈਕ ਸਿਓਲ ਅਤੇ ਵ੍ਹਾਈਟ ਸ਼ੈੱਲ। ਵ੍ਹਾਈਟ ਸ਼ੈੱਲ ਰਿਵਰ ਤੋਂ ਤਕਰੀਬਨ ਅੱਧਾ ਮੀਲ ਪੂਰਬ ਵੱਲ ਇੱਕ ਨਿਸ਼ਾਨ ਹੈ ਜਿਹੜਾ ਇਸ ਪਵਿੱਤਰ ਨਾਚ ਦੀ ਜਗਾਹ ਦਾ ਸੂਚਕ ਹੈ। ਇੱਥੇ ਉਹ ਪੱਥਰ ਦੀਆਂ ਟੁਕੜੀਆਂ ਮਿਲਣਗੀਆਂ ਜਿਹੜੀਆਂ ਸੱਪ ਅਤੇ ਕੱਛੂ ਦਾ ਰੂਪ ਧਾਰਨ ਕਰਦੀਆਂ ਰਹੀਆਂ ਸਨ। ਜਦੋਂ ਨਚ ਚੱਲ ਰਿਹਾ ਹੁੰਦਾ ਤਾਂ ਵੈਦ ਆਪਣੇ ਹੱਥਾਂ 'ਤੇ ਕੋਈ ਪਾਊਡਰ ਮਲ਼ ਕੇ ਬਲ਼ਦੀਆਂ ਹੋਈਆਂ ਧੂੰਈਆਂ ਵਿੱਚੋਂ ਬਲ਼ਦੇ ਕੋਇਲੇ ਚੁੱਕ ਲੈਂਦੇ। ਇਨ੍ਹਾਂ 'ਤੇ ਫੂਕਾਂ ਮਾਰ ਕੇ ਮਘਾਈ ਰਖਦੇ ਅਤੇ ਇੱਕ ਘੇਰੇ ਦੀ ਸ਼ਕਲ ਵਿਚ ਨੱਚੀ ਜਾਂਦੇ। ਕੋਈ ਵੈਦ ਤਾਂ ਮੂੰਹ ਵਿਚ ਪਾਊਡਰ ਮਲ਼ ਕੇ ਮਘਦਾ ਕੋਇਲਾ ਮੂੰਹ ਵਿਚ ਰੱਖ ਕੇ ਨੱਚੀ ਜਾਂਦਾ। ਬਲੈਕ ਆਈਲੈਂਡ ਤੋਂ ਇਲਾਵਾ ਹੋਰ ਵੀ ਕਈ ਥਾਵਾਂ ਹਨ ਜਿੱਥੇ ਮੈਤੇਵੇਵਿਨ ਰਚਾਇਆ ਜਾਂਦਾ ਸੀ। ਇਹ ਹਨ -ਕਿਨੋਰਾ, ਲੈਕ ਸਿਓਲ ਅਤੇ ਵ੍ਹਾਈਟ ਸ਼ੈੱਲ। ਵ੍ਹਾਈਟ ਸ਼ੈੱਲ ਰਿਵਰ ਤੋਂ ਤਕਰੀਬਨ ਅੱਧਾ ਮੀਲ ਪੂਰਬ ਵੱਲ ਇੱਕ ਨਿਸ਼ਾਨ ਹੈ ਜਿਹੜਾ ਇਸ ਪਵਿੱਤਰ ਨਾਚ ਦੀ ਜਗਾਹ ਦਾ ਸੂਚਕ ਹੈ। ਇੱਥੇ ਉਹ ਪੱਥਰ ਦੀਆਂ ਟੁਕੜੀਆਂ ਮਿਲਣਗੀਆਂ ਜਿਹੜੀਆਂ ਸੱਪ ਅਤੇ ਕੱਛੂ ਦਾ ਰੂਪ ਧਾਰਨ ਕਰਦੀਆਂ ਰਹੀਆਂ ਸਨ। ਨੇਟਿਵ ਲੇਖਕ ਅਤੇ ਵਾਤਾਵਰਨ ਪ੍ਰੇਮੀ ਕਲੇਅਟਨ ਥਾਮਸ ਮੂਲਰ ਆਪਣੀਆਂ ਯਾਦਾਂ ਵਿਚ ਲਿਖਦਾ ਹੈ ਕਿ ਉਸ ਨੇ ਵੀ ਸਾਗਕੀਨ ਫ਼ਸਟ ਨੇਸ਼ਨ ਦੇ ਸਨ-ਡਾਂਸ ਵਿਚ ਚਾਰ ਦਿਨ ਹਿੱਸਾ ਲਿਆ ਸੀ।

ਸਵੈੱਟ ਲੌਜ (ਪਸੀਨਾ ਝੁੱਗੀ) - ਇਹ ਨੇਟਿਵ ਲੋਕਾਂ ਦੀ ਸਭ ਤੋਂ ਪੁਰਾਤਨ ਰਸਮ ਹੈ। ਇਸ ਨੂੰ ਸ਼ੁੱਧੀਕਰਣ ਦੀ ਰਸਮ ਕਿਹਾ ਜਾਂਦਾ ਹੈ, ਜਿਸ ਤੋਂ ਭਾਵ ਹੈ ਉਹ ਪ੍ਰਕਿਰਿਆ ਜਿਸ ਰਾਹੀਂ ਅਸੀਂ ਆਪਣੇ ਆਪ ਨੂੰ ਜਾਣੇ-ਅਨਜਾਣੇ ਹੋਈਆਂ ਅਸਫਲਤਾਵਾਂ ਜਾਂ ਗਲਤੀਆਂ ਤੋਂ ਸਾਫ਼ ਤੇ ਸ਼ੁੱਧ ਕਰਨਾ ਹੈ। ਇਸ ਮੌਕੇ ਅਸੀਂ ਗੁੱਸਾ ਅਤੇ ਭੈਅ ਤਿਆਗਣਾ ਹੁੰਦਾ ਹੈ, ਉਨ੍ਹਾਂ ਵਿਚਾਰਾਂ, ਕੁਕਰਮਾਂ ਅਤੇ ਭਾਵਨਾਵਾਂ ਦਾ ਪਛਤਾਵਾ ਕਰਨਾ ਹੁੰਦਾ ਹੈ ਜਿਨ੍ਹਾਂ ਸਦਕਾ ਆਪ ਨੂੰ ਜਾਂ ਦੂਜਿਆਂ ਨੂੰ ਕੋਈ ਨੁਕਸਾਨ ਪਹੁੰਚਿਆ ਹੋਵੇ। ਇਸ ਲੌਜ ਦੇ ਪਰਵੇਸ਼ ਦੁਆਰ 'ਤੇ ਲੱਗੇ ਪਰਦੇ ਨੂੰ ਪਰੇ ਕਰ ਕੇ ਜਦੋਂ ਅੰਦਰ ਵੜਦੇ ਹੋ ਤਾਂ ਗਰਮੀ ਅਤੇ ਹਨੇਰੇ ਅੰਦਰ ਆ ਜਾਂਦੇ ਹੋ। ਉਸ ਸਮੇਂ ਇੱਕ ਢੋਲ ਸਹਿਜੇ-ਸਹਿਜੇ ਵਜਦਾ ਹੈ ਜਿਹੜਾ ਮਾਂ ਦੇ ਦਿਲ ਦੀ ਉਸ ਵੇਲ਼ੇ ਦੀ ਧੜਕਣ ਦਰਸਾਉਂਦਾ ਹੈ ਜਦੋਂ ਬੱਚੇ ਦੀ ਜ਼ਿੰਦਗੀ ਦਾ ਪਹਿਲਾ ਮਹੀਨਾ ਹੁੰਦਾ ਹੈ। ਇਸੇ ਕਰ ਕੇ ਇਹ ਲੋਕ ਢੋਲ ਨੂੰ ਪਵਿੱਤਰ ਮੰਨਦੇ ਹਨ। ਪੱਥਰ ਦੀਆਂ ਵੱਟੀਆਂ ਨੂੰ ਅੱਗ ਵਿਚ ਤਪਾਇਆ ਜਾਂਦਾ ਹੈ ਤੇ ਉਹ ਚਮਕ ਉਠਦੀਆਂ ਹਨ, ਉਨ੍ਹਾਂ ਨੂੰ ਦਾਦੇ-ਨਾਨੇ ਕਰ ਕੇ ਜਾਣਿਆਂ ਜਾਂਦਾ ਹੈ, ਕਿਉਂਕਿ ਇਹ ਪੱਥਰ ਧਰਤੀ ਉਪਰ ਜੁੱਗਾਂ-ਜੁਗਾਂਤਰਾਂ ਤੋਂ ਮੌਜੂਦ ਹਨ ਤੇ ਜੋ ਕੁਝ ਵਾਪਰਿਆ, ਉਸ ਦੇ ਚਸ਼ਮਦੀਦ ਗਵਾਹ ਹਨ। ਗਰਮ ਹੋ ਕੇ ਇਹੋ ਵੱਟੀਆਂ ਪਵਿੱਤਰ ਹੋ ਜਾਂਦੀਆਂ ਹਨ। ਇਨ੍ਹਾਂ ਨੂੰ ਸਿਰਫ਼ ਇੱਕੋ ਵਾਰ ਇਸ ਕੰਮ ਲਈ ਵਰਤਿਆ ਜਾ ਸਕਦਾ ਹੈ। ਇਹ ਆਪਣੀ ਰੂਹ ਸਾਨੂੰ ਦੇ ਦਿੰਦੀਆਂ ਹਨ, ਤਾਂ ਹੀ ਅਸੀਂ ਇਨ੍ਹਾਂ ਦਾ ਧੰਨਵਾਦ ਕਰਦੇ ਹਾਂ। ਇੱਕ ਸਿਆਣਾ (ਐਲਡਰ) ਇਨ੍ਹਾਂ ਗਰਮ ਵੱਟੀਆਂ ਉਪਰ ਪਾਣੀ ਪਾਉਂਦਾ ਹੈ ਤੇ ਲੌਜ ਭਾਫ਼ ਨਾਲ਼ ਭਰ ਜਾਂਦੀ ਹੈ। ਸਾਰੇ ਵਾਰੋ ਵਾਰੀ ਆਪਣੇ ਪਿਆਰੇ ਚਹੇਤਿਆਂ ਦੀ ਭਲਾਈ ਖ਼ਾਤਰ, ਸ਼ਕਤੀ ਪ੍ਰਾਪਤ ਕਰਨ ਖ਼ਾਤਰ ਅਤੇ ਗੁਨਾਹ ਬਖ਼ਸ਼ਾਉਣ ਖ਼ਾਤਰ ਪ੍ਰਾਰਥਨਾ ਕਰਦੇ ਹਨ। ਹਰੇਕ ਪ੍ਰਾਰਥਨਾ ਤੋਂ ਮਗਰੋਂ ਹੋਰ ਪਾਣੀ ਛਿੜਕਿਆ ਜਾਂਦਾ ਹੈ ਜਿਸ ਨਾਲ਼ ਛੋਟੀ ਜਿਹੀ ਲੌਜ ਸਿਰੇ ਦੀ ਗਰਮ ਹੋ ਜਾਂਦੀ ਹੈ। ਦੋਵੇਂ ਜਣੇ ਪਸੀਨੋ-ਪਸੀਨੀ ਹੋ ਕੇ ਐਨ ਤਾਜ਼ਾ ਮਹਿਸੂਸ ਕਰਦੇ ਬਾਹਰ ਆਉਂਦੇ ਹਨ। ਇਹੋ ਹੈ ਮੁੜ੍ਹਕਾ-ਇਸ਼ਨਾਨ। ਸੋ ਅਜੋਕਾ ਸਟੀਮ ਬਾਥ ਕੋਈ ਨਵੀਂ ਲੱਭਤ ਨਹੀਂ, ਇਨ੍ਹਾਂ ਪੁਰਖਿਆਂ ਦੀ ਦੇਣ ਹੈ।

ਸਨ ਡਾਂਸ - ਇਸ ਸੂਰਜੀ ਨਾਚ ਨਾਲ਼ ਕਰੀਅ ਲੋਕਾਂ ਦਾ ਨਵਾਂ ਸਾਲ ਸ਼ੁਰੂ ਹੁੰਦਾ ਹੈ। ਇਸ ਨਾਚ ਤੋਂ ਪਹਿਲਾਂ ਸ਼ਰਤ ਇਹ ਹੈ ਕਿ ਪਿਛਲੇ ਕੁਝ ਅਰਸੇ ਤੋਂ ਸ਼ਰਾਬ ਜਾਂ ਤੰਬਾਕੂ ਦੀ ਵਰਤੋਂ ਨਾ ਕੀਤੀ ਹੋਵੇ। ਨਚਾਰਾਂ ਤੇ ਗਾਇਕਾਂ ਨੂੰ ਜਗਾਉਣ ਅਤੇ ਤਿਆਰ ਹੋਣ ਲਈ ਢੋਲ 'ਤੇ ਚਾਰ ਡੱਗੇ ਲਾਏ ਜਾਂਦੇ ਹਨ। ਫਿਰ ਕਰੀਅ ਗੀਤ ਗਾਇਆ ਜਾਂਦਾ ਹੈ, ਜਿਸ ਦੇ ਬੋਲ ਹੁੰਦੇ ਹਨ - "ਥੰਡਰ ਬਰਡ ਝੁੱਗੀ ਵਿਚ ਆ ਜਾ"। ਹੌਲ਼ੀ ਹੌਲ਼ੀ ਢੋਲ ਵਜਦੇ ਹਨ, ਨਚਾਰਾਂ ਦੀਆਂ ਸੀਟੀਆਂ ਵਜਦੀਆਂ ਹਨ, ਜੋ ਚੂ ਚੂ ਚੂ ਦੀ ਆਵਾਜ਼ ਬਣਦੀ ਹੈ। ਇਸ ਵੇਲ਼ੇ ਸੂਰਜ ਪੂਰਬ ਵੱਲੋਂ ਉੱਚਾ ਹੋ ਰਿਹਾ ਹੁੰਦਾ ਹੈ। ਇਸ ਮੌਕੇ ਨਿੱਕੇ ਨਿਆਣਿਆਂ ਨੂੰ ਸਿਆਣਿਆਂ ਦੁਆਰਾ ਉਨ੍ਹਾਂ ਦੇ ਨਾਮ, ਕਬੀਲੇ ਦੇ ਨਾਮ ਅਤੇ ਰੂਹਾਨੀ ਰੰਗ ਦਿੱਤੇ ਜਾਂਦੇ ਹਨ। ਝੁੱਗੀ ਦੇ ਵਿਚਾਲ਼ੇ ਖੜ੍ਹੇ ਦਰਖਤ ਕੋਲ਼ ਬੈਠਾ ਸਿਆਣਾ (ਐਲਡਰ) ਇਹ ਕੰਮ ਕਰਦਾ ਹੈ। ਚਾਰ ਦਿਨਾਂ ਦਾ ਸਨ ਡਾਂਸ ਦਾ ਉਤਸਵ ਚਿੱਟਾ ਪਾਪਲਰ ਦਾ ਰੁੱਖ ਕੱਟਣ ਦੇ ਨਾਲ਼ ਸ਼ੁਰੂ ਹੁੰਦਾ ਹੈ। ਝੁੱਗੀ ਇਸ ਰੁੱਖ ਦੇ ਇਰਦ ਗਿਰਦ ਇਸੇ ਦੇ ਸਹਾਰੇ ਟਿਕਦੀ ਹੈ। ਸਾਰੇ ਟੰਬੇ, ਥੰਮ੍ਹੀਆਂ ਤੇ ਬਾਲੇ ਵਗੈਰਾ ਇਸੇ ਪਾਪਲਰ ਦੇ ਬਣੇ ਹੁੰਦੇ ਹਨ ਜਿਨ੍ਹਾਂ ਨੂੰ ਵਿੱਲੋ


ਦਰਖਤ ਦੇ ਛਿਲਕੇ ਨਾਲ਼ ਬੰਨ੍ਹਿਆਂ ਜਾਂਦਾ ਹੈ। ਇਸ ਝੁੱਗੀ ਦੀਆਂ ਅੱਠ ਬਾਹੀਆਂ ਹੁੰਦੀਆਂ ਹਨ, ਮੂੰਹ ਦੱਖਣ ਵੱਲ ਖੁਲ੍ਹਦਾ ਹੈ। ਇਸ ਦੇ ਅੰਦਰ ਪੱਛਮ ਵਾਲ਼ੇ ਪਾਸੇ ਆਦਮੀ ਅਤੇ ਪੂਰਬ ਵੱਲ ਔਰਤਾਂ ਦਾ ਨਾਚ ਹੁੰਦਾ ਹੈ। ਢੋਲ ਅਤੇ ਪਾਈਪ ਵਾਜੇ ਉੱਤਰ ਵੱਲ ਅਤੇ ਪਵਿੱਤਰ ਅਗਨੀ ਦੱਖਣ ਵੱਲ ਹੁੰਦੀ ਹੈ। ਵਿਚਕਾਰਲੇ ਦਰਖਤ ਦੇ ਸਿਖਰ 'ਤੇ ਹੱਥੀਂ ਬਣਾਇਆ ਇੱਲ੍ਹ ਦਾ ਆਲ੍ਹਣਾ ਟੰਗਿਆ ਹੁੰਦਾ ਹੈ ਜਿਸ ਵਿਚ ਸਾਰਿਆਂ ਦੀਆਂ ਆਸਾਂ ਦਾ ਪ੍ਰਤੀਕ ਤੰਬਾਕੂ ਰੱਖਿਆ ਜਾਂਦਾ ਹੈ। ਇਹ ਥੰਡਰ ਜੀਵਾਂ ਲਈ ਭੇਟਾ ਹੈ। ਆਦਮੀ, ਇਸਤਰੀਆਂ ਤੇ ਨਚਾਰ ਚਾਰੇ ਦਿਨ ਵਰਤ ਰਖਦੇ ਹਨ, ਪਾਣੀ ਤਕ ਨਹੀਂ ਪੀਂਦੇ, ਇਹੋ ਬਚਾਇਆ ਭੋਜਨ ਉਹ ਆਪਣੇ ਪੁਰਖਿਆਂ ਨਮਿੱਤ ਚੜ੍ਹਾਉਂਦੇ ਹਨ। ਰਾਤ-ਦਿਨ ਨਚਦੇ ਹਨ। ਸੌਣ ਵਾਲ਼ੇ ਬਾਹਰ ਜ਼ਮੀਨ 'ਤੇ ਸੌਂਦੇ ਹਨ। ਨਚਾਰ ਨਚਦੇ ਹੋਏ ਸੀਟੀਆਂ ਮਾਰਦੇ ਹਨ, ਜਿਹੜੀਆਂ ਇੱਲ੍ਹ ਦੀ ਹੱਡੀ ਤੋਂ ਬਣਦੀਆਂ ਹਨ। ਨਚਾਰਾਂ ਦੀ ਭੇਟਾ ਬਦਲੇ ਰੂਹਾਂ ਉਨ੍ਹਾਂ ਦੀ ਅਗਵਾਈ ਕਰਦੀਆਂ ਹਨ, ਇਲਾਜ ਕਰਦੀਆਂ ਹਨ, ਸੁਰੱਖਿਆ ਦਿੰਦੀਆਂ ਹਨ ਅਤੇ ਜੀਵਨ-ਜਾਚ ਸਿਖਾਉਂਦੀਆਂ ਹਨ। ਕੋਈ ਕੋਈ ਆਪਣੇ ਸਰੀਰ ਦੇ ਕਿਸੇ ਹਿੱਸੇ ਤੋਂ ਨੋਚ ਕੇ ਜਾਂ ਪਰੋ ਕੇ ਮਾਸ ਵੀ ਭੇਟਾ ਕਰਦਾ ਹੈ। ਸਿਆਣਾ (ਐਲਡਰ) ਇੱਲ੍ਹ ਦੇ ਖੰਭ ਦੀ ਨੋਕ ਨਾਲ਼ ਛਾਤੀ 'ਤੇ ਸੰਧੂਰ ਨਾਲ਼ ਨਿਸ਼ਾਨ ਲਾਉਂਦਾ ਹੈ, ਭੇਟ ਦੇਣ ਵਾਲ਼ਾ ਮੱਝ ਦੀ ਖੱਲ ਉਪਰ ਲਿਟ ਜਾਂਦਾ ਹੈ ਤੇ ਪ੍ਰਾਰਥਨਾ ਕਰਦਾ ਹੈ। ਉਸ ਨੂੰ ਅੰਤਾਂ ਦੀ ਪਿਆਸ ਲਗਦੀ ਹੈ, ਥਕਾਵਟ ਹੁੰਦੀ ਹੈ ਪਰ ਮਨ ਪਿਛਲੇ ਦਿਨਾਂ ਦੀ ਅਰਾਧਨਾ ਵਿਚ ਜੁੜਿਆ ਰਹਿੰਦਾ ਹੈ, ਆਪਣੇ ਭੂਤ, ਵਰਤਮਾਨ ਤੇ ਭਵਿੱਖ ਬਾਰੇ ਸੋਚਦਾ ਰਹਿੰਦਾ ਹੈ। ਜਦੋਂ ਸਿਆਣਾ ਲੱਕੜੀ ਦੀ ਨੋਕ ਛਾਤੀ 'ਤੇ ਖੁਭੋਂਦਾ ਹੈ ਤਾਂ ਕੋਈ ਪੀੜ ਨਹੀਂ ਹੁੰਦੀ ਸਗੋਂ ਆਰਾਮ ਦਾ ਅਹਿਸਾਸ ਹੁੰਦਾ ਹੈ। ਇੱਕ ਰੱਸੀ ਦਾ ਇੱਕ ਸਿਰਾ ਵਿਚਕਾਰਲੇ ਦਰਖਤ ਅਤੇ ਦੂਜਾ ਉਸ ਇਨਸਾਨ ਨਾਲ਼ ਬੰਨ੍ਹਿਆਂ ਰਹਿੰਦਾ ਹੈ। ਪਿਛਲ ਖੁਰੀ ਚਾਰ ਵਾਰੀ ਨੱਚਣਾ ਹੁੰਦਾ ਹੈ, ਚੌਥੇ ਗੇੜੇ ਓਦੋਂ ਤਕ ਨੱਚੀ ਜਾਣਾ ਹੈ ਜਦੋਂ ਤਕ ਜਾਂ ਤਾਂ ਰੱਸੀ ਨਾ ਟੁੱਟ ਜਾਏ ਜਾਂ ਮਾਸ ਦਾ ਟੁਕੜਾ ਨਾ ਨਿਕਲ਼ ਜਾਏ। ਇਸ ਨਾਚ ਦੌਰਾਨ ਇਸ ਗੱਲ ਦਾ ਕਿਆਸ ਹੋ ਜਾਂਦਾ ਹੈ ਕਿ ਸਾਲ ਭਰ ਤੁਹਾਡੇ ਨਾਲ਼ ਕੀ ਵਾਪਰਨ ਵਾਲ਼ਾ ਹੈ। ਜੋ ਕੁਝ ਭੇਟਾ ਕਰਦੇ ਹੋ ਸਾਰੇ ਸਾਲ ਵਾਪਸ ਮਿਲ ਜਾਣਾ ਹੈ।

ਮਿਕਮਾਅ, ਓਜਿਬਵੇ, ਪੋਟਾਵਾਟੋਮੀ ਅਤੇ ਪਸਾਮਕੋਡੀ ਸਾਰੇ ਅਲਗੌਂਕਵਿਨ ਭਾਸ਼ਾ ਪਰਿਵਾਰ ਨਾਲ਼ ਸੰਬੰਧਤ ਕਬੀਲੇ ਹਨ। ਇਨ੍ਹਾਂ ਦੀ ਪਸੀਨਾ ਕੁਟੀਆ (ਸਵੈੱਟ ਲੌਜ) ਵੱਡੀ ਸਾਰੀ ਇੱਟਾਂ ਦੀ ਭੱਠੀ ਵਿਚ ਹੁੰਦੀ ਹੈ ਜੋ ਅੱਗ ਦੇ ਸੇਕ ਨਾਲ਼ ਲਾਲ ਹੋ ਜਾਂਦੀ ਹੈ। ਸਾਰੇ ਕੱਪੜੇ ਲਾਹ ਕੇ ਨੰਗੇ ਪਿੰਡੇ ਅੰਦਰ ਵੜੀਦਾ ਹੈ। ਵੈਦ ਦੁਆਈਆਂ ਨੂੰ ਇੱਕ ਪੋਟਲ਼ੀ ਵਿਚ ਪਾ ਕੇ ਫੜਾ ਦਿੰਦਾ ਹੈ। ਅੰਦਰ ਵੜਨ ਤੋਂ ਪਹਿਲਾਂ ਸਰੀਰ ਨੂੰ ਟੋਹ ਕੇ ਪਤਾ ਕੀਤਾ ਜਾਂਦਾ ਹੈ ਕਿ ਕੋਈ ਬਿਮਾਰੀ ਤਾਂ ਨਹੀਂ। ਮੂਲਰ ਦਸਦਾ ਹੈ ਕਿ ਉਸ ਨੂੰ ਇੱਕ ਬੁੱਢੀ ਨੇ ਟੋਹ ਕੇ ਦੱਸਿਆ ਕਿ ਤੇਰੇ ਅੰਦਰ ਗੁੱਸੇ ਦਾ ਗੋਲ਼ਾ ਹੈ, ਉਸ ਨੂੰ ਬਾਹਰ ਕੱਢਣਾ ਹੈ। ਉਹ ਬੁੱਢੀ ਵੀ ਨੰਗੇ ਪਿੰਡੇ ਨਾਲ਼ ਹੀ ਅੰਦਰ ਵੜ ਗਈ। ਸਨ ਡਾਂਸ ਵਿਆਹ ਦਾ ਉਤਸਵ ਦੋ ਰੂਹਾਂ ਨੂੰ ਮੇਲਦਾ ਹੈ ਤੇ ਇਸ ਮਿਲਾਪ ਨੂੰ ਅੰਦਰੂਨੀ ਤੌਰ ਤੇ ਸਦੀਵਤਾ ਬਖ਼ਸ਼ਦਾ ਹੈ। ਆਦਮੀ ਨੂੰ ਸਵੇਰੇ ਹੀ ਨਿਕਲ ਕੇ ਸ਼ਾਮ ਤਕ ਸ਼ਿਕਾਰ ਕਰ ਕੇ ਲਿਆਉਣਾ ਹੁੰਦਾ ਹੈ ਜਿਸ ਨੂੰ ਰਿੰਨ੍ਹ ਪਕਾ ਕੇ ਦੋਵਾਂ ਜੀਆਂ ਨੇ ਖਾਣਾ ਹੁੰਦਾ ਹੈ। ਜੇ ਸ਼ਿਕਾਰ ਨਾ ਮਿਲੇ ਤੇ ਖਾਲੀ ਹੱਥ ਆ ਜਾਵੇ ਤਾਂ ਵਿਆਹ ਨਹੀਂ ਹੋ ਸਕਦਾ, ਅਗਲੇ ਸਾਲ 'ਤੇ ਜਾ ਪੈਂਦਾ ਹੈ।

ਇਹ ਅਤੇ ਕੁਝ ਹੋਰ ਲੋਕ-ਨਾਚ ਕਿਸੇ ਨਾ ਕਿਸੇ ਸ਼ਕਲ ਵਿਚ ਜਾਂ ਕਹਿ ਲਈਏ ਕਿ ਆਧੁਨਿਕ ਰੰਗਤ ਵਿਚ ਅਜੇ ਵੀ ਇਨ੍ਹਾਂ ਲੋਕਾਂ ਦੇ ਸਭਿਆਚਾਰ ਦਾ ਅਨਿੱਖੜਵਾਂ ਅੰਗ ਹਨ, ਠੀਕ ਜਿਵੇਂ ਸਾਡੇ ਗਿੱਧੇ ਅਤੇ ਭੰਗੜੇ ਨੇ ਨਵੀਨੀਕਰਨ ਅਪਣਾ ਕੇ ਸਾਡੇ ਸਭਿਆਚਾਰ ਨੂੰ ਜਿਉਂਦਾ ਰੱਖਿਆ ਹੈ।

# ਹੜ੍ਹ ਪੀੜਤਾਂ ਵਾਸਤੇ ਰੱਬ ਬਣ ਕੇ ਬਹੁੜੇ ਹਨ, ਹਿਮਾਚਲ ਵਿੱਚ ਗੁਰਦਵਾਰੇ ਅਤੇ ਸਿੱਖ ਸੰਗਤ

**ਲੰਗਰ ਤਿਆਰ ਕੀਤਾ ਤੇ ਆਪਣੀ ਜਾਨ 'ਤੇ ਖੇਡ ਕੇ ਸ਼ੂਕਦੇ ਪਾਣੀ ਥਾਣੀਂ ਲੰਘ ਕੇ ਜਗ੍ਹਾ ਜਗ੍ਹਾ ਫਸੇ ਸੈਲਾਨੀਆਂ ਨੂੰ ਉਹਨਾਂ ਦੀਆਂ ਗੱਡੀਆਂ ਤੱਕ ਪਹੁੰਚਾਇਆ। ਇਸ ਤੋਂ ਬਾਅਦ ਉਹਨਾਂ ਨੇ ਸੈਲਾਨੀਆਂ ਵਾਸਤੇ ਗੁਰਦਵਾਰੇ ਵਿਖੇ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਕੀਤਾ ਤੇ ਉਦੋਂ ਤੱਕ ਉਹਨਾਂ ਨੂੰ ਆਪਣੇ ਕੋਲ ਰੱਖਿਆ ਜਦ ਤੱਕ ਰਸਤੇ ਸਾਫ ਨਾ ਹੋ ਗਏ। ਸੈਲਾਨੀਆਂ ਤੋਂ ਇਲਾਵਾ ਉਹਨਾਂ ਨੇ ਝੁੱਗੀ ਝੌਂਪੜੀ ਵਾਲਿਆਂ ਸਮੇਤ ਉਹਨਾਂ ਸਾਰੇ ਲੋਕਾਂ ਨੂੰ ਗੁਰਦਵਾਰੇ ਵਿੱਚ ਸ਼ਰਣ ਦਿੱਤੀ ਜਿਹਨਾਂ ਦੇ ਘਰ ਬਾਰ ਇਸ ਬਾਰਸ਼ ਕਰਨ ਤਬਾਹ ਹੋ ਗਏ ਸਨ। ਸਿੰਘ ਸਭਾ ਗੁਰਦਵਾਰਾ ਅਖਾੜਾ ਬਜ਼ਾਰ ਕੁੱਲੂ ਨੇ ਵੀ ਇਸ ਤਬਾਹੀ ਦੇ ਸਮੇਂ ਲੋਕਾਈ ਦੀ ਵੱਡੀ ਸੇਵਾ ਕੀਤੀ**



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਮੋ. 9501100062

ਇਸ ਵਾਰ ਦੀ ਬਰਸਾਤ ਸ਼ੁਰੂ ਹੋਣ ਤੋਂ ਦੋ ਦਿਨ ਪਹਿਲਾਂ ਪਟਿਆਲੇ ਦਾ ਇੱਕ ਡੀ.ਐਸ.ਪੀ. ਆਪਣੇ ਪਰਿਵਾਰ ਸਮੇਤ ਛੁੱਟੀਆਂ ਮਨਾਉਣ ਲਈ ਹਿਮਾਚਲ ਪ੍ਰਦੇਸ਼ ਗਿਆ ਸੀ। ਉਸ ਨੇ ਸੁੰਦਰ ਨਗਰ ਦੇ ਨਜ਼ਦੀਕ ਸੇਬਾਂ ਨਾਲ ਲੱਦੇ ਇੱਕ ਖੂਬਸੂਰਤ ਇਕਾਂਤ ਪਹਾੜੀ ਪਿੰਡ ਵਿਖੇ ਹੋਮ ਸਟੇਅ ਵਿੱਚ ਕਮਰੇ ਬੁੱਕ ਕਰਵਾਏ ਹੋਏ ਸਨ। ਪਰ ਅਗਲੇ ਹੀ ਦਿਨ ਬਾਰਸ਼ ਸ਼ੁਰੂ ਹੋ ਗਈ ਤੇ ਛੱਪਰ ਪਾੜ ਮੀਂਹ ਕਾਰਨ ਆਏ ਹੜ੍ਹਾਂ ਨੇ ਮੰਡੀ ਮਨਾਲੀ ਰੋਡ ਨੂੰ ਜਗ੍ਹਾ ਜਗ੍ਹਾ ਤੋਂ ਨਸ਼ਟ ਕਰ ਦਿੱਤਾ। ਉਹਨਾਂ ਨੇ ਤਿੰਨ ਚਾਰ ਦਿਨ ਇੰਤਜ਼ਾਰ ਕੀਤਾ ਪਰ ਜਦੋਂ ਸੜਕਾਂ ਖੁਲ੍ਹਣ ਦੀ ਕੋਈ ਉਮੀਦ ਨਾ ਰਹੀ ਤਾਂ ਉਹ ਆਪਣੀ ਗੱਡੀ ਉਥੇ ਹੀ ਛੱਡ ਕੇ ਪੈਦਲ ਸੁੰਦਰ ਨਗਰ ਵੱਲ ਚੱਲ ਪਏ ਕਿਉਂਕਿ ਡੀ.ਐਸ.ਪੀ. ਦੀਆਂ ਛੁੱਟੀਆਂ ਵੀ ਖਤਮ ਹੋ ਗਈਆਂ ਸਨ। ਜਿਸ ਘਰ ਵਿੱਚ ਉਹ ਠਹਿਰੇ ਸਨ, ਉਸ ਦੇ ਮਾਲਕ ਨੇ ਦੱਸਿਆ ਕਿ ਇਥੋਂ 10 - 12 ਕਿ.ਮੀ. ਦੂਰ ਮੇਨ ਰੋਡ 'ਤੇ ਇੱਕ ਸਿੰਘ ਸਭਾ ਗੁਰਦਵਾਰਾ ਹੈ ਤੇ ਇਸ ਵੇਲੇ ਪੰਜਾਬ ਪਹੁੰਚਣ ਲਈ ਸਿਰਫ ਉਥੋਂ ਹੀ ਮਦਦ ਮਿਲ ਸਕਦੀ ਹੈ। ਬੁਰੇ ਹਾਲਾਤ ਵਿੱਚ ਪੈਦਲ ਚੱਲ ਕੇ ਉਹ ਗੁਰਦਵਾਰੇ ਪਹੁੰਚੇ ਤਾਂ ਉਹਨਾਂ ਨੇ ਵੇਖਿਆ ਕਿ ਉਹਨਾਂ ਵਰਗੇ 30 - 35 ਹੋਰ ਸੈਲਾਨੀ ਵੀ ਉਥੇ ਸ਼ਰਨ ਲਈ ਬੈਠੇ ਸਨ।

ਗੁਰਦਵਾਰੇ ਵਾਲਿਆਂ ਨੇ ਉਹਨਾਂ ਦੇ ਰਹਿਣ ਵਾਸਤੇ ਹਾਲਾਂ ਅਤੇ ਕਮਰਿਆਂ ਦਾ ਪ੍ਰਬੰਧ ਕੀਤਾ ਹੋਇਆ ਸੀ ਤੇ ਗੁਰੂ ਕਾ ਲੰਗਰ ਅਟੁੱਟ ਵਰਤ ਰਿਹਾ ਸੀ। ਜਦੋਂ ਡੀ.ਐਸ.ਪੀ. ਨੇ ਆਪਣੀ ਛੁੱਟੀ ਖਤਮ ਹੋਣ ਕਾਰਨ ਪੰਜਾਬ ਪਹੁੰਚਣ ਦੀ ਮਜ਼ਬੂਰੀ ਦੱਸੀ ਤਾਂ ਗੁਰਦਵਾਰੇ ਦੇ ਪ੍ਰਬੰਧਕਾਂ ਨੇ ਉਹਨਾਂ ਨੂੰ ਟਰੈਕਟਰਾਂ ਦੀ ਮਦਦ ਨਾਲ ਸੁੰਦਰ ਨਗਰ ਤੋਂ ਅੱਗੇ ਉਸ ਜਗ੍ਹਾ 'ਤੇ ਪਹੁੰਚਾ ਦਿੱਤਾ ਜਿੱਥੋਂ ਪੰਜਾਬ ਵਾਸਤੇ ਟੈਕਸੀਆਂ ਮਿਲ ਰਹੀਆਂ ਸਨ। ਡੀ.ਐਸ.ਪੀ ਨੇ ਗੁਰਦਵਾਰੇ ਦੇ ਪ੍ਰਬੰਧਕਾਂ ਦਾ ਦਿਲੋਂ ਧੰਨਵਾਦ ਕੀਤਾ ਜਿਹਨਾਂ ਦੀ ਮਦਦ ਨਾਲ ਉਹ ਟਾਈਮ ਸਿਰ ਆਪਣੀ ਡਿਊਟੀ 'ਤੇ ਪਹੁੰਚ ਸਕਿਆ। ਇਸ ਵਾਰ ਦੇ ਹੜ੍ਹਾਂ ਨੇ ਐਨੀ ਤਬਾਹੀ ਮਚਾਈ ਹੈ ਕਿ ਇੱਕ ਵਾਰ ਤਾਂ ਹਿਮਾਚਲ ਸਰਕਾਰ ਵੀ ਬੇਵੱਸ ਹੋ ਗਈ ਸੀ। ਭਾਰੀ ਬਾਰਸ਼ ਨੇ ਤਬਾਹੀ ਅਤੇ ਮੌਤ ਦਾ ਅਜਿਹਾ ਤਾਂਡਵ ਕੀਤਾ ਕਿ ਜ਼ਿੰਦਗੀ ਇੱਕ ਵਾਰ ਰੁਕ ਜਿਹੀ ਗਈ। ਸੜਕਾਂ ਪਾਣੀ ਨਾਲ ਭਰ ਗਈਆਂ, ਹਾਈਵੇ ਖਤਮ ਹੋ ਗਏ, ਘਰ ਅਤੇ ਗੱਡੀਆਂ ਪਾਣੀ ਵਿੱਚ ਰੁੜ੍ਹ ਗਈਆਂ ਅਤੇ ਬਿਜਲੀ, ਪਾਣੀ ਤੇ ਟੈਲੀਫੂਨ ਸਰਵਿਸ ਕਈ ਹਫਤਿਆਂ ਤਕ ਬੰਦ ਰਹੀ। ਇਸ ਮੁਸੀਬਤ ਦੀ ਘੜੀ ਗੁਰਦਵਾਰੇ ਅਤੇ ਸਿੱਖ ਸੰਗਤ ਪਹਾੜਾਂ ਵਿੱਚ ਫਸੀ ਆਮ ਜਨਤਾ ਤੇ ਸੈਲਾਨੀਆਂ ਲਈ ਰੱਬ ਬਣ ਕੇ ਬਹੁੜੇ। ਹਿਮਾਚਲ ਵਿੱਚ ਜਿੱਥੇ ਵੀ ਹੜ੍ਹ ਆਏ, ਉਥੇ ਹੀ ਸਿੱਖ ਸੰਗਤਾਂ ਨੇ ਆਪਣੀ ਜਾਨ 'ਤੇ ਖੇਡ ਕੇ ਸੈਲਾਨੀਆਂ ਅਤੇ ਸਥਾਨਕ ਲੋਕਾਂ ਦੀ ਮਦਦ ਕੀਤੀ। ਇਥੇ ਕੁੱਝ ਗੁਰਦਵਾਰਿਆਂ ਦਾ ਜ਼ਿਕਰ ਕਰਨਾ ਜਰੂਰੀ ਹੈ। ਜਦੋਂ ਮੰਡੀ ਕੁੱਲੂ ਹਾਈਵੇ ਬੰਦ ਹੋ ਗਈ ਤਾਂ ਮੰਡੀ ਸ਼ਹਿਰ ਦਾ ਸਾਰੇ ਸੂਬੇ ਨਾਲੋਂ ਸੰਪਰਕ ਟੁੱਟ ਗਿਆ ਸੀ ਕਿਉਂਕਿ ਇਸ ਦੇ ਆਲੇ ਦੁਆਲੇ ਦੇ ਸੱਤ ਪੁੱਲ ਨੁਕਸਾਨੇ ਗਏ ਸਨ। ਇਸ ਵੇਲੇ ਮੰਡੀ ਦੇ ਇਤਿਹਾਸਿਕ ਗੁਰੂਘਰ, ਗੁਰਦਵਾਰਾ ਗੁਰੂ ਗੋਬਿੰਦ ਸਿੰਘ ਦੇ ਪ੍ਰਬੰਧਕ ਅਤੇ ਸੰਗਤ ਪੀੜਤਾਂ ਦੀ ਮੱਦਦ ਲਈ ਸਾਹਮਣੇ ਆਏ।

ਉਹਨਾਂ ਨੇ ਲੰਗਰ ਤਿਆਰ ਕੀਤਾ ਤੇ ਆਪਣੀ ਜਾਨ 'ਤੇ ਖੇਡ ਕੇ ਸ਼ੂਕਦੇ ਪਾਣੀ ਥਾਣੀਂ ਲੰਘ ਕੇ ਜਗ੍ਹਾ ਜਗ੍ਹਾ ਫਸੇ ਸੈਲਾਨੀਆਂ ਨੂੰ ਉਹਨਾਂ ਦੀਆਂ ਗੱਡੀਆਂ ਤੱਕ ਪਹੁੰਚਾਇਆ। ਇਸ ਤੋਂ ਬਾਅਦ ਉਹਨਾਂ ਨੇ ਸੈਲਾਨੀਆਂ ਵਾਸਤੇ ਗੁਰਦਵਾਰੇ ਵਿਖੇ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਕੀਤਾ ਤੇ ਉਦੋਂ ਤੱਕ ਉਹਨਾਂ ਨੂੰ ਆਪਣੇ ਕੋਲ ਰੱਖਿਆ ਜਦ ਤੱਕ ਰਸਤੇ ਸਾਫ ਨਾ ਹੋ ਗਏ। ਸੈਲਾਨੀਆਂ ਤੋਂ ਇਲਾਵਾ ਉਹਨਾਂ ਨੇ ਝੁੱਗੀ ਝੌਂਪੜੀ ਵਾਲਿਆਂ ਸਮੇਤ ਉਹਨਾਂ ਸਾਰੇ ਲੋਕਾਂ ਨੂੰ ਗੁਰਦਵਾਰੇ ਵਿੱਚ ਸ਼ਰਣ ਦਿੱਤੀ ਜਿਹਨਾਂ ਦੇ ਘਰ ਬਾਰ ਇਸ ਬਾਰਸ਼ ਕਰਨ ਤਬਾਹ ਹੋ ਗਏ ਸਨ। ਸਿੰਘ ਸਭਾ ਗੁਰਦਵਾਰਾ ਅਖਾੜਾ ਬਜ਼ਾਰ ਕੁੱਲੂ ਨੇ ਵੀ ਇਸ ਤਬਾਹੀ ਦੇ ਸਮੇਂ ਲੋਕਾਈ ਦੀ ਵੱਡੀ ਸੇਵਾ ਕੀਤੀ। ਉਹਨਾਂ ਨੇ ਆਪਣੇ ਸਾਰੇ 18 ਕਮਰੇ ਲੋੜਵੰਦਾਂ ਲਈ ਖੋਲ੍ਹ ਦਿੱਤੇ ਅਤੇ ਗੁਰੂ ਕਾ ਲੰਗਰ ਅਟੁੱਟ ਵਰਤਾਇਆ। ਕਿਉਂਕਿ ਘਰਾਂ ਵਿੱਚੋਂ ਗੈਸ ਖਤਮ ਹੋ ਗਈ ਸੀ ਤੇ ਬਿਜਲੀ ਬੰਦ ਸੀ, ਇਸ ਲਈ ਸ਼ਹਿਰ ਦੇ ਸੈਂਕੜੇ ਲੋਕ ਰੋਜ਼ਾਨਾ ਗੁਰਦਵਾਰੇ ਵਿਖੇ ਲੰਗਰ ਛਕਦੇ ਸਨ। ਜਿਹਨਾਂ ਸੈਲਾਨੀਆਂ ਕੋਲੋਂ ਪੈਸੇ ਖਤਮ ਹੋ ਗਏ ਸਨ, ਉਹਨਾਂ ਦੀ ਮਾਇਆ ਨਾਲ ਵੀ ਮਦਦ ਕੀਤੀ ਗਈ।

ੰਤਰ ਵਿਖੇ ਸਥਿੱਤ ਗੁਰਦਵਾਰਾ ਗੋਦੜੀ ਸਾਹਿਬ ਦੇ ਪ੍ਰਬੰਧਕਾਂ ਅਤੇ ਸੰਗਤ ਨੇ ਲੋਕਾਂ ਦੀ ਰਿਹਾਇਸ਼ ਅਤੇ ਲੰਗਰ ਨਾਲ ਸੇਵਾ ਕਰਨ ਤੋਂ ਇਲਾਵਾ ਇਲਾਕੇ ਦੀਆਂ ਬੰਦ ਸੜਕਾਂ ਖੋਲ੍ਹਣ ਲਈ ਪੀ.ਡਬਲਿਊ.ਡੀ. ਦੇ ਮੁਲਾਜ਼ਮਾਂ ਨਾਲ ਮੋਢੇ ਮੋਢਾ ਡਾਹ ਕੇ ਚੌਵੀ ਚੌਵੀ ਘੰਟੇ ਕੰਮ ਕੀਤਾ। ਇਹਨਾਂ ਮੁਲਾਜ਼ਮਾਂ ਦਾ ਲੰਗਰ ਗੁਰਦਵਾਰੇ ਤੋਂ ਪਹੁੰਚਾਇਆ ਜਾਂਦਾ ਸੀ। ਜਦੋਂ ਹੜ੍ਹ ਆਇਆ ਤਾਂ ਉਸ ਵੇਲੇ ਗੁਰਦਵਾਰਾ ਮਨੀਕਰਨ ਵਿਖੇ 1500 ਦੇ ਕਰੀਬ ਸ਼ਰਧਾਲੂ ਮੌਜੂਦ ਸਨ। ਗੁਰਦਵਾਰੇ ਦੀ ਬਿਜਲੀ ਲਗਾਤਾਰ 15 ਦਿਨ ਬੰਦ ਰਹੀ ਸੀ। ਸ਼ਰਧਾਲੂਆਂ ਦੇ ਮੋਬਾਇਲ ਆਦਿ ਚਾਰਜ ਕਰਨ ਵਾਸਤੇ ਦਿਨ ਵਿੱਚ ਇੱਕ ਘੰਟਾ ਜਨਰੇਟਰ ਚਲਾ ਕੇ ਬਿਜਲੀ ਸਪਲਾਈ ਕੀਤੀ ਜਾਂਦੀ ਸੀ। ਇਸ ਸਮੇਂ ਵੀ ਲੰਗਰ ਅਟੁੱਟ ਵਰਤਦਾ ਰਿਹਾ। ਇਹਨਾਂ ਗੁਰੂਘਰਾਂ ਤੋਂ ਇਲਾਵਾ ਸਿੰਘ ਸਭਾ ਗੁਰਦਵਾਰਾ ਕਾਂਗੜਾ ਅਤੇ ਪਹਾੜੀ ਸ਼ਹਿਰਾਂ ਵਿਖੇ ਸਥਿੱਤ ਦਰਜ਼ਨਾਂ ਹੋਰ ਗੁਰਦਵਾਰਿਆਂ ਨੇ ਸਥਾਨਕ ਜਨਤਾ ਅਤੇ ਸੈਲਾਨੀਆਂ ਦੀ ਸੇਵਾਂ ਵਿੱਚ ਕੋਈ ਕਸਰ ਨਹੀਂ ਸੀ ਛੱਡੀ।

## ਕਨੇਡੀਅਨ ਸੱਥ- ਕੀ ਮਣਾ ਮੂੰਹ ਸ਼ਰਨਾਰਥੀਆਂ ਅਤੇ ਵਿਦਿਆਰਥੀਆਂ ਨੂੰ ਕਨੇਡਾ ਸਾਰੀਆ ਸੇਵਾਵਾਂ ਦੇ ਸਕੇਗਾ ?



ਅਸ਼ੀਸ਼ ਨਰੂਲਾ
1 204 890 5040

ਗੱਲ ਸੰਨ 2004 ਦੀ ਹੋਣੀ ਹੈ , ਇੰਜੀਨੀਰਿੰਗ ਦੀ ਪੜ੍ਹਾਈ ਪੂਰੀ ਕੀਤੀ ਸੀ। ਕਨੇਡਾ ਜਾਣਾ ਤਾਂ ਇੱਕ ਸੁਫਨਾ ਹੀ ਜਾਪਦਾ ਸੀ। ਕਿਉਂ ਕਿ ਬਾਹਰਲੇ ਮੁਲਕ ਵਿੱਚ ਜਾਨਣ ਵਾਲਾ ਹੀ ਕੋਈ ਨਹੀਂ ਸੀ। ਮਨ ਵਿੱਚ ਇਹ ਹੀ ਧਾਰ ਲਿਆ ਸੀ ਕਿ ਜੇਕਰ ਘਰ ਛੱਡਣਾ ਹੈ ਤਾਂ ਸਿਰਫ ਵਿਦੇਸ਼ ਹੀ ਜਾਣਾ ਹੈ ,ਨੌਕਰੀ ਕਰਨ ਦਿੱਲੀ ਐਨ ਸੀ ਆਰ ਨਹੀਂ ਜਾਣਾ। ਇਸੇ ਲਾਲਸਾ ਨਾਲ ਯੁਰੋਪ ਦਾ ਸਟੂਡੈਂਟ ਵੀਜਾ ਮੈਂ ਅਤੇ ਮੇਰੇ ਮਿੱਤਰ ਨੇ ਆਪਲਾਈ ਕਰ ਦਿੱਤਾ। ਦਿੱਲੀ ਐਂਬੈਸੀ ਅਪਲਾਈ ਇੰਟਰਵਿਉ ਲਈ ਚਲੇ ਗਏ। ਸਵੇਰੇ ਸਵੇਰੇ ਲਾਈਨਾਂ ਵਿੱਚ ਲੱਗ ਗਏ। ਜਾ ਕੇ ਕਿਤੇ 2-3 ਘੰਟੇ ਬਾਅਦ ਵਾਰੀ ਆਈ, ਜਿਹੜੇ ਡਾਕੂਮੈਂਟ ਐਂਬੈਸੀ ਨੇ ਮੰਗੇ ਅੱਗੇ ਰੱਖ ਦਿੱਤੇ,ਮਿਊਸੀਪਲ ਦੇ ਜਨਮ ਸਰਟੀਫਿਕੇਟ ਅਤੇ ਦਸਵੀਂ ਦੇ ਸਰਟੀਫਿਕੇਟ ਉਪਰ ਨਾਮ ਦਾ ਮਾਮੂਲੀ ਜਿਹਾ ਫਰਕ ਸੀ, ਅਗਲੇ ਕਹਿੰਦੇ ਠੀਕ ਕਰਾ ਕੇ ਲਿਆਓ, ਸਾਡਾ ਮਾਪਦੰਡ ਹੈ। ਕਾਗਜ਼ ਪੱਤਰ ਸੰਭਾਲਣਾ ਵੀ ਔਖਾ ਹੋ ਗਿਆ ਸੀ ਉਸ ਸਮੇਂ ਏਦਾਂ ਜਾਪਦਾ ਸੀ ਜਿਵੇਂ ਦੁਨੀਆਂ ਹੀ ਖਤਮ ਹੋ ਗਈ ਹੋਵੇ। ਪਰ ਉਸ ਘਟਨਾ ਤੋਂ ਬਾਅਦ ਇਹ ਸਿੱਖ ਲਿਆ ਕਿ ਜੇਕਰ ਕੋਈ ਕੰਮ ਨਹੀ ਸੌਰ ਰਿਹਾ ਤਾਂ ਉਸਦੇ ਵਿੱਚ ਵੀ ਕੋਈ ਭਲਾਈ ਹੀ ਹੋਵੇਗੀ,ਮਤਲਬ ਕੀ ਭਾਣਾ ਮੰਨਣ ਦਾ ਤਜ਼ਰਬਾ। ਕੁੱਝ ਦਿਨ ਮਨ ਉਦਾਸ ਵੀ ਰਿਹਾ। ਵਾਪਸ ਪਿੰਡ ਆ ਗਿਆ ਜਿੱਥੇ ਮੇਰੇ ਵੱਢੇ ਭਰਾ ਦੀ ਫਾਰਮੇਸੀ ਸੀ। ਕੁੱਝ ਦਿਨਾ ਬਾਅਦ ਸਵ: ਬਿੰਦਰਪਾਲ ਬਰਾੜ (ਘੁੱਦੂ ਵਾਲਾ) ਦੁਕਾਨ ਤੇ ਆਏ ਉਦਾਸੀ ਦਾ ਕਾਰਨ ਪੁੱਛਿਆ ਅਤੇ ਹੌਸਲਾ ਦਿੱਤਾ ਕਿ ਕੋਈ ਨਾ ਹੋਜੂ ਕੋਈ ਹੀਲਾ,ਜਿਵੇਂ ਚੜਦੀ ਕਲਾ ਵਿੱਚ ਰਹਿਣਾ ਉਹਨਾਂ ਦਾ ਸੁਭਾਅ ਸੀ। ਉਹਨਾ ਸਿਰ ਤੇ ਹੱਥ ਰੱਖਿਆ ਅਤੇ ਮੈਨੂੰ ਵੀ ਕਨੇਡਾ ਦਿਖਾ ਦਿੱਤਾ। ਇਸ ਗੱਲ ਨੂੰ 15 ਵਰ੍ਹੇ ਲੰਘ ਗਏ। ਭਾਂਵੇ ਉਹ ਅੱਜ ਸਾਡੇ ਦਰਮਿਆਨ ਨਹੀਂ ਪਰ ਉਹਨਾਂ ਦਾ ਆਸ਼ੀਰਵਾਦ ਹਮੇਸ਼ਾਂ ਨਾਲ ਰਹੇਗਾ। ਉਹਨਾਂ ਸਮਿਆਂ ਵਿੱਚ ਵਿਦੇਸ਼ ਆਉਣ ਦਾ ਰਾਹ ਸੌਖਾ ਨਹੀਂ ਸੀ।

ਇੱਕ ਅੱਜ ਦਾ ਸਮਾਂ ਹੈ ਕਿ ਕਿਵੇਂ ਜਹਾਜਾਂ ਦੇ ਜਹਾਜ ਭਰ ਭਰ ਕੇ ਪੰਜਾਬੋਂ ਕਨੇਡਾ ਪਹੁੰਚ ਰਹੀ ਨਵੀਂ ਪਨੀਰੀ ਦਾ ਕਨੇਡਾ ਵਿੱਚ ਆਉਣ ਵਾਲਾ ਸਮਾਂ ਕਿੰਨਾ ਚਨੌਤੀ ਭਰਿਆ ਹੋਵੇਗਾ । ਪੰਜਾਬ ਦੇ ਕਿਸੇ ਸ਼ਹਿਰ ਕਿਸੇ ਕਸਬੇ ਕਿਸੇ ਗਲੀ ਚਲੇ ਜਾਉ ਹਰ ਤੀਜਾ ਚੌਥੇ ਘਰ ਦਾ ਜਵਾਕ ਕਨੇਡਾ ਪਹੁੰਚ ਰਿਹਾ ਹੈ। ਕਿਸੇ ਮਰਜੀ ਸ਼ਹਿਰ ਵਿੱਚ ਚਲੇ ਜਾਉ ਸਿਰਫ ਆਈ ਲੈਟਸ ਅਤੇ ਇੰਮੀਗਰੇਸ਼ਨ ਦੇ ਹੋਰਡਿੰਗ ਹੀ ਨਜਰ ਆਉਦੇ ਹਨ ਜਿਵੇਂ ਹੋਰ ਸਾਰੇ ਕਿਤੇ ਖਤਮ ਹੀ ਹੋ ਗਏ ਹੋਣ,ਮੌਜੂਦਾ ਸਰਕਾਰ ਵੱਲ ਵੀ ਲੋਕ ਦੇਖ ਰਹੇ ਹਨ ਕਿ ਕਦੋ ਉਹਨਾ ਦੇ ਵਾਅਦਿਆ ਨੂੰ ਬੂਰ ਪਵੇਗਾ ਅਤੇ ਗੋਰੇ ਪੰਜਾਬ ਵਿੱਚ ਦਿਹਾੜੀ ਮੰਗਣ ਆਉਣਗੇ ਉਂ ਗੱਲ ਹੈ ਇੱਕ । ਮਾਪੇ 18-20 ਸਾਲ ਦੇ ਜਵਾਕਾਂ ਨੂੰ ਕਨੇਡਾ ਭੇਜ ਕੇ ਏਦਾਂ ਵਿਹਲੇ ਹੋ ਜਾਂਦੇ ਨੇ ਜਿਵੇਂ ਕੋਈ ਗਜ਼ਟਡ ਪੋਸਟ ਮਿਲ ਗਈ ਹੋਵੇ, 20 ਸਾਲ ਦੀ ਉਮਰ ਵਿੱਚ ਜਿੰਦਗੀ ਦਾ ਕਿੰਨਾ ਕੁ ਤਜ਼ਰਬਾ ਹੁੰਦਾ ਹੈ ਆਪਣੇ ਚੰਗੇ ਮਾੜੇ ਦੀ ਜਾਂਚ ਵੀ ਚੰਗੀ ਤਰ੍ਹਾ ਨਹੀਂ ਹੁੰਦੀ, ਹਾਂ ਸਿਰਫ ਕੁੱਝ ਯਾਰਾਂ ਦੋਸਤਾਂ ਦਾ ਸਕੂਲੀ ਸਾਥ ਜ਼ਰੂਰ ਹੁੰਦਾ ਹੈ। ਇਸ ਉਮਰ ਵਿੱਚ ਨਿਆਣੇ ਇਕੱਲੇ ਆਪਣੇ ਦਮ ਤੇ ਛੱਡ ਦੇਣੇ ਮੇਰੀ ਜਾਚੇ ਸਮਝਦਾਰੀ ਨਹੀਂ ਹੈ।ਹਾਂ ਜੇਕਰ ਕੋਈ ਬਾਂਹ ਫੜਨ ਵਾਲਾ ਹੋਵੇ ਫਿਰ ਕਹਾਣੀ ਹੋਰ ਹੋ ਸਕਦੀ ਹੈ। ਵਿਦੇਸ਼ਾਂ ਦੇ ਅਤੇ ਸਾਡੇ ਹਿੰਦੋਸਤਾਨ ਦੀ ਜੀਵਲ ਸ਼ੈਲੀ ਵਿੱਚ ਬਹੁਤ ਫਰਕ ਹੈ , ਕਈ ਲਾਚੜੇ ਨਿਆਣੇ ਇੱਥੇ ਆ ਕੇ ਵੀ ਉਹੀ ਆਦਤਾਂ ਅਪਣਾਈ ਰੱਖਦੇ ਹਨ ਜਿਸ ਨਾਲ ਚੰਗੇ ਬੱਚਿਆ ਜੋ ਕਿ ਦਿਨ ਰਾਤ ਮਿਹਨਤ ਕਰ ਪਿੱਛੇ ਵੀ ਘਰ ਦਾ ਅੱਗਾ ਢੱਕਦੇ ਹਨ ਉਹਨਾਂ ਦੇ ਨਾਮ ਨੂੰ ਵੀ ਲਾਗ ਲਗਾਂਉਦੇ ਹਨ, ਅਤੇ ਹੋਰ ਆਉਣ ਵਾਲਿਆ ਲਈ ਵੀ ਮੁਸ਼ਕਿਲ ਪੈਦਾ ਕਰਦੇ ਹਨ। ਹੁਣ ਸਵਾਲ ਇਹ ਹੈ ਕਿ ਅਜੋਕੇ ਸਮੇਂ ਵਿੱਚ ਮਹਿੰਗਾਈ ਦਾ ਕੀ ਹਾਲ ਹੈ ਇਹ ਕਿਸੇ ਤੋ ਲੁਕਿਆ ਨਹੀਂ ਕੀ ਨਵੇਂ ਪਾੜ੍ਹੇ ਸੌਖੇ ਸੈਟ ਹੋ ਜਾਣਗੇ? ਕੀ ਕਨੇਡਾ ਕੋਲ ਏਨਾ ਬੁਨਿਆਦੀ ਢਾਂਚਾ ਹੈ ਜੋ ਕਿ ਮਣਾ ਮੂੰਹ ਸ਼ਰਨਾਰਥੀਆਂ ਅਤੇ ਵਿਦਿਆਰਥੀਆ ਸਮੇਤ ਸਾਰੀਆ ਸੇਵਾਵਾਂ ਦੇ ਸਕੇਗਾ ? ਜਾਂ ਫਿਰ ਹੋਰ ਟੈਕਸ ਵਧਾ ਕੇ ਆਮ ਲੁਕਾਈ ਦਾ ਹੀ ਗਲਾ ਘੁਟੇਗਾ ਇਹ ਆਪਣੇ ਆਪ ਵਿੱਚ ਇੱਕ ਬਹੁਤ ਵੱਡਾ ਸਵਾਲ ਹੈ ਜਿਸ ਦਾ ਹੱਲ ਟੋਲਣਾ ਹਰੇਕ ਕਨੇਡੀਅਨ ਦਾ ਫਰਜ ਹੈ । ਆਪਣੇ ਲੀਡਰਾਂ ਨੂੰ ਸਵਾਲ ਪੁੱਛਣਾ ਚਾਹੀਦਾ ਹੈ ਕਿ ਕੀ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਆਮ ਲੋਕਾਈ ਮਾਸਾ ਸੌਖੀ ਹੋ ਸਕੇ ਜਾਂ ਫਿਰ ਦਿਨ ਭਰ ਕੰਮ ਵਿੱਚ ਹੀ ਖੁੱਬੀ ਰਹੇਗੀ ਅਤੇ ਟੈਕਸਾਂ ਦਾ ਭੁਗਤਾਨ ਕਰਦੀ ਰਹੇਗੀ।

For All your Exterior Needs
B.B.S. Exterior
Roofing/ Siding / Stucco / Soffits & Fascia / Hardie
Shakes / SmartBoard / Eaves & Downspouts / Windows etc.
403.714.0455
bbsexterior@gmail.com

# ਪੰਜਾਬੀ ਮਾਂ-ਬੋਲੀ ਨੂੰ ਦਰਪੇਸ਼ ਸਮੱਸਿਆਵਾਂ

ਹਰ ਮਨੁੱਖ ਲਈ ਦੇ ਜੀਵਨ ਵਿਚ ਮਾਂ-ਬੋਲੀ ਵਿਸ਼ੇਸ਼ ਭੂਮਿਕਾ ਅਦਾ ਕਰਦੀ ਹੈ। ਕਿਸੇ ਵੀ ਮਨੁੱਖ ਦੀ ਸ਼ਖ਼ਸੀਅਤ 'ਤੇ ਉਸ ਦੀ ਮਾਂ-ਬੋਲੀ ਦਾ ਡੂੰਘਾ ਪ੍ਰਭਾਵ ਪੈਂਦਾ ਹੈ। ਕਿਸੇ ਵੀ ਖਿੱਤੇ ਵਿਚ ਰਹਿਣ ਵਾਲੇ ਲੋਕਾਂ ਦੀ ਮਾਂ-ਬੋਲੀ ਦੇ ਆਧਾਰ 'ਤੇ ਉਨ੍ਹਾਂ ਦੇ ਵਿਵਹਾਰ ਦਾ ਸਹਿਜ ਹੀ ਅੰਦਾਜਾ ਲਾਇਆ ਜਾ ਸਕਦਾ ਹੈ। ਮਾਂ-ਬੋਲੀ ਪੰਜਾਬੀ ਸਾਨੂੰ ਵਿਰਸੇ ਵਿਚ ਮਿਲਿਆ ਅਨਮੋਲ ਖਜ਼ਾਨਾ ਹੈ। ਮਾਂਬੋਲੀ ਪੰਜਾਬੀ ਆਪਣੀਆਂ ਵਿਲੱਖਣ ਵਿਸ਼ੇਸ਼ਤਾਵਾਂ ਕਰਕੇ ਹਰਮਨ ਪਿਆਰੀ ਹੈ। ਸਾਦਗੀ, ਸਪਸ਼ਟਤਾ, ਮਿਠਾਸ, ਅਪਣਾਪਣ, ਰਿਸ਼ਤਿਆਂ ਦੀ ਨਿੱਘ ਅਤੇ ਖੁੱਲੇਪਨ ਵਰਗੇ ਗੁਣਾਂ ਕਰਕੇ ਮਾਂ-ਬੋਲੀ ਪੰਜਾਬੀ ਨੇ ਵਿਸ਼ਵ ਪੱਧਰ 'ਤੇ ਪੰਜਾਬੀਆਂ ਨੂੰ ਵੱਖਰੀ ਪਛਾਣ ਦਿੱਤੀ ਹੈ। ਭਾਰਤ ਦੇ ਪੰਜਾਬ, ਹਰਿਆਣਾ ਅਤੇ ਦਿੱਲੀ ਰਾਜਾਂ ਵਿਚ ਪੰਜਾਬੀ ਮੁੱਖ ਭਾਸ਼ਾ ਦੇ ਤੌਰ 'ਤੇ ਬੋਲੀ ਜਾਂਦੀ ਹੈ। ਇਸ ਤੋਂ ਇਲਾਵਾ ਰਾਜਸਥਾਨ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਉੱਤਰ ਪ੍ਰਦੇਸ਼ ਦੇ ਕੁਝ ਹਿੱਸਿਆਂ ਵਿਚ ਵੀ ਪੰਜਾਬੀ ਪੜ੍ਹੀ-ਸੁਣੀ ਅਤੇ ਬੋਲੀ ਜਾਂਦੀ ਹੈ।

ਅਜੋਕੇ ਵਿਸ਼ਵੀਕਰਨ ਦੌਰ ਵਿਚ ਭਾਸ਼ਾ, ਸੱਭਿਆਚਾਰ ਅਤੇ ਕਦਰਾਂ ਕੀਮਤਾਂ ਸਭ ਕੁਝ ਬਦਲ ਰਿਹਾ ਹੈ। ਪੱਛਮੀ ਸੱਭਿਆਚਾਰ ਦੀ ਨਕਲ ਕਾਰਨ ਖਾਣਾ-ਪੀਣਾ, ਰੀਤੀ-ਰਿਵਾਜ, ਰਸਮਾਂ, ਤਿਉਹਾਰ, ਕਦਰਾਂ ਕੀਮਤਾਂ ਅਤੇ ਬੋਲੀ ਸਭ ਕੁਝ ਬਦਲ ਰਿਹਾ ਹੈ। ਇਸ ਬਦਲਦੇ ਮਾਹੌਲ ਵਿਚ ਅੰਗਰੇਜੀ ਭਾਸ਼ਾ ਦਾ ਦਬਦਬਾ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਅੰਗਰੇਜੀ ਦੇ ਪ੍ਰਭਾਵ ਅਧੀਨ ਖੇਤਰੀ ਭਾਸ਼ਾਵਾਂ ਪਛੜਦੀਆਂ ਜਾਪਦੀਆਂ ਹਨ। ਅੱਜ ਪਿੰਡਾ, ਸ਼ਹਿਰਾਂ, ਕਸਬਿਆਂ ਵਿਚ ਨਿੱਤ ਨਵੇ ਅੰਗਰੇਜੀ ਮੀਡੀਅਮ ਦੇ ਪੱਬਲਿਕ ਸਕੂਲ ਖੁੱਲ ਰਹੇ ਹਨ। ਇਹ ਪੱਬਲਿਕ ਸਕੂਲ ਆਪਣਾ ਵਿਦਿਆ ਦਾ ਮਿਆਰ ਉੱਚਾ ਚੁੱਕਣ ਨਾਲੋ ਆਪਣੇ ਆਪ ਨੂੰ ਪੱਛਮੀ ਸੱਭਅਤਾ ਨਾਲ ਜੋੜਨ ਵੱਲ ਵਧੇਰੇ ਜ਼ੋਰ ਦਿੰਦੇ ਹਨ। ਅੱਜ ਦੇ ਮਾਂ-ਪਿਓ ਵੀ ਆਪਣੇ ਬੱਚਿਆਂ ਨੂੰ ਇਨ੍ਹਾਂ ਅੰਗਰੇਜੀ ਮੀਡੀਅਮ ਦੇ ਪੱਬਲਿਕ ਸਕੂਲਾਂ ਚ ਦਾਖਲ ਕਰਵਾ ਕੇ ਮਾਣ ਮਹਿਸੂਸ ਕਰਦੇ ਹਨ। ਭਾਰਤ ਦੇਸ਼ ਵਿਚ ਉੱਚ ਵਿਦਿਆ ਖਾਸ ਕਰਕੇ ਤਕਨੀਕੀ ਅਤੇ ਵਿਗਿਆਨ ਸਿਖਿਆ ਦਾ ਮੁੱਖ ਮਾਧਿਅਮ ਅੰਗਰੇਜ਼ੀ ਹੀ ਹੈ। ਵਰਤਮਾਨ ਸਮੇਂ ਵਿਚ ਲਗਭਗ ਸਾਰੇ ਹੀ ਪੇਪਰ ਅੰਗਰੇਜ਼ੀ ਭਾਸ਼ਾ ਵਿਚ ਆਉਂਦੇ ਹਨ। ਕੁਝ ਪੇਪਰਾਂ ਦਾ ਅਨੁਵਾਦ ਸਥਾਨਕ ਭਾਸ਼ਾ ਵਿਚ ਹੁੰਦਾ ਹੈ, ਪਰ ਨਾਲ ਇਹ ਨੋਟ ਵੀ ਲਿਖਿਆ ਹੁੰਦਾ ਹੈ ਕਿ ਕਿਸੇ ਸਵਾਲ ਦੀ ਉਲਝਣ ਦੀ ਸਿਥਤੀ 'ਤੇ ਕੇਵਲ ਅੰਗਰੇਜ਼ੀ 'ਚ ਲਿਖੇ ਸਵਾਲ ਨੂੰ ਹੀ ਸਹੀ ਮੰਨਿਆ ਜਾਵੇਗਾ। ਸਕੂਲਾਂ ਅਤੇ ਕਾਲਜਾਂ ਵਿਚ ਸਲੇਬਸ ਅਤੇ ਫਾਰਮ ਅੰਗਰੇਜ਼ੀ ਭਾਸ਼ਾ ਵਿਚ ਛਪੇ ਮਿਲਦੇ ਹਨ। ਇਸ ਤਰ੍ਹਾਂ ਅੰਗਰੇਜ਼ੀ ਭਾਸ਼ਾ ਦੀ ਅੰਨ੍ਹੀ ਸਵੀਕਾਰਤਾ ਸਾਡੇ ਸਾਹਮਣੇ ਆਉਂਦੀ ਹੈ।

ਅਸੀਂ ਰਾਜਸਥਾਨ 'ਚ ਰਹਿਣ ਵਾਲੇ ਪੰਜਾਬੀ ਮਾਤ-ਭਾਸ਼ੀ ਦੋਹਰੀ ਗੁਲਾਮੀ ਦੇ ਸ਼ਿਕਾਰ ਹਾਂ। ਸਾਨੂੰ ਅੰਗਰੇਜ਼ੀ ਦੇ ਨਾਲ-ਨਾਲ ਹਿੰਦੀ ਦੀ ਗੁਲਾਮੀ ਵੀ ਹੰਢਾਉਣੀ ਪੈ ਰਹੀ ਹੈ। ਸਾਡੇ ਘਰਾਂ ਵਿਚ ਬੋਲਚਾਲ ਦੀ ਭਾਸ਼ਾ ਪੰਜਾਬੀ ਹੈ, ਪਰ ਸਾਡੀ ਬਦਕਿਸਮਿਤੀ ਇਹ ਹੈ ਕਿ ਸਾਡੇ ਬੱਚੇ ਆਪਣੀ ਮੁੱਢਲੀ ਸਿੱਖਿਆ ਪੰਜਾਬੀ ਭਾਸ਼ਾ ਵਿਚ ਨਹੀ ਲੈ ਸਕਦੇ। ਸਾਡੇ ਬੱਚਿਆਂ ਨੂੰ ਸਕੂਲਾਂ ਵਿਚ ਮਾਂ-ਬੋਲੀ ਪੰਜਾਬੀ ਛੇਵੀਂ ਕਲਾਸ 'ਚ ਜਾ ਕੇ ਹੀ ਪੜ੍ਹਨ ਨੂੰ ਮਿਲਦੀ ਹੈ। ਸਰਕਾਰੀ ਅਤੇ ਨਿਜੀ ਸਕੂਲਾਂ ਵਿਚ ਪ੍ਰਾਈਮਰੀ ਲੇਵਲ ਦੀ ਸਿਖਿਆ ਦਾ ਮੀਡੀਅਮ ਹਿੰਦੀ ਜਾਂ ਅੰਗਰੇਜ਼ੀ ਹੈ, ਜਿਸ ਕਾਰਨ ਬੱਚਿਆਂ ਦਾ ਭਾਸ਼ਾ ਨਾਲ ਤਾਲਮੇਲ ਬੜਾ ਔਖਾ ਬੈਠਦਾ ਹੈ। ਜਦੋਂ ਸਾਡਾ ਬੱਚਾ ਪਹਿਲੇ ਦਿਨ ਸਕੂਲ ਜਾਂਦਾ ਹੈ, ਉਸਨੂੰ ਸਕੂਲ ਦੇ ਅਧਿਆਪਕ ਹਿੰਦੀ ਜਾਂ ਅੰਗਰੇਜੀ ਬੋਲਦੇ ਸੁਨਾਈ ਦਿੰਦੇ ਹਨ। ਉਸਨੂੰ ਕਿਸੇ ਕੋਲੋ ਵੀ ਪੰਜਾਬੀ ਮਾਂ-ਬੋਲੀ ਸੁਨਣ ਨੂੰ ਨਹੀ ਮਿਲਦੀ, ਉਸ ਸਮੇਂ ਬੱਚੇ ਦੇ ਮਨ ਦੀ ਸਿਥਤੀ ਕੀ ਹੋਵੇਗੀ, ਸਹਜੇ ਹੀ ਸਮਝਿਆ ਜਾ ਸਕਦਾ ਹੈ। ਪੰਜਾਬੀ ਮਾਹੌਲ ਵਿਚ ਰਹਿਣ ਵਾਲੇ ਬੱਚਿਆ ਨੂੰ ਵੀ ਸਕੂਲਾਂ ਵਿਚ ਪੰਜਾਬੀ ਦੀ ਥਾਂ ਹਿੰਦੀ ਜਾਂ ਅੰਗਰੇਜ਼ੀ ਵਿਚ ਗੱਲਬਾਤ ਕਰਨ ਦੇ ਸਖ਼ਤ ਆਦੇਸ਼ ਦਿੱਤੇ ਜਾਂਦੇ ਹਨ। ਅਜਿਹੇ ਮਾਹੌਲ ਵਿਚ ਪੰਜਾਬੀ ਮਾਤ-ਭਾਸ਼ੀ ਬੱਚਾ ਕਿਵੇਂ ਚੰਗੀ ਤਰਾਂ ਪੜ੍ਹ-ਲਿਖ ਅਤੇ ਸਮਝ ਸਕਦਾ ਹੈ ? ਉਹ ਆਪਣੇ ਵਿਚਾਰਾਂ ਅਤੇ ਭਾਵਾਂ ਨੂੰ ਦੂਸਰਿਆਂ ਸਾਹਮਣੇ ਪ੍ਰਗਟ ਕਰਨ ਤੋਂ ਡਰਦਾ ਹੈ, ਇਸ ਕਰਕੇ ਪੰਜਾਬੀ ਮਾਤ-ਭਾਸ਼ੀ ਬੱਚੇ ਪੜ੍ਹਾਈ 'ਚ ਤੇਜ ਹੋਣ ਦੇ ਬਾਵਜੂਦ ਪਿਛੜ ਜਾਂਦੇ ਹਨ। ਇਨ੍ਹਾਂ ਪੱਬਲਿਕ ਸਕੂਲਾਂ ਵਿਚ ਬੱਚਿਆ ਨੂੰ ਆਪਣੇ ਵਿਰਸੇ, ਗੁਰੂ ਜਨਮ ਦਿਹਾੜੇ, ਧਰਮ, ਮਾਨਵਤਾ, ਅਨੁਸ਼ਾਸ਼ਨ, ਆਪਣੀ ਮਾਂ-ਬੋਲੀ ਦੀ ਮਹੱਤਤਾ ਤੋ ਜਾਣੂ ਕਰਾਉਣ, ਵਿਗਿਆਨ ਸੰਬੰਧੀ ਜਾਣਕਾਰੀ ਜਾਂ ਗਿਆਨ ਦੇਣ ਦੀ ਥਾਂ ਕੇਵਲ ਪੱਛਮੀ ਤਿਉਹਾਰ ਮਨਾ ਕੇ ਬੱਚਿਆਂ ਦੀ ਮਾਨਸਿਕਤਾ ਨੂੰ ਹੀ ਬਦਲਿਆ ਜਾ ਰਿਹਾ ਹੈ। ਇਸ ਲਈ ਕੇਵਲ ਦੂਸਰੇ ਹੀ ਦੋਸ਼ੀ ਨਹੀਂ, ਬਲਕਿ ਅਸੀਂ ਵੀ ਬਰਾਬਰ ਦੇ ਦੋਸ਼ੀ ਹਾਂ, ਕਿਉਂਕਿ ਅੱਜ ਅਸੀਂ ਵੀ ਆਪਣੇ ਬੱਚੇ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਾ ਰਹੇ ਹਾਂ। ਅਸੀਂ ਉਨ੍ਹਾਂ ਨਾਲ ਅੰਗਰੇਜ਼ੀ ਜਾਂ ਹਿੰਦੀ ਵਿਚ ਗੱਲ ਕਰਦਿਆਂ ਮਾਣ ਮਹਿਸੂਸ ਕਰਦੇ ਹਾਂ। ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਜੇ ਅਸੀਂ ਆਪ ਹੀ ਮਾਂ-ਬੋਲੀ ਦੀ ਕਦਰ ਨਹੀਂ ਕਰਦੇ, ਤਾਂ ਅਸੀਂ ਕਿਸ ਮੂੰਹ ਨਾਲ ਦੂਸਰਿਆਂ ਨੂੰ ਜਾਗਰੂਕ ਕਰਾਂਗੇ। ਇਸ ਮਸਲੇ 'ਤੇ ਗੰਭੀਰ ਸੋਚ ਵਿਚਾਰ ਕਰਨ ਦੀ ਲੋੜ ਹੈ।

ਰਾਜਸਥਾਨ ਦੇ ਵਸਨੀਕ ਪੰਜਾਬੀਆਂ ਦੀ ਮਾਂ-ਬੋਲੀ ਪੰਜਾਬੀ ਬਹੁਤ ਹੀ ਰਸਦਾਇਕ ਹੈ, ਪਰ ਬਦਲਾਅ ਦੇ ਦੌਰ ਵਿਚ ਇਸ ਵਿਚਲੀ ਮਿਠਾਸ ਦਿਨੋ-ਦਿਨ ਘਟਦੀ ਜਾ ਰਹੀ ਹੈ। ਹੁਣ ਪੰਜਾਬੀ ਦੀ ਥਾਂ ਬਹੁਤ ਸਾਰੇ ਅੰਗਰੇਜ਼ੀ ਅਤੇ ਹਿੰਦੀ ਦੇ ਸਬਦ ਸਾਡੀ ਬੋਲੀ ਦਾ ਹਿੱਸਾ ਬਣ ਚੁਕੇ ਹਨ। ਬੱਚਿਆਂ ਲਈ ਮੁਢੱਲੀ ਸਿੱਖਿਆ ਪੰਜਾਬੀ ਮਾਤ-ਭਾਸ਼ਾ ਵਿਚ ਨਾ ਹੋਣ ਕਾਰਨ ਬੱਚਿਆਂ ਦਾ ਰੁਝਾਨ ਪੰਜਾਬੀ ਵਲੋਂ ਘਟਦਾ ਜਾ ਰਿਹਾ ਹੈ। ਬੱਚਿਆਂ ਦਾ ਆਧਾਰ ਬਣਾਉਣ ਵਾਲੇ ਤੀਜੀ ਸ਼੍ਰੇਣੀ ਅਧਿਆਪਕਾਂ ਦੀ ਸਰਕਾਰੀ ਭਰਤੀ ਵਿਚ ਰਿਜ਼ਰਵੇਸ਼ਨ ਹੋਣ ਕਾਰਨ ਅਜਿਹੇ ਅਧਿਆਪਕ ਭਰਤੀ ਕਰ ਲਏ ਜਾਂਦੇ ਹਨ, ਜਿਨ੍ਹਾਂ ਨੇ ਕੇਵਲ 10ਵੀਂ ਜਮਾਤ ਤੱਕ ਹੀ ਪੰਜਾਬੀ ਪੜੀ ਹੁੰਦੀ ਹੈ। ਕਈ ਸਕੂਲਾਂ ਵਿਚ ਹਿੰਦੀ ਦੇ ਅਧਿਆਪਕ ਹੀ ਪੰਜਾਬੀ ਪੜ੍ਹਾਉਂਦੇ ਹਨ। ਸੋ ਪੰਜਾਬੀ ਦੇ ਮਾਹਿਰ ਅਧਿਆਪਕ ਨਾ ਹੋਣ ਕਰਕੇ ਬੱਚਿਆਂ ਦਾ ਪੰਜਾਬੀ ਉਚਾਰਣ ਵਿਗੜ ਜਾਂਦਾ ਹੈ ਅਤੇ ਬੱਚਿਆਂ ਦੀ ਲਿਖਾਵਟ 'ਚ ਤਕਨੀਕੀ ਖਾਮੀਆਂ ਹੋਣ ਕਰਕੇ ਉਹ ਕਦੇ ਵੀ ਸ਼ੁੱਧ ਨਹੀ ਲਿਖ ਸਕਦੇ। ਇਸੇ ਤਰਾਂ ਪਹਿਲੀ ਅਤੇ ਦੂਜੀ ਸ਼੍ਰੇਣੀ ਅਧਿਆਪਕਾਂ ਦੀ ਸਰਕਾਰੀ ਭਰਤੀ ਵਿਚ ਰਿਜ਼ਰਵੇਸ਼ਨ ਹੋਣ ਕਾਰਨ ਵੀ ਪੰਜਾਬੀ ਦੇ ਮਾਹਿਰ ਅਧਿਆਪਕਾਂ ਦੀ ਭਰਤੀ ਨਹੀਂ ਹੋ ਸਕਦੀ, ਕਿਓਂਕਿ ਜਰਨਲ ਨਾੱਲੇਜ ਦੀ ਮਹਾਰਥ ਰੱਖਣ ਵਾਲਾ ਪ੍ਰਤੀਭਾਗੀ ਪੰਜਾਬੀ ਵਿਸ਼ੇ 'ਚੋਂ ਘੱਟ ਅੰਕ ਪ੍ਰਾਪਤ ਕਰਕੇ ਵੀ ਅਧਿਆਪਕ ਭਰਤੀ ਹੋ ਜਾਂਦਾ ਹੈ। ਜਿਸਦਾ ਪੰਜਾਬੀ ਵਿਸ਼ਾ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਬਹੁਤਾ ਲਾਭ ਨਹੀ ਮਿਲਦਾ। ਰਾਜਸਥਾਨ ਵਿਚ ਹਰ ਵਿਸ਼ੇ ਦੇ ਅਧਿਆਪਕਾਂ ਨੂੰ ਸਮੇਂ-ਸਮੇਂ ਟ੍ਰੇਨਿੰਗ ਦਿਤੀ ਜਾਂਦੀ ਹੈ, ਪਰ ਪੰਜਾਬੀ ਅਧਿਆਪਕਾਂ ਨੂੰ ਕਿਸੇ ਤਰਾਂ ਦੀ ਟ੍ਰੇਨਿੰਗ ਨਹੀ ਦਿਤੀ ਜਾਂਦੀ, ਇਸ ਕਰਕੇ ਪੰਜਾਬੀ ਅਧਿਆਪਕ ਨਵਾਚਾਰ ਤੋਂ ਵਾਂਝੇ ਰਹਿ ਜਾਂਦੇ ਹਨ।

ਅੱਜ ਨੌਜਵਾਨ ਪੀੜ੍ਹੀ ਵਿਚ ਆਈਲੈਟਸ ਰਾਹੀਂ ਵਿਦੇਸ਼ ਜਾਣ ਦਾ ਰੁਝਾਨ ਵਧਦਾ ਜਾ ਰਿਹਾ ਹੈ। ਇਸ ਲਈ ਉਹ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਆ ਕੇ ਆਪਣੀ ਮਾਂ-ਬੋਲੀ ਨਾਲੋਂ ਮੋਹ ਤੋੜਦੀ ਜਾ ਰਹੀ ਹੈ। ਅਸੀਂ ਵੀ ਪੰਜਾਬੀ ਦੀ ਥਾਂ ਅੰਗਰੇਜ਼ੀ ਸ਼ਬਦਾਂ ਨੂੰ ਜ਼ਿੰਦਗੀ ਦਾ ਇਕ ਮਹੱਤਵਪੂਰਣ ਹਿੱਸਾ ਬਣਾ ਚੁੱਕੇ ਹਾਂ। ਅਸੀਂ ਭੁੱਲ ਗਏ ਹਾਂ ਕਿ ਜਿਹੜੀਆਂ ਕੌਮਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਦੀ ਮੁੱਢਲੀ ਸਿੱਖਿਆ ਨਹੀਂ ਪ੍ਰਦਾਨ ਕਰਦੀਆਂ, ਉਹ ਬੌਧਿਕ ਅਤੇ ਰੂਹਾਨੀ ਪੱਧਰ ਤੇ ਕਦੇ ਵੀ ਸੁਤੰਤਰ ਨਹੀਂ ਹੋ ਸਕਦੀਆਂ, ਭਾਵੇਂ ਉਹ ਰਾਜਨੀਤਿਕ ਤੌਰ ਤੇ ਸੁਤੰਤਰ ਹੀ ਹੋਣ। ਅੱਜ, ਦਫ਼ਤਰਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਸੈਮੀਨਾਰਾਂ ਵਿਚ ਅੰਗਰੇਜ਼ੀ ਬੋਲਣ ਦਾ ਰਿਵਾਜ ਵਧਿਆ ਹੈ, ਜੋ ਸਾਡੀ ਗੁਲਾਮ ਮਾਨਸਿਕਤਾ ਦਾ ਪ੍ਰਤੀਕ ਹੈ। ਅਸੀਂ ਅੱਜ ਇਹ ਵੀ ਭੁੱਲ ਗਏ ਹਾਂ ਕਿ ਰੂਸ, ਜਾਪਾਨ, ਜਰਮਨੀ, ਫਰਾਂਸ ਅਤੇ ਚੀਨ ਵਰਗੇ ਉਹ ਵਿਕਸਤ ਦੇਸ਼ ਹਨ, ਜਿੱਥੇ ਨਾ ਸਿਰਫ ਮੁੱਢਲੀ ਸਿੱਖਿਆ ਬਲਕਿ ਹਰ ਕਿਸਮ ਦੀ ਉੱਚ ਸਿੱਖਿਆ ਵੀ ਮਾਤ ਭਾਸ਼ਾ ਵਿਚ ਪ੍ਰਦਾਨ ਕੀਤੀ ਜਾਂਦੀ ਹੈ।

ਹੁਣ ਸਾਡੇ ਸਾਹਮਣੇ ਇਕ ਸਵਾਲ ਖੜ੍ਹਾ ਹੁੰਦਾ ਹੈ ਕਿ ਅੱਜ ਸਾਡੀ ਮਾਂ ਬੋਲੀ ਦਾ ਸਤਿਕਾਰ ਕਿਉਂ ਘਟ ਰਿਹਾ ਹੈ ? ਅਸੀਂ ਵਿਦੇਸ਼ੀ ਭਾਸ਼ਾਵਾਂ ਦੇ ਗੁਲਾਮ ਕਿਉਂ ਬਣ ਰਹੇ ਹਾਂ ? ਇਨ੍ਹਾਂ ਸਾਰੇ ਸਵਾਲਾਂ ਦਾ ਜੁਆਬ ਇੱਕ ਹੀ ਹੋਵੇਗਾ ਕਿ ਅਸੀਂ ਆਪ ਇਸ ਲਈ ਜ਼ਿੰਮੇਵਾਰ ਹਾਂ। ਅੱਜ ਅਸੀਂ ਮਾਂ-ਬੋਲੀ ਦਿਹਾੜਾ ਤਾਂ ਮਨਾ ਰਹੇ ਹਾਂ, ਪਰ ਅਸਲ ਵਿਚ ਅਸੀਂ ਮਾਂ-ਬੋਲੀ ਪੰਜਾਬੀ ਲਈ ਕਿੰਨ੍ਹੇ ਕੁ ਸੁਚੇਤ ਅਤੇ ਜਾਗਰੂਕ ਹਾਂ, ਇਸ ਲਈ ਸਾਨੂੰ ਆਪਣੇ ਵੱਲ ਝਾਤ ਮਾਰ ਕੇ ਦੇਖ ਲੈਣਾ ਚਾਹੀਦਾ ਹੈ। ਹਾਲਾਂਕਿ ਕੁਝ ਬੁੱਧੀਜੀਵੀ ਅਤੇ ਸੰਸਥਾਵਾਂ ਮਾਂ-ਬੋਲੀ ਪੰਜਾਬੀ ਦੇ ਵਿਕਾਸ ਲਈ ਉਪਰਾਲੇ ਕਰ ਰਹੀਆਂ ਹਨ। ਸੋ ਆਸ ਕਰਦੇ ਹਾਂ ਕਿ ਰਾਜਸਥਾਨ ਦੇ ਖੇਤਰ ਦੇ ਪੰਜਾਬੀ ਸੁਚੇਤ ਅਤੇ ਜਾਗਰੂਕ ਹੋ ਕੇ ਇੱਕ ਚਮਤਕਾਰੀ ਤਬਦੀਲੀ ਲੈ ਕੇ ਆਉਣਗੇ, ਜਿਸ ਨਾਲ ਸਾਡੇ ਜਿਓਣ ਦੇ ਤਰੀਕੇ, ਰੀਤੀ-ਰਿਵਾਜ, ਵਿਵਹਾਰ, ਸੁਭਾਅ ਆਦਿ ਵਿਚ ਪੰਜਾਬੀਅਤ ਨਜਰ ਆਵੇ।

**ਡਾ: ਸੰਦੀਪ ਸਿੰਘ ਮੁੰਡੇ**

# ਭੁੱਖਮਰੀ ਦਾ ਸ਼ਿਕਾਰ ਬੱਚੇ

ਸੰਯੁਕਤ ਰਾਸ਼ਟਰ ਦੀ ਭੋਜਨ ਅਤੇ ਖੇਤੀ ਸੰਸਥਾ ਦੀ ਤਾਜ਼ਾ ਰਿਪੋਰਟ ਮੁਤਾਬਕ 2030 ਦੇ ਅੰਤ ਤੱਕ ਪੂਰੇ ਸੰਸਾਰ ਵਿੱਚ ਘੱਟੋ-ਘੱਟ 63 ਕਰੋੜ ਲੋਕ ਰੋਜ਼ਾਨਾ ਭੁੱਖਮਰੀ ਨਾਲ਼ ਜੂਝ ਰਹੇ ਹੋਣਗੇ। ਇਸਦਾ ਭਾਵ ਇਹ ਹੈ ਕਿ 2015 ਵਿੱਚ ਸੰਯੁਕਤ ਰਾਸ਼ਟਰ ਵੱਲੋਂ 2030 ਦੇ ਅੰਤ ਤੱਕ ਸੰਸਾਰ ਵਿੱਚ ਭੁੱਖਮਰੀ ਨੂੰ ਪੂਰੀ ਤਰ੍ਹਾਂ ਖਤਮ ਕਰਨ ਦਾ ਟੀਚਾ ਪੂਰਾ ਨਹੀਂ ਹੋ ਸਕੇਗਾ। 2015 ਵਿੱਚ ਮਿੱਥੇ ਗਏ ਇਸ ਟੀਚੇ ਤਹਿਤ ਸੰਸਾਰ ਵਿੱਚੋਂ ਭੁੱਖਮਰੀ ਖਤਮ ਕਰਨ ਦੇ ਨਾਲ਼-ਨਾਲ਼ ਖੇਤੀ ਜਿਣਸਾਂ ਦੀ ਪੈਦਾਵਾਰ ਵਿੱਚ ਹੁੰਦੇ ਹਰਾ-ਗ੍ਰਹਿ ਪ੍ਰਭਾਵ ਗੈਸਾਂ ਦੇ ਨਿਕਾਸ ਨੂੰ ਵੀ ਘੱਟ ਕਰਨ ਦਾ ਅਹਿਦ ਲਿਆ ਗਿਆ ਸੀ। ਹੁਣ ਇਸ ਨਵੀਂ ਰਿਪੋਰਟ ਦੇ ਆਉਣ ਨਾਲ਼ ਇਹਨਾਂ ਦਾਅਵਿਆਂ ਦੀ ਫੂਕ ਨਿੱਕਲ ਗਈ ਹੈ। ਭੁੱਖਮਰੀ ਘੱਟ ਤਾਂ ਕੀ ਹੋਣੀ ਸੀ ਸਗੋਂ 2019 ਤੋਂ ਬਾਅਦ ਸੰਸਾਰ ਪੱਧਰ 'ਤੇ ਭੁੱਖਮਰੀ ਦੇ ਸ਼ਿਕਾਰ, ਕੁਪੋਸ਼ਿਤ ਲੋਕਾਂ ਦੀ ਗਿਣਤੀ ਵਿੱਚ ਭਿਆਨਕ ਵਾਧਾ ਹੋਇਆ ਹੈ। 2021 ਵਿੱਚ 83 ਕਰੋੜ ਤੋਂ ਵੱਧ ਲੋਕ ਭੁੱਖਮਰੀ ਨਾਲ਼ ਪ੍ਰਭਾਵਿਤ ਸਨ ਜੋ ਸੰਸਾਰ ਦੀ ਅਬਾਦੀ ਦਾ 9.8% ਬਣਦੇ ਸਨ। ਸਭ ਤੋਂ ਬੁਰਾ ਹਾਲ ਘੱਟ ਆਮਦਨ ਵਾਲ਼ੇ ਦੇਸ਼ਾਂ ਦੀ ਲੋਕਾਈ ਦਾ ਹੈ ਜਿਸ ਵਿੱਚ ਅਫਰੀਕਾ ਅਤੇ ਏਸ਼ੀਆ ਮਹਾਂਦੀਪ ਦੇ ਦੇਸ਼ ਆਉਂਦੇ ਹਨ। 2030 ਤੱਕ ਭੁੱਖਮਰੀ ਖਤਮ ਕਰਨ ਲਈ ਇਹਨਾਂ ਗਰੀਬ ਦੇਸ਼ਾਂ ਦੇ ਲੋਕਾਂ ਤੱਕ ਭੋਜਨ ਦੀ ਉਪਲਬਧਤਾ 30% ਤੱਕ ਵਧਣੀ ਜ਼ਰੂਰੀ ਹੈ। ਰਿਪੋਰਟ ਵਿੱਚ ਇਹ ਵੀ ਜ਼ਿਕਰ ਹੈ ਕਿ ਜੇਕਰ ਆਉਣ ਵਾਲ਼ੇ ਸਮੇਂ ਵਿੱਚ ਊਰਜਾ ਅਤੇ ਖੇਤੀ ਵਸਤਾਂ ਦੀ ਪੈਦਾਵਾਰ ਵਿੱਚ ਵਰਤੀਆਂ ਜਾਂਦੀਆਂ ਖਾਦਾਂ, ਮਸ਼ੀਨਾਂ ਦੀਆਂ ਕੀਮਤਾਂ ਵਧਦੀਆਂ ਹਨ, ਤਾਂ ਸੰਸਾਰ ਦੀ ਵੱਡੀ ਅਬਾਦੀ ਭੁੱਖਮਰੀ ਦਾ ਸ਼ਿਕਾਰ ਹੋ ਸਕਦੀ ਹੈ।

ਮਨੁੱਖਤਾ ਦੇ ਪੂਰੇ ਇਤਿਹਾਸ ਵਿੱਚ ਕਦੀ ਵੀ ਮਨੁੱਖ ਕੋਲ਼ ਇੰਨਾ ਭੋਜਨ ਉਪਲਬਧ ਨਹੀਂ ਸੀ ਜਿੰਨਾਂ ਅੱਜ ਦੇ ਸਮੇਂ ਵਿੱਚ ਹੈ। ਫਿਰ ਵੀ ਭੁੱਖਮਰੀ ਖਤਮ ਹੋਣ ਦੀ ਬਜਾਏ ਵਧ ਹੀ ਰਹੀ ਹੈ। ਰਿਪੋਰਟ ਵਿੱਚ ਭੁੱਖਮਰੀ ਦੇ ਸੰਕਟ ਨੂੰ ਹੱਲ ਕਰਨ ਦੇ ਤਕਨੀਕੀ ਅਤੇ ਡੰਗ-ਟਪਾਊ ਨੁਸਖ਼ੇ ਤਾਂ ਦੱਸੇ ਗਏ ਹਨ ਪਰ ਕਿਤੇ ਇਸ ਸਭ ਕਾਸੇ ਲਈ ਜ਼ਿੰਮੇਵਾਰ ਆਰਥਿਕ ਸਮਾਜਿਕ ਪ੍ਰਬੰਧ ਨੂੰ ਦੋਸ਼ ਨਹੀਂ ਦਿੱਤਾ ਗਿਆ ਹੈ।

ਸੰਸਾਰ ਪੱਧਰ 'ਤੇ ਭੁੱਖਮਰੀ ਦੇ ਅੰਕੜੇ ਇਸ ਸਮੇਂ ਸੰਸਾਰ ਦੀ 9.8% ਅਬਾਦੀ ਜਾਣੀ 83 ਕਰੋੜ ਲੋਕ ਭੁੱਖਮਰੀ ਦੇ ਸ਼ਿਕਾਰ ਹਨ। ਸੰਯੁਕਤ ਰਾਸ਼ਟਰ ਦੀ ਭੁੱਖਮਰੀ ਦੀ ਪਰਿਭਾਸ਼ਾ ਮੁਤਾਬਕ ਜੇਕਰ ਕਿਸੇ ਵਿਅਕਤੀ ਨੂੰ ਰੋਜ਼ਾਨਾ 1800 ਕੈਲਰੀ ਤੋਂ ਘੱਟ ਭੋਜਨ ਮਿਲ਼ਦਾ ਹੈ ਤਾਂ ਉਸਨੂੰ ਭੁੱਖਮਰੀ ਦਾ ਸ਼ਿਕਾਰ ਮੰਨਿਆ ਜਾਂਦਾ ਹੈ। ਲਗਭਗ 200 ਕਰੋੜ ਤੋਂ ਵੱਧ ਲੋਕ ਅਜਿਹੇ ਹਨ ਜਿਹਨਾਂ ਤੱਕ ਰੋਜ਼ਾਨਾ ਭੋਜਨ ਦੀ ਪੂਰਤੀ ਨਿਸ਼ਚਿਤ ਨਹੀਂ ਹੈ। ਹਰ 3 ਵਿੱਚੋਂ 1 ਵਿਅਕਤੀ ਨੂੰ ਸਹੀ ਮਾਤਰਾ ਵਿੱਚ ਭੋਜਨ ਉਪਲਬਧ ਨਹੀਂ ਹੈ! 300 ਕਰੋੜ ਲੋਕਾਂ ਦੀ ਆਮਦਨ ਇੰਨੀ ਨਹੀਂ ਹੈ ਕਿ ਉਹ ਪੌਸ਼ਟਿਕ ਭੋਜਨ ਜਿਸ ਵਿੱਚ ਪ੍ਰੋਟੀਨ, ਵਿਟਾਮਿਨ ਆਦਿ ਸਾਰੇ ਖੁਰਕੀ ਤੱਤ ਹੋਣ, ਉਸਨੂੰ ਖਰੀਦ ਸਕਣ। ਖਾਸਕਰ ਘੱਟ ਆਮਦਨ ਵਾਲ਼ੇ ਗਰੀਬ ਦੇਸ਼ਾਂ ਦੇ ਲੋਕਾਂ ਦੀ ਖੁਰਾਕ ਵਿੱਚ ਪ੍ਰੋਟੀਨ ਦੀ ਵਿਸ਼ੇਸ਼ ਤੌਰ 'ਤੇ ਕਮੀ ਹੈ। ਔਰਤਾਂ ਅਤੇ ਬੱਚੇ ਖਾਸ ਤੌਰ 'ਤੇ ਭੁੱਖਮਰੀ ਦਾ ਸ਼ਿਕਾਰ ਹਨ। 2020 ਵਿੱਚ 5 ਸਾਲ ਦੀ ਉਮਰ ਤੋਂ ਛੋਟੇ 15 ਕਰੋੜ ਬੱਚੇ ਭੋਜਨ ਦੀ ਘਾਟ ਕਾਰਨ ਰੁਕੇ ਹੋਏ ਸਰੀਰਕ ਵਿਕਾਸ ਤੋਂ ਪ੍ਰਭਾਵਿਤ ਸਨ। ਇਹ ਅੰਕੜੇ ਵੀ ਉਹ ਹਨ ਜੋ ਵੱਖ-ਵੱਖ ਸੰਸਥਾਵਾਂ ਵੱਲੋਂ ਦਰਜ ਕੀਤੇ ਗਏ ਹਨ। ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਅਸਲ ਅੰਕੜੇ ਇਹਨਾਂ ਤੋਂ ਵੀ ਕਿਤੇ ਵੱਧ ਭਿਆਨਕ ਹੋਣ।

ਸਾਲ 2004 ਤੋਂ ਬਾਅਦ ਸੰਸਾਰ ਪੱਧਰ 'ਤੇ ਭੋਜਨ ਜਿਣਸਾਂ ਦੀਆਂ ਕੀਮਤਾਂ ਵਿੱਚ ਲਗਾਤਾਰ ਵਾਧਾ ਦਰਜ ਕੀਤਾ ਗਿਆ ਹੈ। ਭੋਜਨ ਅਤੇ ਖੇਤੀ ਸੰਸਥਾ ਦੀ ਸੂਚੀ ਮੁਤਾਬਕ 2004 ਵਿੱਚ ਇਹ ਸੂਚਕ-ਅੰਕ 77 ਸੀ, ਜੋ 2022 ਦੀ ਅਗਸਤ ਵਿੱਚ 138 ਦੇ ਰਿਕਾਰਡ ਪੱਧਰ 'ਤੇ ਪਹੁੰਚ ਗਿਆ। ਦੂਜੇ ਪਾਸੇ ਕਿਰਤੀ ਲੋਕਾਂ ਦੀ ਆਮਦਨ ਵਿੱਚ ਕੋਈ ਖਾਸ ਵਾਧਾ ਦਰਜ ਨਹੀਂ ਕੀਤਾ ਗਿਆ ਸਗੋਂ ਮਜ਼ਦੂਰਾਂ ਦੀਆਂ ਅਸਲ ਉਜਰਤਾਂ ਲਗਾਤਾਰ ਘਟੀਆਂ ਹਨ।

ਜੇਕਰ ਘੱਟ ਆਮਦਨ ਵਾਲ਼ੇ ਦੇਸ਼ਾਂ ਦੀ ਗੱਲ ਕਰੀਏ ਤਾਂ ਇਹਨਾਂ ਦੇਸ਼ਾਂ ਵਿੱਚ ਇੱਕ ਹੋਰ ਵੱਡੀ ਸਮੱਸਿਆ ਹੈ। ਇਹਨਾ ਦੇਸ਼ਾਂ ਵਿੱਚ ਮੁੱਖ ਤੌਰ 'ਤੇ ਵਪਾਰਕ ਫਸਲਾਂ ਨੂੰ ਹੀ ਉਗਾਇਆ ਜਾਂਦਾ ਹੈ। ਇਹ ਦੇਸ਼ ਆਪਣੀ ਲੋੜ ਦਾ ਜ਼ਿਆਦਾਤਰ ਅਨਾਜ ਦੂਜੇ ਦੇਸ਼ਾਂ ਤੋਂ ਦਰਾਮਦ ਕਰਦੇ ਹਨ ਜਿਸ ਕਾਰਨ ਇਹਨਾਂ ਦੇਸ਼ਾਂ ਵਿੱਚ ਲਗਾਤਾਰ ਲੋਕਾਂ ਉੱਤੇ ਭੋਜਨ ਅਸੁਰੱਖਿਆ ਦੀ ਤਲਵਾਰ ਲਟਕਦੀ ਰਹਿੰਦੀ ਹੈ। ਇਹਨਾਂ ਦੇਸ਼ਾਂ ਉੱਤੇ ਲਗਾਤਾਰ ਸਾਮਰਾਜੀ ਦੇਸ਼ਾਂ ਵੱਲੋਂ ਇਹ ਦਬਾਅ ਬਣਾਇਆ ਜਾਂਦਾ ਹੈ ਕਿ ਉਹ ਆਪਣੀ ਜ਼ਰੂਰਤ ਦਾ ਅਨਾਜ ਦਰਾਮਦ ਕਰਨ।

ਸਾਮਰਾਜੀ ਦੇਸ਼ਾਂ ਵੱਲੋਂ ਮਨੁੱਖਤਾ 'ਤੇ ਥੋਪੀਆਂ ਗਈਆਂ ਨਿਹੱਕੀਆਂ ਜੰਗਾਂ ਵੀ ਭੁੱਖਮਰੀ ਵਧਣ ਦਾ ਇੱਕ ਕਾਰਨ ਹਨ। ਅਮਰੀਕੀ ਸਾਮਰਾਜ ਅਤੇ ਉਸਦੇ ਭਾਈਵਾਲ ਸਾਊਦੀ ਅਰਬ ਵੱਲੋਂ ਯਮਨ ਦੇ ਲੋਕਾਂ 'ਤੇ ਥੋਪੀ ਜੰਗ ਕਾਰਨ 70 ਲੱਖ ਲੋਕ ਭਿਆਨਕ ਭੁੱਖਮਰੀ ਦਾ ਸ਼ਿਕਾਰ ਹਨ। ਅਫ਼ਗਾਨਿਸਤਾਨ ਵਿੱਚ 20 ਸਾਲ ਤੋਂ ਲੰਬੀ ਜੰਗ ਤੋਂ ਬਾਅਦ ਅਮਰੀਕਾ ਨੂੰ ਸ਼ਰਮਨਾਕ ਹਾਰ ਝੱਲਦੇ ਹੋਏ ਉੱਥੋਂ ਬਾਹਰ ਨਿਕਲਣਾ ਪਿਆ, ਪਰ ਜਾਂਦੇ-ਜਾਂਦੇ ਵੀ ਅਮਰੀਕੀ ਸਾਮਰਾਜੀਆਂ ਨੇ ਅਫ਼ਗਾਨਿਸਤਾਨ ਦੇ ਕੇਂਦਰੀ ਬੈਂਕ ਦੇ 9 ਕਰੋੜ ਡਾਲਰ ਦੀ ਰਕਮ ਨੂੰ ਜਬਤ ਕਰ ਲਿਆ, ਜਿਸ ਕਾਰਨ ਹੁਣ ਉੱਥੇ ਦੀ 90% ਅਬਾਦੀ ਛੇਤੀ ਹੀ ਭੁੱਖਮਰੀ ਦਾ ਸ਼ਿਕਾਰ ਹੋ ਸਕਦੀ ਹੈ। 2022 ਵਿੱਚ ਭੋਜਨ ਵਸਤਾਂ ਦੀਆਂ ਕੀਮਤਾਂ ਵਧਣ ਦਾ ਇੱਕ ਕਾਰਨ ਰੂਸ-ਯੂਕਰੇਨ ਜੰਗ ਵੀ ਹੈ। ਇਹ ਦੋਹੇਂ ਦੇਸ਼ ਸੰਸਾਰ ਵਿੱਚ ਕੁੱਲ 30% ਕਣਕ ਦੀ ਪੂਰਤੀ ਲਈ ਜ਼ਿੰਮੇਵਾਰ ਹਨ। ਇਸ ਜੰਗ ਕਾਰਨ ਕਾਫੀ ਵੱਡੀ ਮਾਤਰਾ ਵਿੱਚ ਅਨਾਜ ਦੀ ਬਰਬਾਦੀ ਹੈ। ਇਸ ਤੋਂ ਬਿਨਾਂ ਅਮਰੀਕਾ ਅਤੇ ਉਸਦੇ ਭਾਈਵਾਲਾਂ ਵੱਲੋਂ ਰੂਸ 'ਤੇ ਲਾਈਆਂ ਪਾਬੰਦੀਆਂ ਕਾਰਨ ਰੂਸ ਵਿੱਚੋਂ ਦਰਾਮਦ ਹੁੰਦੀਆਂ ਖਾਦਾਂ, ਖੇਤੀ ਵਸਤਾਂ ਦੀਆਂ ਕੀਮਤਾਂ ਵਿੱਚ ਵੀ ਵਾਧਾ ਹੋਇਆ ਹੈ, ਜਿਸਦੀ ਮਾਰ ਆਮ ਕਿਰਤੀ ਲੋਕਾਈ ਨੂੰ ਹੀ ਝੱਲਣੀ ਪਈ ਹੈ।

ਜੇਕਰ ਇਸ ਰਿਪੋਰਟ ਦੀ ਵੀ ਗੱਲ ਕਰੀਏ ਤਾਂ ਇਸ ਵਿੱਚ ਲੋਕਾਂ ਵਿੱਚ ਫੈਲੀ ਹੋਈ ਭੁੱਖਮਰੀ ਬਾਰੇ ਤਾਂ ਗੱਲ ਕੀਤੀ ਗਈ ਹੈ, ਪਰ ਭੁੱਖਮਰੀ ਦਾ ਸੰਕਟ ਹੱਲ ਕਰਨ ਲਈ ਖੇਤੀ ਵਸਤਾਂ ਦੀ ਪੈਦਾਵਾਰ ਵਧਾਉਣ ਦਾ ਸੁਝਾਅ ਦਿੱਤਾ ਗਿਆ ਹੈ। ਪਰ ਇੱਥੇ ਸੁਆਲ ਇਹ ਹੈ ਕਿ ਭੋਜਨ ਵਸਤਾਂ ਦੀ ਪੈਦਾਵਾਰ ਪਿਛਲੇ 3 ਦਹਾਕਿਆਂ ਵਿੱਚ ਲਗਾਤਾਰ ਵਧੀ ਹੈ। ਫਿਰ ਵੀ ਲੋਕ ਭੁੱਖੇ ਕਿਉ ਮਰ ਰਹੇ ਹਨ ? ਲੋਕਾਂ ਦੀ ਅਨਾਜ ਦੀ ਮੰਗ ਨੂੰ ਪੂਰਾ ਕਰਨ ਲਈ ਘੱਟ ਆਮਦਨ ਵਾਲ਼ੇ ਦੇਸ਼ਾਂ ਵਿੱਚ ਵਪਾਰਕ ਫਸਲਾਂ ਦੀ ਥਾਂ ਅਨਾਜ ਪੈਦਾ ਕਰਨ ਦੀ ਲੋੜ ਹੈ ਪਰ ਇਹਨਾਂ ਵਿੱਚੋਂ ਜ਼ਿਆਦਾਤਰ ਦੇਸ਼ ਸਾਮਰਾਜੀ ਕਰਜ਼ਿਆਂ ਹੇਠ ਦੱਬੇ ਹੋਏ ਹਨ, ਜਿਸ ਕਾਰਨ ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਜਾਂਦਾ ਹੈ। ਇਹਨਾਂ ਸਭ ਮੁਸੀਬਤਾਂ ਦਾ ਮੂਲ ਕਾਰਨ ਇਹ ਸਰਮਾਏਦਾਰੀ ਪ੍ਰਬੰਧ ਹੈ। ਇਸ ਆਰਥਿਕ ਸਮਾਜਿਕ ਢਾਂਚੇ ਵਿੱਚ ਪੈਦਾਵਾਰ ਦਾ ਮਕਸਦ ਮੁਨਾਫ਼ਾ ਹੈ। ਸਰਮਾਏਦਾਰੀ ਵਿੱਚ ਭੋਜਨ ਸਮੇਤ ਮਨੁੱਖੀ ਵਰਤੋਂ ਦੀ ਹਰ ਚੀਜ ਇੱਕ ਜਿਣਸ ਵਿੱਚ ਤਬਦੀਲ ਹੋ ਜਾਂਦੀ ਹੈ, ਜੋ ਮਨੁੱਖਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਨਹੀਂ ਸਗੋਂ ਵਟਾਂਦਰੇ ਲਈ ਪੈਦਾ ਕੀਤੀ ਜਾਂਦੀ ਹੈ। ਇੱਕ ਮਨੁੱਖ ਨੂੰ ਜਿਉਣ ਲਈ ਇੱਕ ਦਿਨ ਵਿੱਚ ਜਿੰਨਾਂ ਭੋਜਨ ਚਾਹੀਦਾ ਹੈ ਉਸ ਤੋਂ ਵੱਧ ਇਸ ਸੰਸਾਰ ਵਿੱਚ ਪੈਦਾ ਕੀਤਾ ਜਾਂਦਾ ਹੈ। ਕੁੱਝ ਦੇਸ਼ ਤਾਂ ਆਪਣੀ ਵਾਧੂ ਭੋਜਨ ਪੈਦਾਵਾਰ ਨੂੰ ਸਮੁੰਦਰ ਵਿੱਚ ਸੁੱਟ ਦਿੰਦੇ ਹਨ ਤਾਂ ਜੋ ਭੋਜਨ ਦੀਆਂ ਕੀਮਤਾਂ ਡਿੱਗਣ ਕਾਰਨ ਉਹਨਾਂ ਦੇ ਮੁਨਾਫੇ ਨਾ ਘਟ ਜਾਣ। ਇਸ ਸਮਾਜ ਵਿੱਚ ਖਪਤਕਾਰ ਉਹੀ ਹੈ ਜਿਸ ਕੋਲ਼ ਖਰੀਦਣ ਲਈ ਪੈਸੇ ਹਨ। ਸਭ ਕੁੱਝ ਪੈਦਾ ਕਰਨ ਵਾਲ਼ੇ ਕਿਰਤੀਆਂ ਨੂੰ ਉਹਨਾਂ ਵੱਲੋਂ ਹੀ ਕੀਤੀ ਗਈ ਪੈਦਾਵਾਰ ਵਿੱਚ ਬਹੁਤ ਹੀ ਥੋੜ੍ਹਾ ਹਿੱਸਾ ਦਿੱਤਾ ਜਾਂਦਾ ਹੈ। ਪੈਦਾਵਾਰ ਦਾ ਵੱਡਾ ਹਿੱਸਾ ਮਾਲਕ ਡਕਾਰ ਜਾਂਦੇ ਹਨ। ਇਸ ਲਈ ਭੁੱਖਮਰੀ ਦੇ ਸੰਕਟ ਨੂੰ ਸਦਾ ਲਈ ਹੱਲ ਕਰਨ ਲਈ ਇਸ ਮੁਨਾਫ਼ਾ ਅਧਾਰਤ ਆਰਥਿਕ ਪ੍ਰਬੰਧ ਦਾ ਜੂਲਾ ਮਨੁੱਖਤਾ ਦੇ ਗਲੋਂ ਲਾਹ ਕੇ ਇੱਕ ਅਜਿਹੇ ਆਰਥਿਕ ਪ੍ਰਬੰਧ ਦੀ ਸਿਰਜਣਾ ਜ਼ਰੂਰੀ ਹੈ, ਜਿੱਥੇ ਪੈਦਾਵਾਰ ਦਾ ਮਕਸਦ ਮੁਨਾਫ਼ਾ ਕਮਾਉਣਾ ਨਹੀਂ, ਸਗੋਂ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਹੋਵੇ। ਅਜਿਹੇ ਸਮਾਜ ਵਿੱਚ ਹੀ ਮਨੁੱਖਤਾ ਦਾ ਸਰਵਪੱਖੀ ਵਿਕਾਸ ਸੰਭਵ ਹੋਵੇਗਾ।

**ਦਵਿੰਦਰ ਕੌਰ ਖੁਸ ਧਾਲੀਵਾਲ**


ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263



Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal health insurance



Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.



ARROW DRYWALL INC.
The Name You Can Trust
Products of Services:
• Insulation • Drywall • Taping • Texturing • Blow Insulation
ਇੰਸੂਲੇਸ਼ਨ • ਡਰਾਈਵਾਲ • ਟੇਪਿੰਗ • ਬਲੋ ਇੰਸੂਲੇਸ਼ਨ • ਟੈਕਸਚਰਿੰਗ •
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ



Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com



NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



# ‘ਸੰਮਾਂ ਵਾਲੀ ਡਾਂਗ’ ਤੇ ‘ਤੇਰੀ ਕਹਾਣੀ-ਮੇਰੀ ਕਹਾਣੀ’ ਨਾਟਕਾਂ ਦੀ ਪੇਸ਼ਕਾਰੀ ਲੋਕ ਮਨਾਂ ਉੱਪਰ ਅਮਿੱਟ ਛਾਪ ਛੱਡ ਗਈ







ਕੈਲਗਰੀ,(ਪੰਜਾਬੀ ਅਖ਼ਬਾਰ ਬਿਊਰੋ) ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਪਿਛਲੇ ਕਈ ਸਾਲਾਂ ਤੋਂ ਵਿਦੇਸ਼ਾਂ ਵਿੱਚ ਪੰਜਾਬੀ ਥੀਏਟਰ ਨੂੰ ਜਿੰਦਾ ਰੱਖਣ ਲਈ ਲਗਾਤਾਰ ਯਤਨਸ਼ੀਲ ਹਨ।ਇਸੇ ਲੜੀ ਵਿੱਚ ਇਸ ਸਾਲ ਦਾ ਤੀਜਾ ਨਾਟਕ ਸਮਾਗਮ ਐਤਵਾਰ 20, ਅਗਸਤ ਨੂੰ ਕੈਲਗਰੀ ਦੇ ਰੈਡ ਸਟੋਨ ਥੀਏਟਰ ਦੇ ਖਚਾ-ਖਚ ਭਰੇ ਹਾਲ ਵਿੱਚ ਕਰਵਾਇਆ ਗਿਆ।ਇਸ ਤੋਂ ਪਹਿਲਾਂ ਇਸੇ ਸਾਲ ਥੀਏਟਰ ਤੇ ਫਿਲਮੀ ਅਦਾਕਾਰ ਅਨੀਤਾ ਸਬਦੀਸ਼ ਅਤੇ ਫਿਰ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਤੋਂ ਲੇਖਕ, ਨਿਰਦੇਸ਼ਕ ਤੇ ਅਦਾਕਾਰ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਹੇਠ ਨਾਟਕ ਸਮਾਗਮ ਹੋਏ। ਨਾਟਕ ਸਮਾਗਮ ਦੀ ਸ਼ੁਰੂਆਤ ਸਿੱਖ ਵਿਰਸਾ ਸੰਪਾਦਕ ਸ: ਹਰਚਰਨ ਸਿੰਘ ਪ੍ਰਹਾਰ ਵੱਲੋਂ ਸਭ ਨੂੰ ਜੀ ਆਇਆਂ ਆਖ ਕੇ ਕੀਤੀ। ਸਟੇਜ ਸਕੱਤਰ ਦੀਆਂ ਸੇਵਾਵਾਂ ਨਿਭਾਉਂਦੇ ਹੋਏ ਮਾਸਟਰ ਭਜਨ ਸਿੰਘ ਨੇ ਦੋਨੋਂ ਜਥੇਬੰਦੀਆਂ ਵੱਲੋਂ ਕਰਵਾਏ ਜਾਂਦੇ ਪ੍ਰੋਗਰਾਮਾਂ ਵਿੱਚ ਪੰਜਾਬੀ ਮੀਡੀਏ ਵੱਲੋਂ ਭਰਪੂਰ ਸਹਿਯੋਗ ਲਈ ਧੰਨਵਾਦ ਕੀਤਾ।

ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਆਪਣੇ ਨਾਟਕਾਂ ਰਾਹੀਂ ਭਰਪੂਰ ਰੰਗਮੰਚ ਹਲਚਲ ਪੈਦਾ ਕਰ ਰਹੇ ਪ੍ਰਸਿੱਧ ਨਾਟਕਕਾਰ, ਨਿਰਦੇਸ਼ਕ ਤੇ ਐਕਟਰ ਡਾ। ਸਾਹਿਬ ਸਿੰਘ ਨੇ ਐਤਵਾਰ 20, ਅਗਸਤ ਨੂੰ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਤੇ ਸਿੱਖ ਵਿਰਸਾ ਇੰਟਰਨੈਸ਼ਨਲ ਦੇ ਸੱਦੇ ‘ਤੇ ਕੈਲਗਰੀ ਦੇ ਰੈਡਸਟੋਨ ਥੀਏਟਰ ਵਿੱਚ ਆਪਣੇ ਨਾਟਕਾਂ ਦੀ ਪੇਸ਼ਕਾਰੀ ਨਾਲ ਖਚਾਖਚ ਭਰੇ ਹਾਲ ਵਿਚ ਦਰਸ਼ਕਾਂ ਦੇ ਦਿਲ ਜਿੱਤ ਲਏ! ਪਹਿਲਾਂ ਉਹਨਾਂ ਨੇ ਆਪਣਾ ਮਸ਼ਹੂਰ ਨਾਟਕ “ਸੰਮਾਂ ਵਾਲੀ ਡਾਂਗ ” ਪੇਸ਼ ਕੀਤਾ। ਛੋਟੀ ਕਿਸਾਨੀ ਦੀ ਜ਼ਿੰਦਗੀ ਦੇ ਧੁਰ ਅੰਦਰ ਝਾਤ ਪਾਉਂਦਾ ਇਹ ਨਾਟਕ ਪਰਤ ਦਰ ਪਰਤ ਕਿਸਾਨੀ ਦੇ ਸੰਕਟ, ਸੰਘਰਸ਼ ਤੇ ਚੁਣੌਤੀਆਂ ਦੇ ਰੂ-ਬ-ਰੂ ਹੋਇਆ। ਪਾਤਰ ਬਖਤਾਵਰ ਸਿੰਘ ਪ੍ਰਧਾਨ ਮੰਤਰੀ ਦੀ ਕੁਰਸੀ ਨਾਲ ਸੰਵਾਦ ਰਚਾਉਂਦਿਆਂ ਐਸੀਆਂ ਗੁੱਝੀਆਂ ਰਮਜ਼ਾਂ ਛੇੜਦਾ ਹੈ ਕਿ ਦਰਸ਼ਕ ਅਸ਼-ਅਸ਼ ਕਰ ਉਠਦੇ ਹਨ। ਬਚਪਨ ਤੋਂ ਮਿੱਟੀ ਨਾਲ ਮਿੱਟੀ ਹੋਣ ਲਈ ਮਜਬੂਰ ਪਾਤਰ ਹੌਲੀ-ਹੌਲੀ ਆਪਣੇ ਪਰਿਵਾਰ ਦੀ ਕਹਾਣੀ ਖੋਲ੍ਹਦਾ ਹੈ। ਕੁਝ ਦ੍ਰਿਸ਼ ਬਹੁਤ ਹੀ ਭਾਵੁਕ ਕਰਨ ਵਾਲੇ ਸਨ, ਖਾਸ ਤੌਰ ‘ਤੇ ਕਿਸਾਨ ਦੀ ਧੀ ਦਾ ਡੋਲ਼ਾ ਤੋਰਨ ਤੋਂ ਇੱਕ ਦਿਨ ਪਹਿਲਾਂ ਜਵਾਨ ਪੁੱਤ ਦੀ ਮੌਤ ਹਰ ਰੂਹ ਨੂੰ ਝੰਜੋੜ ਗਈ। ਕਿਸਾਨ ਦਾ ਫਸਲਾਂ ਨਾਲ਼ ਧੀ ਪੁੱਤ ਵਰਗਾ ਰਿਸ਼ਤਾ ਤੇ ਭੜੋਲੇ ਖਾਲੀ ਰਹਿਣ ਦਾ ਦਰਦ ਪੇਸ਼ ਕਰਨਾ ਇਸ ਨਾਟਕ ਦੀ ਪ੍ਰਾਪਤੀ ਸੀ। ਨਾਟਕ ਦੀ ਸਕ੍ਰਿਪਟ ਬਹੁਤ ਹੀ ਜਾਨਦਾਰ ਸੀ, ਨਿਰਦੇਸ਼ਨਾ ਵਿੱਚ ਬਹੁਤ ਸੂਖਮ ਪ੍ਰਤੀਕ ਵਰਤ ਕੇ ਪ੍ਰਭਾਵ ਦੁੱਗਣਾ ਕੀਤਾ ਗਿਆ, ਮੋਢੇ ‘ਤੇ ਰੱਖੇ ਪਰਨੇ ਦਾ ਅਨੇਕਾਂ ਰੂਪ ‘ਚ ਪ੍ਰਯੋਗ ਕਮਾਲ ਸੀ ਤੇ ਡਾ। ਸਾਹਿਬ ਸਿੰਘ ਦੀ ਕੁਦਰਤੀ ਅਦਾਕਾਰੀ ਸੋਨੇ ‘ਤੇ ਸੁਹਾਗੇ ਵਾਂਗ ਸੀ।

ਦੂਜਾ ਨਾਟਕ ‘ਤੇਰੀ ਕਹਾਣੀ-ਮੇਰੀ ਕਹਾਣੀ’ ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੇ ਕਲਾਕਾਰਾਂ ਵਲੋਂ ਪੇਸ਼ ਕੀਤਾ ਗਿਆ। ਇਹ ਨਾਟਕ 18 ਦਿਨ ਦੀ ਵਰਕਸ਼ਾਪ ‘ਚ ਤਿਆਰ ਕੀਤਾ ਗਿਆ, ਜਿਸਨੂੰ ਡਾ। ਸਾਹਿਬ ਸਿੰਘ ਨੇ ਲਿਖਿਆ ਤੇ ਨਿਰਦੇਸ਼ਿਤ ਕੀਤਾ। ਵੱਖਰੇ ਅੰਦਾਜ਼ ਵਿੱਚ ਪੇਸ਼ ਕੀਤਾ ਇਹ ਨਾਟਕ ਕੈਨੇਡਾ ਵਿੱਚ ਵਸਦੇ ਪੰਜਾਬੀਆਂ ਦੀ ਗਾਥਾ ਬਿਆਨਦਾ ਹੈ। ਤਿੰਨ ਪੀੜ੍ਹੀਆਂ ਦੇ ਆਪਸੀ ਰਿਸ਼ਤੇ ਤੇ ਮੌਜੂਦਾ ਚੁਣੌਤੀਆਂ ਨੂੰ ਇੱਕ ਦਿਲਚਸਪ ਢੰਗ ਨਾਲ ਪੇਸ਼ ਕੀਤਾ ਗਿਆ।ਵਿਦੇਸ਼ੀਂ ਵਸਦੇ ਬਜ਼ੁਰਗਾਂ ਤੇ ਬੱਚਿਆਂ ਦੀ ਆਪਣੀਆਂ-ਆਪਣੀਆਂ ਸਮਝਾਂ ਦੀਆਂ ਸਮੱਸਿਆਵਾਂ ਹਨ। ਜਿਸ ਨਾਲ਼ ਵਿਦੇਸ਼ਾਂ ਵਿੱਚ ਜੰਮੇ-ਪਲ਼ੇ ਬੱਚੇ ਦੋ ਕਲਚਰਾਂ ਦੀ ਕਸ਼ਮਕਸ਼ ਦਾ ਸੰਤਾਪ ਹੰਢਾਉਂਦੇ ਹਨ। ਨੌਜਵਾਨ ਪੀੜ੍ਹੀ ਪਾਤਰਾਂ ਦੀ ਵੇਸ਼ਭੂਸ਼ਾ ਤੇ ਗੀਤ-ਸੰਗੀਤ ਦਾ ਅਹਿਮ ਹਿੱਸਾ ਰਿਹਾ। ਨਾਟਕ ਪਿੰਜਰਿਆਂ ਤੋਂ ਆਜ਼ਾਦੀ ਪ੍ਰਾਪਤ ਕਰਨ ਦਾ ਸੰਦੇਸ਼ ਏਨੇ ਖੂਬਸੂਰਤ ਤਰੀਕੇ ਨਾਲ ਦਰਸ਼ਕਾਂ ਤੱਕ ਪਹੁੰਚਾਉਂਦਾ ਹੈ ਕਿ ਦਰਸ਼ਕ ਝੁਣਝੁਣੀ ਮਹਿਸੂਸ ਕਰਦੇ ਹਨ। ਇਸ ਨਾਟਕ ਵਿੱਚ ਅਨੇਕਾਂ ਮਹੱਤਵਪੂਰਣ ਤੇ ਤਿੱਖੇ ਸਵਾਲ ਪੈਦਾ ਕੀਤੇ ਗਏ ਹਨ। ਕਲਾਕਾਰਾਂ ਵਿੱਚ ਕਮਲ ਪੰਧੇਰ, ਨਵਕਿਰਨ ਢੁੱਡੀਕੇ, ਹਰਪ੍ਰੀਤ ਕੌਰ, ਸੰਦੀਪ ਗਿੱਲ, ਜੱਸ ਲੰਮੇ, ਪਰਮਜੀਤ ਕੌਰ, ਕਮਲ ਸਿੱਧੂ, ਬੌਬੀ ਢਿੱਲੋਂ, ਜਸਕਰਨ, ਸਨੀ, ਸੁਖਮਨੀ, ਮੰਨਤ, ਇਨਾਇਤ ਤੇ ਸਾਹਿਬ ਸਿੰਘ ਨੇ ਆਪੋ ਆਪਣੀਆਂ ਭੂਮਿਕਾਵਾਂ ਸ਼ਾਨਦਾਰ ਤਰੀਕੇ ਨਾਲ ਨਿਭਾਈਆਂ। ਅਜਿਹੇ ਨਾਟਕ ਵਕਤ ਦੀ ਲੋੜ ਹਨ, ਇਹਨਾਂ ਕਲਾਕਾਰਾਂ ਨੇ ਇੱਕ ਨਵਾਂ ਇਤਿਹਾਸ ਸਿਰਜਿਆ ਹੈ। ਕੈਲਗਰੀ ਦੇ ਦਰਸ਼ਕ ਚਿਰਾਂ ਤੱਕ ਦੋਵੇਂ ਨਾਟਕਾਂ ਨੂੰ ਯਾਦ ਕਰਨਗੇ। ਅਜਿਹੇ ਨਾਟਕ ਵਕਤ ਦੀ ਲੋੜ ਹਨ ਜਾਂ ਇਹਨਾਂ ਕਲਾਕਾਰਾਂ ਨੇ ਇੱਕ ਨਵਾਂ ਇਤਿਹਾਸ ਸਿਰਜਿਆ ਹੈ,ਨਾਟਕਾਂ ਦੀ ਸਮਾਪਤੀ ਉਪਰੰਤ ਹਾਲ ਵਿੱਚੋਂ ਨਿਕਲਦੇ ਦਰਸਕਾਂ ਦੇ ਮੂੰਹੋਂ ਇਹ ਗੱਲਾਂ ਨਿਕਲਣੀਆਂ ਅੱਜ ਦੇ ਇਸ ਸਮਾਗਮ ਦੀ ਸਫਲਤਾ ਉੱਪਰ ਮੋਹਰ ਲਗਾ ਗਈਆਂ

# ਕਬੱਡੀ ਖੇਡ ਦੇ ਇਤਿਹਾਸ ‘ਚ ਪਲੇਠਾ ਕੈਲੰਡਰ ਰਿਲੀਜ਼

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕਬੱਡੀ ਖੇਡ ਦੇ ਇਤਿਹਾਸ ‘ਚ ਡਾ: ਸੁਖਦਰਸ਼ਨ ਸਿੰਘ ਚਹਿਲ ਵੱਲੋਂ ਤਿਆਰ ਕੀਤਾ ਗਿਆ ਪਲੇਠਾ ਕੈਲੰਡਰ ਕੈਲਗਰੀ ਦੇ ਮਿੰਟ ਲੀਫ ਰੈਸਟੋਰੈਂਟ ਵਿਖੇ ਨਾਮੀ ਖੇਡ ਸ਼ਖਸ਼ੀਅਤਾਂ ਵੱਲੋਂ ਰਿਲੀਜ਼ ਕੀਤਾ ਗਿਆ। ਯੂਨਾਈਟਡ ਬੀਸੀ ਫਰੈਂਡਜ਼ ਕਲੱਬ ਕੈਲਗਰੀ ਵੱਲੋਂ ਕਰਵਾਏ ਗਏ ਇਸ ਕੈਲੰਡਰ ਰਿਲੀਜ਼ ਸਮਾਗਮ ‘ਚ ਕਬੱਡੀ ਤੇ ਪੱਤਰਕਾਰੀ ਨਾਲ ਜੁੜੀਆਂ ਬਹੁਤ ਸਾਰੀਆਂ ਸ਼ਖਸ਼ੀਅਤਾਂ ਨੇ ਸ਼ਮੂਲੀਅਤ ਕੀਤੀ। ਕੈਲੰਡਰ ਰਿਲੀਜ਼ ਕਰਨ ਦੀ ਰਸਮ ਮੇਜਰ ਸਿੰਘ ਬਰਾੜ, ਜਸਪਾਲ ਸਿੰਘ ਭੰਡਾਲ, ਕਰਮਪਾਲ ਸਿੱਧੂ ਲੰਡੇਕੇ, ਗੁਰਲਾਲ ਮਾਣੂਕੇ ਗਿੱਲ, ਪ੍ਰੋ: ਮੱਖਣ ਸਿੰਘ ਹਕੀਮਪੁਰ, ਨਾਮਵਰ ਟੀਵੀ ਪੱਤਰਕਾਰ ਪਰਮਵੀਰ ਬਾਠ, ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਹਰਬੰਸ ਬੁੱਟਰ ਤੇ ਜਸਜੀਤ ਧਾਮੀ, ਜਸਵੰਤ ਖੜਗ, ਰਮਨ ਚਾਹਲ, ਜਸਕੀਰਤ ਸਿੰਘ ਬਰਾੜ, ਮਨਪ੍ਰੀਤ ਥਿੰਦ, ਸਵਰਨ ਸਿੱਧੂ, ਤਰਸੇਮ ਭਿੰਡਰ, ਕਬੱਡੀ ਕੁਮੈਂਟੇਟਰ ਕਾਲਾ ਰਛੀਨ ਤੇ ਮੱਖਣ ਅਲੀ ਨੇ ਕੈਲੰਡਰ ਰਿਲੀਜ਼ ਕਰਨ ਦੀ ਰਸਮ ਅਦਾ ਕੀਤੀ। ਦੱਸਣਯੋਗ ਹੈ ਕਿ 28 ਸਫੇ ਦੇ



ਡਾ: ਸੁਖਦਰਸ਼ਨ ਸਿੰਘ ਚਹਿਲ ਦੁਆਰਾ ਤਿਆਰ ਕੀਤਾ ਕਬੱਡੀ ਨਾਲ ਸਬੰਧਤ ਪਲੇਠਾ ਕੈਲੰਡਰ ਰਿਲੀਜ਼ ਕਰਦੇ ਹੋਏ ਮੇਜਰ ਬਰਾੜ ਭਲੂਰ, ਜਸਪਾਲ ਭੰਡਾਲ, ਕਰਮਪਾਲ ਸਿੱਧੂ, ਪ੍ਰੋ: ਮੱਖਣ ਸਿੰਘ ਤੇ ਹੋਰ ਸ਼ਖਸ਼ੀਅਤਾਂ।

ਇਸ 2024 ਦੇ ਕੈਲੰਡਰ ‘ਚ ਜਿੱਥੇ ਕੈਨੇਡਾ ਦੇ ਕਬੱਡੀ ਸੀਜ਼ਨ ਦੌਰਾਨ ਖਿੱਚੀਆਂ ਐਕਸ਼ਨ ਤਸਵੀਰਾਂ ਲਗਾਈਆਂ ਗਈਆਂ ਹਨ ਉੱਥੇ ਕੈਨੇਡਾ ਦੀ ਕਬੱਡੀ ਨਾਲ ਸਬੰਧਤ ਜਾਣਕਾਰੀ ਵੀ ਦਿੱਤੀ ਗਈ ਹੈ।ਇਸ ਮੌਕੇ ਮੇਜਰ ਸਿੰਘ ਭਲੂਰ ਨੇ ਕਿਹਾ ਕਿ ਕਬੱਡੀ ਦੇ ਖੇਤਰ ‘ਚ ਕੈਲੰਡਰ ਬਣਾਉਣ ਦੀ ਪਹਿਲਕਦਮੀ ਡਾ: ਸੁਖਦਰਸ਼ਨ ਸਿੰਘ ਚਹਿਲ ਦੀਆਂ ਇਸ ਖੇਡ ਪ੍ਰਤੀ ਸੇਵਾਵਾਂ ‘ਚ ਨਵਾਂ ਪੰਨਾ ਜੋੜ ਗਿਆ ਹੈ। ਜਸਪਾਲ ਸਿੰਘ ਭੰਡਾਲ ਨੇ ਕਿਹਾ ਕਿ ਕਬੱਡੀ ਦੇ ਖੇਤਰ ‘ਚ ਅਜਿਹੀਆਂ ਪਹਿਲਕਦਮੀਆਂ ਦੀ ਬਹੁਤ ਲੋੜ ਹੈ ਜਿਸ ਸਦਕਾ ਸਾਡੇ ਖਿਡਾਰੀ, ਨਵੀਂ ਪੀੜ੍ਹੀ ਲਈ ਪ੍ਰੇਰਨਾਸ੍ਰੋਤ ਬਣ ਸਕਣ। ਪ੍ਰੋ। ਮੱਖਣ ਸਿੰਘ ਹਕੀਮਪੁਰ ਨੇ ਕਿਹਾ ਕਿ ਡਾ: ਚਹਿਲ ਜਿੱਥੇ ਕਬੱਡੀ ਨਾਲ ਸਬੰਧਤ ਦਰਜ਼ਨ ਦੇ ਕਰੀਬ ਪੁਸਤਕਾਂ ਦੇ 10 ਦੇ ਕਰੀਬ ਕਬੱਡੀ ਨਾਲ ਸਬੰਧਤ ਰਸਾਲੇ ਸਿਰਜ ਚੁੱਕੇ ਹਨ, ਉੱਥੇ ਕੈਲੰਡਰ ਦੀ ਸਿਰਜਣਾ ਉਨ੍ਹਾਂ ਦੀ ਪੱਤਰਕਾਰੀ ਨੂੰ ਨਵੇਂ ਮਿਆਰ ‘ਤੇ ਲੈ ਕੇ ਜਾਵੇਗਾ। ਪੰਜਾਬੀ ਅਖ਼ਬਾਰ ਦੇ ਮੁੱਖ ਸੰਪਾਦਕ ਹਰਬੰਸ ਬੁੱਟਰ ਨੇ ਕਿਹਾ ਕਿ ਅਜਿਹੀਆਂ ਕਲਾ-ਕ੍ਰਿਤਾਂ ਜਦੋਂ ਘਰਾਂ ‘ਚ ਸਜਣਗੀਆਂ ਤਾਂ ਆਪਣੇ-ਆਪ ਹੀ ਬੱਚੇ ਖੇਡਾਂ ‘ਚ ਭਾਗ ਲੈਣ ਲਈ ਆਕਰਸ਼ਤ ਹੋਣਗੇ। ਇਸ ਲਈ ਇਹ ਉੱਦਮ ਸ਼ਲਾਘਾਯੋਗ ਹੈ। ਪੱਤਰਕਾਰ ਪਰਮਬੀਰ ਬਾਠ ਨੇ ਕਿਹਾ ਕਿ ਕਬੱਡੀ ਦੇ ਖੇਤਰ ‘ਚ ਨਿੱਗਰ ਉਪਰਾਲਾ ਨਵੀਂ ਪਹਿਲਕਦਮੀ ਹੈ ਅਤੇ ਅਜੋਕੇ ਸਮੇਂ ਦੇ ਹਾਣਦਾ ਉੱਦਮ ਹੈ। ਅਖੀਰ ਵਿੱਚ ਡਾ: ਸੁਖਦਰਸ਼ਨ ਸਿੰਘ ਚਹਿਲ ਨੇ ਕਲੱਬ ਤੇ ਸਮਾਗਮ ‘ਚ ਪੁੱਜੀਆ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਵਿਨੀਪੈੱਗ ਕਬੱਡੀ ਐਸੋਸੀਏਸ਼ਨ ਦੇ ਸੰਚਾਲਕ ਮਿੱਠੂ ਬਰਾੜ ਤੇ ਗੁਰਪ੍ਰੀਤ ਖਹਿਰਾ, ਯੂਨਾਈਟਡ ਬੀਸੀ ਫਰੈਂਡਜ਼ ਕਲੱਬ ਕੈਲਗਰੀ ਗੈਰੀ ਗਿੱਲ, ਰਫੀਹ ਬਾਰੀ ਤੇ ਹਰੋਨ ਇਵਾਜ਼, ਵਿਨੀਪੈੱਗ ਤੋਂ ਕਬੱਡੀ ਪ੍ਰਮੋਟਰ ਰਵੀ ਚਹਿਲ, ਹਾਰਡੀ ਗਿੱਲ ਡਾਲਾ ਤੇ ਜਸਪ੍ਰੀਤ ਸਿੰਘ ਢਿੱਲੋਂ, ਖੇਡ ਪ੍ਰਮੋਟਰ ਭਜਨ ਸਿੰਘ ਜੌਹਲ, ਗੈਰੀ ਭੰਡਾਲ, ਸ਼ੇਰ ਸਿੰਘ ਮਰੋਕ, ਉਂਕਾਰ ਸਿੰਘ ਔਜਲਾ, ਰਣਜੀਤ ਸਿੰਘ ਵਿਰਕ, ਰਮਨ ਚਾਹਲ, ਚਾਰਲੀ ਸੰਘਾ, ਪਰਮਿੰਦਰ ਸਿੰਘ, ਪਿੰਦਰ ਅਤੇ ਇੰਦਰ ਬਰਾੜ, ਰਾਜਦੀਪ ਅਤੇ ਹਰਦੀਪ ਸਿੰਘ, ਸੁਖਮਨ ਜੌਹਲ, ਗੁਰਬੀਰ ਸਿੰਘ ਰਣਦੇਵ, ਗੁਰਪ੍ਰੀਤ ਸੰਧੂ, ਗੁਰਪ੍ਰੀਤ ਸੰਘਾ, ਭੁਪਿੰਦਰ ਗਿੱਲ, ਰੈਬਲ ਟੀਵੋਲਡ, ਪਾਰੁਲ, ਸੁੱਖੀ, ਰਣੀ ਦੂਹਰਾ ਆਦਿ ਹਾਜ਼ਰ ਸਨ।

# 97 ਸਾਲਾ ਬਜ਼ੁਰਗ ਚੌਧਰੀ ਸਾਹਿਬ ਦਾ ਐਮ ਪੀ ਜਸਰਾਜ ਹੱਲਣ ਵੱਲੋਂ ਸਨਮਾਨ ਕੀਤਾ ਗਿਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਵਿਖੇ ਬਜੁਰਗਾਂ ਦੀ ਆਪਣੀ ਸੰਸਥਾ ਇੰਕਾ ਸੀਨੀਅਰਜ ਸਿਟੀਜਨ ਸੋਸਾਇਟੀ ਵਾਲਿਆਂ ਨੇ ਅਗਸਤ ਮਹੀਨੇ ਦੌਰਾਨ ਜਨਮ ਲੈਣ ਵਾਲੇ ਆਪਣੇ ਮੈਂਬਰਾਂ ਦੇ ਜਨਮ ਦਿਨ ਮਨਾਏ। ਇਸ ਮੌਕੇ ਮੈਂਬਰ ਪਾਰਲੀਮੈਂਟ ਜਸਰਾਜ ਹੱਲਣ ਨੇ ਵੀ ਵਿਸ਼ੇਸ਼ ਤੌਰ ਤੇ ਹਾਜਿਰੀ ਭਰੀ। ਉਹਨਾਂ ਨੇ ਇੰਕਾ ਸੰਸਥਾ ਦੇ ਸਭ ਤੋਂ ਵੱਡੀ ਉਮਰ ਦੇ ਬਜੁਰਗ 97 ਸਾਲਾ ਚੌਧਰੀ ਸਾਹਿਬ ਨੂੰ ਵਿਸ਼ੇਸ਼ ਮਾਣ ਪੱਤਰ ਦੇਕੇ ਉਹਨਾਂ ਦੀਆਂ ਕਨੇਡੀਅਨ ਸਮਾਜ ਪ੍ਰਤੀ ਕੀਤੀਆਂ ਸੇਵਾਵਾਂ ਬਦਲੇ ਸਨਮਾਨਿਤ ਵੀ ਕੀਤਾ। ਉਹਨਾਂ ਕਿਹਾ ਕਿ ਸਾਡੇ ਬਜੁਰਗਾਂ ਨੇ ਕਨੇਡਾ ਲਈ ਬਹੁਤ ਕੰਮ ਕੀਤਾ ਹੈ ਹੁਣ ਸਾਡੀ ਵਾਰੀ ਹੈ ਕਿ ਇਸ ਮਹਿੰਗਾਈ ਦੇ ਜ਼ਮਾਨੇ ਵਿੱਚ ਅਸੀਂ ਉਹਨਾਂ ਦੀ ਬਾਂਹ ਫੜੀਏ। ਭਵਿੱਖ ਵਿੱਚ ਜੇਕਰ ਉਹਨਾਂ ਦੀ ਪਾਰਟੀ ਦੀ ਸਰਕਾਰ ਸਤਾ ਵਿੱਚ ਆਉਂਦੀ ਹੈ ਤਾਂ ਉਹ ਬਜੁਰਗਾਂ ਦੀਆਂ ਸਮੱਸਿਆਵਾਂ ਵੱਲ ਵਿਸ਼ੇਸ਼ ਧਿਆਨ ਦੇਣਗੇ। ਗਲੋਬਲ ਪ੍ਰਵਾਸੀ ਸੰਸਥਾ ਦੇ ਸੰਸਥਾਪਕ ਸੱਤਪਾਲ ਕੌਸ਼ਿਲ ਨੇ ਬਜੁਰਗਾਂ ਦੀਆਂ ਲੋੜਾਂ ਦੀ ਪੂਰਤੀ ਲਈ ਰਾਜਨੀਤਕ ਲੀਡਰਾਂ ਨੂੰ ਘੇਰਨ ਦੀ ਗੱਲ ਆਖੀ। ਸਕੱਤਰ ਮੇਜਰ ਸਿੰਘ ਨੇ ਸੰਸਥਾ ਦੀ ਸ਼ੋਭਾ ਵਿੱਚ ਇੱਕ ਕਵਿਤਾ ਪੜੀ।ਨੇ ਸੰਸਥਾ ਦੇ ਪ੍ਰਧਾਨ ਮੋਤਾ ਸਿੰਘ ,ਬਿੱਕਰ ਸਿੰਘ ਸੰਧੂ ਅਤੇ ਸੰਸਥਾ ਦੇ ਹੋਰ ਮੈਂਬਰਾਂ ਨੇ ਵੀ ਮੰਚ ਉਪਰੋਂ ਚੌਧਰੀ ਸਾਹਿਬ ਅਤੇ ਬਾਕੀ ਮੈਂਬਰਾਂ ਨੂੰ ਜਨਮ ਦਿਨ ਦੀਆਂ ਵਧਾਈਆਂ ਦਿੱਤੀਆਂ ਅਤੇ ਉਹਨਾਂ ਦੀ ਲੰਮੀ ਉਮਰ ਦੀ ਕਾਮਨਾ ਕੀਤੀ।




# ਲੇਖਿਕਾ ਬਲਰਾਜ ਧਾਰੀਵਾਲ ਵੱਲੋਂ ਬੱਚਿਆਂ ਨੂੰ ਪੁਸਤਕਾਂ ਭੇਂਟ ਕੀਤੀ ਗਈਆਂ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਸ਼ਹਿਰ ਰੀਜਾਈਨਾ ਵਿਖੇ ਅੰਮ੍ਰਿਤਸਰ ਤੋਂ ਆਪਣੀ ਬੇਟੀ ਕੰਵਲ ਪੁਨੀਤ ਕੌਰ ਕੋਲ ਆਏ ਹੋਏ,ਉੱਘੀ ਬਾਲ-ਸਾਹਿਤ ਲੇਖਿਕਾ ਅਤੇ ਸਮਰੱਥਾਵਾਨ ਅਨੁਵਾਦਿਕਾ ਸ੍ਰੀਮਤੀ ਬਲਰਾਜ ਧਾਰੀਵਾਲ ਨੇ,ਮੁੱਖ ਅਧਿਆਪਕਾ ਸ੍ਰੀਮਤੀ ਇੰਦਰਜੀਤ ਕੌਰ ਦੀ ਨਿਗਰਾਨੀ ਹੇਠ ਸਥਾਨਕ ਗੁਰਦੁਆਰਾ ਸਾਹਿਬ ਵਿਖੇ ਚੱਲ ਰਹੇ ਪੰਜਾਬੀ ਸਕੂਲ ਦੇ ਨੰਨ੍ਹੇ-ਮੁੰਨੇ ਬੱਚਿਆਂ ਨੂੰ ਆਪਣੀਆਂ ਮੌਲਿਕ ਅਤੇ ਅਨੁਵਾਦਿਤ ਪੁਸਤਕਾਂ ਭੇਂਟ ਕੀਤੀਆਂ। ਲੇਖਿਕਾ ਦੇ ਪਤੀ ਡਾ: ਕਸ਼ਮੀਰ ਸਿੰਘ ਨੇ ਧਾਰੀਵਾਲ ਜੀ ਦੀ ਬਹੁਤ ਹੀ ਸਰਲ ਸ਼ਬਦਾਂ ਵਿੱਚ ਬੱਚਿਆਂ ਨਾਲ ਜਾਣ-ਪਛਾਣ ਕਰਵਾਈ। ਉਹਨਾਂ ਨੇ ਦੱਸਿਆ ਕਿ ਸ੍ਰੀਮਤੀ ਧਾਰੀਵਾਲ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਜਿਹੇ ਸਾਕਾਰਾਤਮਕ ਉਪਰਾਲੇ ਕਰਦੇ ਹੀ ਰਹਿੰਦੇ ਹਨ। ਲੇਖਿਕਾ ਦੇ ਇਸ ਉੱਦਮ ਨੂੰ ਮੁੱਖ ਰੱਖ ਕੇ 'ਸਾਹਿਤ ਤੇ ਕਲਾਮੰਚ' ਰੀਜਾਈਨਾ ਦੇ ਅਹੁਦੇਦਾਰਾਂ-ਬਹੁਪੱਖੀ ਲੇਖਕ ਬਿਕਰਮਜੀਤ ਨੂਰ,ਸਮਾਜ-ਸੇਵੀ ਭਜਨ ਸਿੰਘ ਬਰਾੜ,ਉਜਾਗਰ ਸਿੰਘ ਦਿੱਲੀ,ਕਰਮਜੀਤ ਸਿੰਘ ਪਟਿਆਲਾ,ਕੁਲਦੀਪ ਸਿੰਘ ਮੋਹੀ ਤੇ ਰਛਪਾਲ ਸਿੰਘ ਨੇ ਵਧਾਈ ਦਿੱਤੀ। ਇਸ ਮੌਕੇ 'ਤੇ ਅਧਿਆਪਕਾ ਸ੍ਰੀਮਤੀ ਪੂਨਮ ,ਸ੍ਰੀਮਤੀ ਗੁਰਪ੍ਰੀਤ ਕੌਰ,ਕੇਂਦਰੀ ਲਾਇਬ੍ਰੇਰੀ ਵੀ ਹਾਜ਼ਰ ਸਨ। ਸ੍ਰੀਮਤੀ ਬਲਰਾਜ ਧਾਰੀਵਾਲ ਨੇ ਵੀ ਵਿਚਾਰ ਰੱਖੇ। ਡਾ।ਕਸ਼ਮੀਰ ਸਿੰਘ ਨੇ ਸਭਨਾਂ ਦਾ ਧੰਨਵਾਦ ਕੀਤਾ।

# ਇਰਾਨ ਤੇ ਸਾਊਦੀ ਅਰਬ ਵੀ ਬਰਿੱਕਸ ਆਰਥਿਕ ਬਲਾਕ ਵਿੱਚ ਸ਼ਾਮਲ ਹੋਣਗੇ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਇਰਾਨ ਤੇ ਸਾਊਦੀ ਅਰਬ ਵੀ ਹੁਣ ਉਨ੍ਹਾਂ ਦੇਸ਼ਾਂ ਵਿੱਚ ਸ਼ੁਮਾਰ ਹੋ ਗਏ ਹਨ ਜਿਹੜੇ ਅਗਲੇ ਸਾਲ ਬ੍ਰਿੱਕਸ ਆਰਥਿਕ ਬਲਾਕ ਵਿੱਚ ਸ਼ਾਮਲ ਹੋ ਜਾਣਗੇ। ਬਰਿਕਸ ਸਮੂਹ ਨੇ ਦੱਖਣੀ ਅਫ਼ਰੀਕਾ ਦੇ ਜੋਹਾਨਸਬਰਗ 'ਚ ਇਹ ਐਲਾਨ ਕੀਤਾ ਕਿ ਛੇ ਦੇਸ਼ ਮਿਸਰ, ਇਥੋਪੀਆ, ਇਰਾਨ, ਅਰਜਨਟੀਨਾ, ਯੂਏਈ ਅਤੇ ਸਾਊਦੀ ਅਰਬ ਨੂੰ ਫੁੱਲ ਟਾਈਮ ਮੈਂਬਰ ਵੱਜੋਂ ਸ਼ਾਮਲ ਕੀਤਾ ਜਾਵੇਗਾ। ਦੱਖਣੀ ਅਫ਼ਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਨੇ ਬਰਿਕਸ ਸੰਮੇਲਨ 'ਚ ਇਹ ਐਲਾਨ ਕੀਤਾ। ਇਹ ਮੈਂਬਰਸ਼ਿਪ 1 ਜਨਵਰੀ, 2024 ਤੋਂ ਲਾਗੂ ਹੋਵੇਗੀ। ਜ਼ਿਕਰਯੋਗ ਹੈ ਕਿ ਬ੍ਰਿੱਕਸ ਨੂੰ 2009 ਵਿੱਚ ਕਾਇਮ ਕੀਤਾ ਗਿਆ ਸੀ। ਇਸ ਨੂੰ ਮਾਰਕਿਟ ਦੇ ਉੱਭਰ ਰਹੇ ਅਰਥਚਾਰਿਆਂ ਦੇ ਗਰੁੱਪ ਵੱਜੋਂ ਕਾਇਮ ਕੀਤਾ ਗਿਆ ਸੀ ਤੇ ਇਹ ਵਿਕਾਸਸ਼ੀਲ ਦੇਸ਼ਾਂ ਦੀ ਵਧੇਰੇ ਨੁਮਾਇੰਦਗੀ ਦੀ ਆਵਾਜ਼ ਬਣ ਚੁੱਕਿਆ ਹੈ। ਹੁਣ ਤੱਕ ਬ੍ਰਿੱਕਸ ਵਿੱਚ ਬ੍ਰਾਜ਼ੀਲ, ਰੂਸ, ਭਾਰਤ, ਚੀਨ ਤੇ ਸਾਊਥ ਅਫਰੀਕਾ ਸ਼ਾਮਲ ਸਨ ਤੇ ਇਹ ਦੁਨੀਆ ਦੀ ਆਬਾਦੀ ਦਾ 40 ਫੀ ਸਦੀ ਤੇ ਦੁਨੀਆ ਦੇ ਕੁੱਲ ਘਰੇਲੂ ਉਤਪਾਦ ਦੇ ਇੱਕ ਤਿਹਾਈ ਤੋਂ ਵਧੇਰੇ ਉੱਤੇ ਕਾਬਜ ਹਨ। ਹਾਲਾਂਕਿ ਨਵੇਂ ਮੈਂਬਰਾਂ ਨਾਲ ਇਸ ਵਿੱਚ ਵਾਧਾ ਹੋਵੇਗਾ, ਇਨ੍ਹਾਂ ਵਿੱਚ ਦੁਨੀਆਂ ਦੇ ਤਿੰਨ ਸਭ ਤੋਂ ਵੱਡੇ ਤੇਲ ਉਤਪਾਦਕ ਮੁਲਕ ਸਾਊਦੀ ਅਰਬ, ਸੰਯੁਕਤ ਅਰਬ ਅਮੀਰਾਤ ਤੇ ਇਰਾਨ ਸ਼ਾਮਲ ਹੋਣਗੇ। ਇਸੇ ਦੌਰਾਨ ਬਰਿਕਸ ਮੁਲਕਾਂ ਦੇ ਆਗੂਆਂ ਨੇ ਐਲਾਨਨਾਮਾ ਜਾਰੀ ਕਰਦਿਆਂ ਅਤਿਵਾਦ ਦਾ ਮੁਕਾਬਲਾ ਕਰਨ, ਕੋਵਿਡ-19 ਮਗਰੋਂ ਆਰਥਿਕ ਬਹਾਲੀ ਲਈ ਕੰਮ ਕਰਨ ਦਾ ਅਹਿਦ ਲਿਆ ਅਤੇ ਯੂਕਰੇਨ ਸੰਘਰਸ਼ ਨੂੰ ਖਤਮ ਕਰਨ ਲਈ ਸਾਲਸੀ ਦੀਆਂ ਤਜਵੀਜ਼ਾਂ ਦੀ ਸ਼ਲਾਘਾ ਕੀਤੀ।

## ਮਹਿੰਗਾਈ ਕਾਰਨ ਸਕੂਲਾਂ 'ਚ ਪਰਤ ਰਹੇ ਬੱਚਿਆਂ ਦੇ ਮਾਪੇ ਕਟੌਤੀ ਲਈ ਮਜਬੂਰ ਹੋ ਗਏ ਹਨ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਵਿੱਚ ਵਧੀ ਹੋਈ ਮਹਿੰਗਾਈ ਨੇ ਜ਼ਿੰਦਗੀ ਦੇ ਹਰੇਕ ਖੇਤਰ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਇੱਕ ਪਾਸੇ ਜਿੱਥੇ ਲੋਕ ਗਰੋਸਰੀ ਦੀਆਂ ਵਧੀਆਂ ਹੋਈਆਂ ਕੀਮਤਾਂ ਕਾਰਨ ਆਪਣੇ ਖਾਣ-ਪੀਣ ਦੀਆਂ ਆਦਤਾਂ ਵਿਚ ਤਬਦੀਲੀਆਂ ਕਰ ਰਹੇ ਹਨ ਤਾਂ ਹੁਣ ਛੁੱਟੀਆਂ ਤੋਂ ਬਾਅਦ ਸ਼ੁਰੂ ਹੋਣ ਜਾ ਰਹੇ ਵਿਦਿਅਕ ਸੈਸ਼ਨ ਲਈ ਵੀ ਮਾਪੇ ਚਿੰਤਤ ਨਜ਼ਰ ਆ ਰਹੇ ਹਨ। ਜਿਸ ਉੱਪਰ ਚਲਦਿਆਂ ਉਹਨਾਂ ਨੂੰ ਆਪਣੇ ਬੱਚਿਆਂ ਦੀਆਂ ਲੋੜਾਂ ਅਤੇ ਖਾਹਿਸ਼ਾਂ ਉੱਪਰ ਕਟੌਤੀ ਕਰਨੀ ਪੈ ਰਹੀ ਹੈ। ਜਦੋਂ ਗਰੋਸਰੀ ਅਤੇ ਘਰਾਂ ਦੀਆਂ ਵਦੀਆਂ ਹੋਈਆਂ ਕੀਮਤਾਂ ਕਾਰਨ ਆਮ ਲੋਕਾਂ ਦਾ ਜੀਣਾ ਮੁਹਾਲ ਹੋਇਆ ਪਿਆ ਹੈ ਤਾਂ ਮੈਟਰੋ ਵੈਨਕੂਵਰ ਦੇ ਲੋਕਾਂ ਨੂੰ ਵਾਧੂ ਆਰਥਿਕ ਬੋਝ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਿਉਂਕਿ ਮੈਟਰੋ ਵੈਨਕੂਵਰ ਵਿੱਚ ਗੈਸ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ

# ਡਬਲਿਊ ਐਫ ਜੀ ਨੇ ਕੈਲਗਰੀ ਵਿਖੇ ਆਪਣਾ ਦਫਤਰ ਖੋਲਿਆ







ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਇੰਸੋਰੈਂਸ ਦੇ ਖੇਤਰ ਵਿੱਚ ਨਾਮਵਰ ਕੰਪਨੀ ਵਰਲਡ ਫਾਈਨੈਂਸੀਅਲ ਗਰੁੱਪ ਨੇ ਹੁਣ ਆਪਣਾ ਨਵਾਂ ਦਫਤਰ ਕੈਲਗਰੀ ਵਿਖੇ ਵੀ ਖੋਲ ਦਿੱਤਾ ਹੈ । ਉਦਘਾਟਨੀ ਸਮਾਗਮ ਮੌਕੇ ਡਬਲਿਊ ਐਫ ਜੀ ਦੇ ਰਾਜਾ ਧਾਲੀਵਾਲ,ਐਲ ਏ ਇਰਫਾਨ ਸਾਬਿਰ, ਐਮ ਐਲ ਏ ਪਰਮੀਤ ਸਿੰਘ ਬੋਪਾਰਾਇ , ਭੋਲਾ ਸਿੰਘ ਚੌਹਾਨ, ਗੁਰਜੀਤ ਜੱਸੀ,ਗੁਰਮੇਲ ਸਿੰਘ, ਗੌਤਮ ਸੇਵੜਾ,ਜਸਵੀਰ ਚੌਹਾਨ, ਗੈਰੀ ਅਜਨਾਲਾ,ਡਾਕਟਰ ਜੈਗ ਆਨੰਦ, ਅਤੇ ਗੁਰਮੀਤ ਸਿੰਘ ਨੇ ਵਿਸ਼ੇਸ਼ ਤੌਰ ਤੇ ਹਾਜਿਰੀ ਭਰੀ। 32 ਐਵਨਿਊ 19 ਸਟਰੀਟ ਨਾਰਥ ਈਸਟ ਉੱਪਰ ਸਥਿੱਤ ਵੱਡ ਆਕਾਰੀ ਬਿਲਡਿੰਗ ਵਿੱਚ 20-25 ਦੇ ਕਰੀਬ ਵੱਖੋ ਵੱਖ ਭਾਈਚਾਰਿਆਂ ਦੀ ਬੋਲੀ ਬੋਲਣ ਵਾਲੇ ਨੁਮਾਇੰਦਿਆਂ ਦੇ ਦਫਤਰ ਮੌਜੂਦ ਹਨ । ਭੋਲਾ ਸਿੰਘ ਚੌਹਾਨ ਅਤੇ ਗੁਰਜੀਤ ਜੱਸੀ ਹੋਰਾਂ ਦਾ ਦਫਤਰ ਵੀ ਇਸ ਬਿਲਡਿੰਗ ਵਿੱਚ ਮੌਜੂਦ ਹੈ ਜਿੱਥੋਂ ਤੁਸੀਂ ਹੁਣ ਇੰਸੋਰੈਂਸ ਦੀਆਂ ਸੇਵਾਵਾਂ ਲੈ ਸਕੋਗੇ।







# ਗਾਇਕ ਦੀਪ ਢਿੱਲੋਂ 'ਤੇ ਜੈਸਮੀਨ ਜੱਸੀ ਨੇ ਵਿਨੀਪੈਗ ਦੇ ਖੇਡ ਮੇਲੇ ਵਿੱਚ ਤੀਆਂ ਦੀਆਂ ਰੌਣਕਾਂ ਲਾਈਆਂ



ਵਿਨੀਪੈਗ(ਸੁਰਿੰਦਰ ਮਾਵੀ) ਸ਼ਹੀਦ ਊਧਮ ਸਿੰਘ ਸਪੋਰਟਸ ਅਤੇ ਕਲਚਰਲ ਕਲੱਬ ਮੈਨੀਟੋਬਾ ਵੱਲੋਂ ਸਰਬ ਸਾਂਝਾ ਖੇਡ ਮੇਲਾ ਮੈਪਲ ਕਮਿਊਨਿਟੀ ਸੈਂਟਰ ਦੇ ਖੇਡ ਮੈਦਾਨਾਂ ਵਿੱਚ ਕਰਵਾਇਆ ਗਿਆ। ਪਰਮਜੀਤ ਧਾਲੀਵਾਲ ,ਨਵਤਾਰ ਬਰਾੜ,ਰਾਜ ਗਿੱਲ,ਪ੍ਰਦੀਪ ਬਰਾੜ,ਜੱਸਾ ਸਰਪੰਚ ,ਹੁਸ਼ਿਆਰ ਗਿੱਲ, ਸਰਪ੍ਰੀਤ ਬਿੱਲਾ, ਮਨਵੀਰ ਮਾਂਗਟ, ਕੁਲਜੀਤ ਘੁੰਮਣ, ਗੁਰਜਿੰਦਰ ਥਿੰਦ, ਮਨਿੰਦਰ ਸਿੰਘ , ਪਰਮਜੀਤ ਚੜਿੱਕ , ਚਮਕੌਰ ਸਿੰਘ ਗਿੱਲ, ਗੁਰਬਾਜ਼ ਸਿੰਘ , ਨਿੰਦਰ ਬਾਈ ਵੱਲੋਂ ਕਰਵਾਏ ਗਏ ਇਸ ਖੇਡ ਮੇਲੇ ਦਾ ਮੁੱਖ ਉਦੇਸ਼ ਵਿਨੀਪੈਗ ਵਿੱਚ ਜਨਮੇ ਭਾਰਤੀ ਮੂਲ ਦੇ ਬੱਚਿਆਂ ਨੂੰ ਵੱਧ ਤੋਂ ਵੱਧ ਆਪਣੇ ਵਿਸਰੇ ਨਾਲ ਜੋੜਨਾ 'ਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਖੇਡਾਂ ਵੱਲ ਉਤਸ਼ਾਹਿਤ ਕਰਨਾ । ਇਸ ਮੇਲੇ ਵਿੱਚ ਕਾਂਉਸਲਰ ਦੇਵੀ ਸ਼ਰਮਾ , ਐਮ ਐਲ ਏ ਮਿੰਟੂ ਸੰਧੂ, ਐਮ ਐਲ ਏ ਦਲਜੀਤ ਬਰਾੜ 'ਤੇ ਮੈਨੀਟੋਬਾ ਸੂਬੇ ਦੇ ਮੰਤਰੀ ਐਂਡਰਿਊ ਸਮਿਥ ਨੇ ਸ਼ਿਰਕਤ ਕੀਤੀ ਅਤੇ ਜੇਤੂਆਂ ਨੂੰ ਇਨਾਮ ਵੀ ਵੰਡੇ। ਟੂਰਨਾਮੈਂਟ 'ਚ ਮੈਪਲ ਕਲੱਬ, ਯੁਨਾਇਟਡ ਪੰਜਾਬ ਸਪੋਰਟਸ ਕਲੱਬ, ਈ ਕੇ ਸਪੋਰਟਸ ਕਲੱਬ 'ਤੇ ਹੋਰ ਬਹੁਤ ਸਾਰੇ ਕਲੱਬ ਵੱਲੋਂ ਫੁੱਟਬਾਲ,ਬਾਸਕਟਬਾਲ, ਵਾਲੀਬਾਲ ਬੈਡਮਿੰਟਨ ਤੇ ਐਥਲੈਟਿਕਸ ਵਿੱਚ ਵੀ ਜ਼ੋਰ ਅਜ਼ਮਾਇਸ਼ ਹੋਈ। ਇਨ੍ਹਾਂ ਸਾਰੀਆਂ ਖੇਡਾਂ ਵਿੱਚ ਤਕਰੀਬਨ 100 ਤੋਂ ਵੱਧ ਟੀਮਾਂ ਨੇ ਭਾਗ ਲਿਆ। ਫੁੱਟਬਾਲ ਵਿੱਚ ਅੰਡਰ 8, ਅੰਡਰ 10 ,ਅੰਡਰ 14 ਦੀਆਂ ਟਰਾਫ਼ੀਆਂ ਯੁਨਾਇਟਡ ਪੰਜਾਬ ਸਪੋਰਟਸ ਕਲੱਬ ਨੇ ਮੇਪਲ ਫੁੱਟਬਾਲ ਕਲੱਬ ਨੂੰ ਹਰਾ ਕੇ ਜਿੱਤੀਆਂ। ਅੰਡਰ 12 'ਤੇ ਅੰਡਰ 17 ਵਰਗ ਮੇਪਲ ਸਪੋਰਟਸ ਕਲੱਬ ਨੇ ਕਬਜ਼ਾ ਕੀਤਾ। ਇਸ ਮੌਕੇ ਵਜ਼ਨੀ ਟੀਮਾਂ ਦੇ ਕਬੱਡੀ ਮੈਚ ਵੀ ਕਰਵਾਏ ਗਏ। ਲੜਕਿਆਂ ਦੇ ਬੈਡਮਿੰਟਨ ਮੁਕਾਬਲਿਆਂ ਵਿੱਚ ਬੰਟੀ ਢਿੱਲੋਂ ਦੀ ਟੀਮ ਨੇ ਸੁਰਜੀਤ ਧਾਲੀਵਾਲ ਦੀ ਟੀਮ ਨੂੰ ਹਰਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਵਾਲੀਬਾਲ ਸ਼ੂਟਿੰਗ ਦੇ ਮੁਕਾਬਲੇ ਵੀ ਕਰਵਾਏ ਗਏ। ਵਾਲੀਬਾਲ ਮੈਚ ਰਾਨਾ, ਰਾਜੂ , ਨਿੰਮ੍ਹਾ 'ਤੇ ਫ਼ੌਜੀ ਦੀ ਰੇਖ ਦੇਖ ਵਿੱਚ ਕਰਵਾਏ ਗਏ। ਦੌੜਾਂ ਵਿੱਚ ਹਰ ਉਮਰ, ਵਰਗ ਪੁਰਸ਼ਾਂ ਤੇ ਮਹਿਲਾਵਾਂ ਦੀਆਂ ਦੌੜਾਂ ਦਾ ਆਨੰਦ ਖੇਡ ਮੇਲੇ'ਚ ਆਏ ਹੋਏ ਦਰਸ਼ਕਾਂ ਨੇ ਖੂਬ ਆਨੰਦ ਮਾਣਿਆ। ਸ਼ਾਟਪੁੱਟ ਸੱਠ ਸਾਲਾਂ ਵਰਗ ਵਿੱਚ ਸੁਰਿੰਦਰ ਮਾਵੀ ਨੇ ਪਹਿਲਾ,ਸੁਖਦੇਵ ਤੂਰ ਨੇ ਦੂਜਾ 'ਤੇ ਸਰਬਜੀਤ ਮਾਵੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ 'ਤੇ ਇਸਤਰੀਆਂ ਦੇ ਮੁਕਾਬਲੇ ਵਿੱਚ ਕਮਲੇਸ਼ , ਗੁਰਵਿੰਦਰ 'ਤੇ ਇਮਰੀਨ ਨੇ ਕ੍ਰਮਵਾਰ ਪਹਿਲਾ,ਦੂਜਾ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਵਿੱਚ100, 400 ਮੀਟਰ ਦੀਆਂ ਅਲੱਗ ਅਲੱਗ ਵਰਗ ਦੀਆਂ ਦੌੜਾਂ ਕਰਵਾਈਆਂ ਗਈਆਂ। 400 ਮੀਟਰ ਦੌੜ ਵਿੱਚ ਸਿਮਰਨ , ਹਰਸ਼ 'ਤੇ ਮਾਈਕਲ ਕ੍ਰਮਵਾਰ ਪਹਿਲਾ,ਦੂਜਾ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਤਾਸ਼ ਦੀ ਬਾਜੀ 'ਚ ਜਸਵੀਰ 'ਤੇ ਜਗਪਾਲ ਦੀ ਟੀਮ ਨੇ ਦਰਸ਼ਨ ਸਿੰਘ 'ਤੇ ਸੁਰਜੀਤ ਸਿੰਘ ਦੀ ਟੀਮ ਨੂੰ ਹਰਾ ਕੇ ਕੱਪ ਜਿੱਤਿਆ। ਟੂਰਨਾਮੈਂਟ ਵਿੱਚ ਔਰਤਾਂ ਨੇ ਰੱਸਾ-ਕੱਸੀ 'ਚ ਆਪਣੇ ਜ਼ੋਰ ਅਜ਼ਮਾਏ, ਜਿਸ ਵਿੱਚ ਮੇਪਲ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ। ਇਸ ਟੂਰਨਾਮੈਂਟ ਦੀ ਖ਼ਾਸ ਗੱਲ ਇਹ ਰਹੀ ਕਿ ਇੱਥੇ ਤੀਆਂ ਦਾ ਮੇਲਾ ਵੀ ਲਾਇਆ ਗਿਆ, ਜਿਸ ਨੂੰ ਸੰਦੀਪ ਭੱਟੀ ਅਤੇ ਪਿੰਕੀ ਘੁੰਮਣ ਨੇ ਵਧੀਆ ਸਟੇਜ ਸੰਚਾਲਨ ਕਰ ਕੇ ਸਾਰਿਆਂ ਦਾ ਮਨ ਮੋਹਿਆ। ਦੀਪ ਢਿੱਲੋਂ 'ਤੇ ਜੈਸਮੀਨ ਜੱਸੀ ਨੇ ਆਪਣੇ ਨਵੇ 'ਤੇ ਪੁਰਾਣੇ ਗੀਤ ਸੁਣਾ ਕੇ ਸਭ ਦਾ ਮੰਨ ਮੋਹਿਆ। ਇਸ ਵਿੱਚ ਬੱਚਿਆਂ ਵੱਲੋਂ ਭੰਗੜਾ, ਗਿੱਧਾ ਪਾਇਆ ਗਿਆ ਤੇ ਬਜ਼ੁਰਗ ਔਰਤਾਂ ਵੱਲੋਂ ਬੋਲੀਆਂ ਸੁਣਾਈਆਂ ਗਈਆਂ। ਇਸ ਪੂਰੇ ਟੂਰਨਾਮੈਂਟ ਦੌਰਾਨ ਕੜੀ ਚੌਲ, ਜਲੇਬੀਆਂ, ਸਮੋਸੇ, ਚਾਹ ਪਕੌੜਿਆਂ ਦਾ ਲੰਗਰ ਲਗਾਇਆ ਗਿਆ। । ਖੇਡ ਮੇਲੇ ਦੀ ਕਮੇਟੀ ਵੱਲੋਂ ਬਲਦੇਵ ਸਿੰਘ ਖੋਸਾ 'ਤੇ ਗੁਰਮੀਤ ਸਿੰਘ(ਗੀਟਾ) ਦੀ ਟੀਮ ਵੱਲੋਂ ਕੀਤੇ ਕੰਮ ਦੀ ਸਰਾਹਨਾ ਕੀਤੀ 'ਤੇ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ। ਕਲੱਬ ਦੇ ਮੈਂਬਰਾਂ ਵੱਲੋਂ ਸਾਰੇ ਹੀ ਖਿਡਾਰੀਆਂ, ਦਰਸ਼ਕਾਂ 'ਤੇ ਸਪਾਂਸਰਾਂ ਦਾ ਧੰਨਵਾਦ ਕੀਤਾ ਗਿਆ।

# ਸੈਸਕਾਟੂਨ ਦੇ ਬਜੁਰਗਾਂ ਨੇ ਆਜਾਦੀ ਦਿਹਾੜੇ ਮੌਕੇ ਖੇਡ ਮੇਲਾ ਕਰਵਾਇਆ





ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਕਨੇਡਾ ਦੇ ਸੈਸਕੈਚਵਾਨ ਸੂਬੇ ਅੰਦਰ ਸੈਸਕਾਟੂਨ ਸਹਿਰ ਵਿਖੇ ਬਜ਼ੁਰਗਾਂ ਵੱਲੋਂ ਬਣਾਈ ਸੰਸਥਾ ਐਡਵਾਂਸ ਸੀਨੀਅਰ ਗੁਰੱਪ ਵੱਲੋਂ ਆਪਣੇ ਮੁਲਕ ਭਾਰਤ ਦਾ ਆਜਾਦੀ ਦਿਹਾੜਾ ਗੁਰੂਘਰ ਦੇ ਸਾਹਮਣੇ ਵਾਲੀ ਪਾਰਕ ਵਿੱਚ ਖੇਡ ਮੇਲੇ ਦੇ ਰੂਪ ਵਿੱਚ ਮਨਾਇਆ ਗਿਆ। ਸਮਾਗਮ ਵਿੱਚ ਡਾਕਟਰ ਤੇਜਿੰਦਰ ਸਿੰਘ ਗਰੇਵਾਲ ਮੁੱਖ ਮਹਿਮਾਨ ਦੇ ਤੌਰ 'ਤੇ ਸਾਮਿਲ ਹੋਏ। ਸਟੇਟ ਐਵਾਰਡੀ ਸ: ਗੁਰਦੇਵ ਸਿੰਘ ਪੰਧੇਰ ਨੇ ਮੁੱਖ ਮਹਿਮਾਨ ਅਤੇ ਹੋਰ ਹਾਜਰੀਨ ਨੂੰ ਜੀ ਆਇਆਂ ਨੂੰ ਕਿਹਾ ਅਤੇ ਸੈਸਕਟੂਨ ਦੇ ਬਜੁਰਗਾਂ ਦੀਆਂ ਸਮੱਸਿਆਵਾਂ ਤੋਂ ਜਾਣੂੰ ਕਰਵਾਇਆ। ਡਾਕਟਰ ਤੇਜਿੰਦਰ ਗਰੇਵਾਲ ਨੇ ਸਮੱਸਿਆਵਾਂ ਦੇ ਹੱਲ ਲਈ ਪੂਰਨ ਭਰੋਸਾ ਦਿਵਾਇਆ। ਬਜੁਰਗਾਂ ਦੀਆਂ 50 ਮੀਟਰ,100 ਮੀਟਰ,150 ਮੀਟਰ ,ਸਾਈਕਲ ਚਲਾਉਣ ਦੇ 2 ਕਿਲੋਮੀਟਰ ਦੇ ਮੁਕਾਬਲੇ ਅਤੇ ਕੁਰਸੀ ਗੇਮ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਮਰਦ ਅਤੇ ਔਰਤਾਂ ਨੇ ਵੱਡੀ ਗਿਣਤੀ ਵਿੱਚ ਸਮੂਲੀਅਤ ਕੀਤੀ। ਇਹਨਾਂ ਮੁਕਾਬਲਿਆਂ ਵਿੱਚ ਪਹਿਲੇ ਦੂਜੇ ,ਤੀਜੇ ਸਥਾਨ ਦੇ ਜੇਤੂਆਂ ਅਤੇ ਹਿੱਸਾ ਲੈਣ ਵਾਲਿਆਂ ਨੂੰ ਵੀ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ ਗਿਆ। ਇਹ ਸਾਰੇ ਮੁਕਾਬਲੇ ਕਰਵਾਉਣ ਲਈ ਬਲਵੀਰ ਸਿੰਘ ਅਤੇ ਦਰਸਨ ਤੇਤਾਲ ਨੇ ਬਾਕੀ ਮੈਂਬਰਾ ਦੇ ਸਹਿਯੋਗ ਨਾਲ ਵਿਸੇਸ ਯੋਗਦਾਨ ਪਾਇਆ। ਕਾਰਜਕਾਰੀ ਕਮੇਟੀ ਮੈਂਬਰ ਸੀਨੀਅਰ ਮੀਤ ਪ੍ਰਧਾਨ ਗੁਰਮੇਜ ਸਿੰਘ,ਮੀਤ ਪ੍ਰਧਾਨ ਸੁਰਿੰਦਰਪਾਲ ਕਪੂਰ,ਖਜਾਨਚੀ ਸਲੇਸ਼ ਪਟੇਲ,ਅਤੇ ਮੈਂਬਰ ਬਲਬੀਰ ਸਿੰਘ ਸਿੱਧੂ,ਬਲਦੇਵ ਸਿੰਘ ਰੰਧਾਵਾ,ਸਮੇਤ ਸਾਰੇ ਹੀ ਮੈਂਬਰਾਂ ਨੇ ਵਧਕੇ ਯੋਗਦਾਨ ਪਾਇਆ। ਇਸ ਮੇਲੇ ਦੌਰਾਨ ਹੋਈਆਂ ਵਿਚਾਰਾਂ ਵਿੱਚੋਂ ਇਹੀ ਗੱਲਾਂ ਸਾਹਮਣੇ ਆਈਆਂ ਕਿ ਜਿਹਨਾਂ ਨੇ ਦੇਸ਼ ਦੀ ਆਜਾਦੀ ਲਈ ਆਪਣੀਆਂ ਜਾਨਾਂ ਵਾਰੀਆਂ ਅਸੀਂ ਹਮੇਸ਼ਾ ਹੀ ਉਹਨਾਂ ਦੇ ਰਿਣੀ ਰਹਾਂਗੇ।

## ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਆਪਣੀਆਂ ਵਿੱਤੀ ਤੇ ਆਰਥਿਕ ਯੋਜਨਾਵਾਂ ਬਾਰੇ ਤਫਸੀਲ ਨਾਲ ਦੱਸਿਆ

ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਖਜ਼ਾਨਾ ਬੋਰਡ ਦੀ ਪ੍ਰੈਜ਼ੀਡੈਂਟ ਅਨੀਤਾ ਆਨੰਦ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਫੈਡਰਲ ਕੈਬਨਿਟ ਕੁਲੀਗਜ਼ ਸਰਕਾਰੀ ਵਿਭਾਗਾਂ ਤੋਂ 15 ਬਿਲੀਅਨ ਡਾਲਰ ਦੇ ਖਰਚੇ ਘਟਾਉਣ ਲਈ ਕੀਤੀ ਜਾਣ ਵਾਲੀ ਕਟੌਤੀ ਵਾਸਤੇ ਪੂਰੀ ਤਰ੍ਹਾਂ ਤਿਆਰ ਹਨ। ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਵੀ ਹੈ ਕਿ ਉਹ ਇਸ ਵਿੱਚ ਮਦਦ ਕਰ ਸਕਣਗੇ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਉਨ੍ਹਾਂ ਦੇ ਮੰਤਰੀ ਮੰਡਲ ਦੇ ਪ੍ਰਿੰਸ ਐਡਵਰਡ ਆਈਲੈਂਡ ਵਿਖੇ ਤਿੰਨ ਰੋਜ਼ਾ ਰਟਰੀਟ ਪ੍ਰੋਗਰਾਮ ਦੌਰਾਨ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਆਪਣੀਆਂ ਵਿੱਤੀ ਤੇ ਆਰਥਿਕ ਯੋਜਨਾਵਾਂ ਬਾਰੇ ਤਫਸੀਲ ਨਾਲ ਦੱਸਿਆ ਤੇ ਉਚੇਚੇ ਤੌਰ ਉੱਤੇ 2023 ਦੇ ਬਜਟ ਵਿੱਚ ਅਗਲੇ ਪੰਜ ਸਾਲਾਂ ਵਿੱਚ 15 ਬਿਲੀਅਨ ਡਾਲਰ ਦੀ ਕਟੌਤੀ ਕਰਨ ਦੇ ਆਪਣੀ ਵਚਨਬੱਧਤਾ ਦੁਹਰਾਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫਰੀਲੈਂਡ ਤੇ ਆਨੰਦ ਨੇ ਦੱਸਿਆ ਕਿ ਖਰਚਿਆਂ ਵਿੱਚ ਕਟੌਤੀ ਕੀਤਾ ਜਾਣਾ ਇਸ ਲਈ ਵੀ ਜ਼ਰੂਰੀ ਹੈ ਤਾਂ ਕਿ ਉਹ ਆਪਣੇ ਡੈਂਟਲ ਤੇ ਚਾਈਲਡ ਕੇਅਰ ਪ੍ਰੋਗਰਾਮਾਂ ਨੂੰ ਅਫੋਰਡ ਕਰ ਸਕਣ। ਆਨੰਦ ਨੇ ਆਖਿਆ ਕਿ ਹੁਣ ਅਸੀਂ ਮਹਾਂਮਾਰੀ ਵਾਲੇ ਦੌਰ ਦੇ ਖਰਚਿਆਂ ਦੀ ਥਾਂ ਉੱਤੇ ਦੇਸ਼ ਦੀਆਂ ਆਰਥਿਕ ਤਰਜੀਹਾਂ ਉੱਤੇ ਖਰਚਾ ਕਰਨ ਵੱਲ ਧਿਆਨ ਦੇਣਾ ਚਾਹੁੰਦੇ ਹਾਂ। ਕੈਨੇਡੀਅਨਜ਼ ਦੀ ਹਰ ਪੱਖੋਂ ਮਦਦ ਕਰਨ ਵਾਸਤੇ ਸਾਨੂੰ ਆਪਣੇ ਵਿੱਤੀ ਪੱਖ ਨੂੰ ਚੰਗੀ ਤਰ੍ਹਾਂ ਮੈਨੇਜ ਕਰਨਾ ਹੋਵੇਗਾ। ਅਜੇ ਆਨੰਦ ਨੂੰ ਨਵੀਂ ਭੂਮਿਕਾ ਮਿਲਿਆਂ ਨੂੰ ਥੋੜ੍ਹਾ ਸਮਾਂ ਹੀ ਹੋਇਆ ਹੈ ਪਰ ਉਨ੍ਹਾਂ 2 ਅਕਤੂਬਰ ਤੱਕ ਦੀ ਡੈੱਡਲਾਈਨ ਦੇ ਕੇ ਆਪਣੇ ਖੇਤਰਾਂ ਵਿੱਚ ਵਿੱਤੀ ਕਟੌਤੀਆਂ ਕੀਤੇ ਜਾਣ ਦੀਆਂ ਸੰਭਾਵਨਾਵਾਂ ਦੀ ਜਾਣਕਾਰੀ ਦੇਣ ਲਈ ਵੀ ਆਖ ਦਿੱਤਾ ਹੈ।













# ਕੈਲਗਰੀ ਕਬੱਡੀ ਕੱਪ-2023

# ਮੇਜ਼ਬਾਨ ਟੀਮ ਨੇ ਜਿੱਤਿਆ ਬੀਸੀ ਯੂਨਾਈਟਡ ਫੈਡਰੇਸ਼ਨ ਦਾ ਚੌਥਾ ਕੱਪ

## ਯੋਧਾ ਸੁਰਖਪੁਰ, ਭੂਰੀ ਛੰਨਾ, ਰਵੀ ਦਿਉਰਾ ਤੇ ਬੁਲਟ ਖੀਰਾਂਵਾਲ ਬਣੇ ਸਰਵੋਤਮ ਖਿਡਾਰੀ

## ਬੁਲਾਰੇ ਪ੍ਰੋ. ਮੱਖਣ ਹਕੀਮਪੁਰ ਦੀ ਸੁਪਤਨੀ ਸਰਬਜੀਤ ਕੌਰ ਦਾ ਸੋਨ ਤਗਮੇ ਨਾਲ ਸਨਮਾਨ



ਕੱਪ ਜੇਤੂ ਯੂਨਾਈਟਡ ਬੀਸੀ ਫਰੈਂਡਜ਼ ਕਲੱਬ ਕੈਲਗਰੀ ਦੀ ਟੀਮ ਆਪਣੇ ਸੰਚਾਲਕਾਂ ਮੇਜਰ ਭਲੂਰ, ਜਸਪਾਲ ਭੰਡਾਲ, ਕਰਮਪਾਲ ਸਿੱਧੂ ਤੇ ਸਾਥੀਆਂ ਨਾਲ॥



ਗੁਰੂ ਕੇ ਲੰਗਰ ਦਾ ਆਨੰਦ ਮਾਣਦੇ ਹੋਏ ਦਰਸ਼ਕ।




ਬੁਲਾਰੇ ਪ੍ਰੋ. ਮੱਖਣ ਸਿੰਘ ਹਕੀਮਪੁਰ ਦੀ ਧਰਮਪਤਨੀ ਸਰਬਜੀਤ ਕੌਰ ਦਾ ਸੋਨ ਤਗਮੇ ਨਾਲ ਸਨਮਾਨ ਕਰਦੇ ਹੋਏ ਮੇਜਰ ਬਰਾੜ, ਜਸਪਾਲ ਭੰਡਾਲ, ਕਰਮਪਾਲ ਸਿੱਧੂ, ਸਵਰਨ ਸਿੱਧੂ, ਗੁਰਲਾਲ ਮਾਣੂਕੇ ਗਿੱਲ, ਜਸਕੀਰਤ ਬਰਾੜ, ਜਲੰਧਰ ਸਿੱਧੂ ਤੇ ਸਾਥੀ।













ਯੂਨਾਈਟਡ ਬੀਸੀ ਫਰੈਂਡਜ਼ ਕਲੱਬ ਕੈਲਗਰੀ ਵੱਲੋਂ ਬੀਸੀ ਯੂਨਾਈਟਡ ਕਬੱਡੀ ਫੈਡਰੇਸ਼ਨ ਦੇ ਝੰਡੇ ਹੇਠ ਸ਼ਾਨਦਾਰ ਕਬੱਡੀ ਕੱਪ ਕੈਲਗਰੀ ਦੇ ਪਰੇਗੀਵਿੰਡ ਪਾਰਕ ਵਿਖੇ ਕਰਵਾਇਆ ਗਿਆ। ਮੇਜਰ ਬਰਾੜ, ਜਸਪਾਲ ਭੰਡਾਲ, ਕਰਮਪਾਲ ਸਿੱਧੂ ਤੇ ਸਵਰਨ ਸਿੱਧੂ ਹੋਰਾਂ ਦੀ ਅਗਵਾਈ 'ਚ ਕਰਵਾਏ ਗਏ ਇਸ ਕੱਪ ਨੂੰ ਜਿੱਤਣ ਦਾ ਮਾਣ ਮੇਜ਼ਬਾਨ ਯੂਨਾਈਟਡ ਬੀਸੀ ਫਰੈਂਡਜ਼ ਕਲੱਬ ਦੀ ਟੀਮ ਨੇ ਪ੍ਰਾਪਤ ਕੀਤਾ। ਪੰਜਾਬ ਕੇਸਰੀ ਕਲੱਬ ਦੀ ਟੀਮ ਉੱਪ ਜੇਤੂ ਰਹੀ। ਯੋਧਾ ਸੁਰਖਪੁਰ, ਭੂਰੀ ਛੰਨਾ, ਰਵੀ ਦਿਉਰਾ ਤੇ ਬੁਲਟਖੀਰਾਂਵਾਲ ਸਰਵੋਤਮ ਖਿਡਾਰੀ ਚੁਣੇ ਗਏ। ਵਿਸ਼ਾਲ ਇਕੱਠ ਦੀ ਹਾਜ਼ਰੀ 'ਚ ਹੋਏ ਇਸ ਕੱਪ ਦੌਰਾਨ ਕਬੱਡੀ ਨਾਲ ਜੁੜੀਆਂ ਸ਼ਖਸ਼ੀਅਤਾਂ ਦਾ ਸੋਨ ਤਗਮਿਆਂ ਨਾਲ ਸਨਮਾਨ ਕੀਤਾ ਗਿਆ।

**ਮੇਜ਼ਬਾਨ:-** ਯੂਨਾਈਟਡ ਬੀਸੀ ਫਰੈਂਡਜ਼ ਕਲੱਬ ਕੈਲਗਰੀ ਵੱਲੋਂ ਮੇਜਰ ਬਰਾੜ ਭਲੂਰ, ਜਸਪਾਲ ਭੰਡਾਲ, ਕਰਮਪਾਲ ਸਿੱਧੂ ਲੰਡੇਕੇ, ਗੁਰਲਾਲਮਾਣੂਕੇ, ਮਨਪ੍ਰੀਤ ਥਿੰਦ, ਗੈਰੀ ਗਿੱਲ, ਜਸਕੀਰਤ ਬਰਾੜ, ਜਲੰਧਰ ਸਿੱਧੂ, ਲਾਡੀਮਹਿਰੋਕ, ਸਵਰਨ ਸਿੱਧੂ ਦੀ ਅਗਵਾਈ 'ਚ ਕਰਵਾਏ ਗਏ ਇਸ ਕੱਪ ਦੀ ਸਫਲਤਾ ਲਈ ਰਫੀਹ ਬਾਰੀ ਤੇ ਹਰੋਨਇਵਾਜ਼, ਭਜਨ ਸਿੰਘ ਜੌਹਲ, ਪਲਾਟੀਨਮ ਸਪਾਂਸਰਾਂ 'ਚ ਗੈਰੀਭੰਡਾਲ, ਸ਼ੇਰ ਸਿੰਘ ਮਰੋਕ, ਉਂਕਾਰ ਸਿੰਘ ਔਜਲਾ, ਰਣਜੀਤ ਸਿੰਘ ਵਿਰਕ, ਰਮਨ ਚਾਹਲ, ਚਾਰਲੀ ਸੰਘਾ, ਪਰਮਿੰਦਰ ਸਿੰਘ, ਪਿੰਦਰ ਅਤੇ ਇੰਦਰ ਬਰਾੜ, ਰਾਜਦੀਪ ਅਤੇ ਹਰਦੀਪ ਸਿੰਘ, ਸੁਖਮਨ ਜੌਹਲ, ਗੁਰਬੀਰ ਸਿੰਘ ਰਣਦੇਵ, ਗੁਰਪ੍ਰੀਤ ਸੰਧੂ, ਗੁਰਪ੍ਰੀਤ ਸੰਘਾ, ਭੁਪਿੰਦਰ ਗਿੱਲ, ਰੈਬਲਟੀਵੋਲਡ, ਪਾਰੁਲ, ਸੁੱਖੀ, ਰਣੀ ਦੂਹਰਾ, ਸਿਮਰਜੀਤ ਸਿੰਘ ਗਿੱਲ, ਰਸ਼ਪਾਲਡੱਲਾ, ਰਾਜਪਾਲ ਸਿੰਘ ਸਿੱਧੂ, ਪ੍ਰਭਜੋਤ ਸਿੰਘ ਸੰਧੂ, ਅਮਰਪ੍ਰੀਤ ਸਿੰਘ, ਗੁਰਦੇਵ ਢਿੱਲੋਂ, ਗੁਰਜੀਤ ਛੀਨਾ, ਗੁਰਦੀਪ ਸੰਘਾ, ਹਰਪ੍ਰੀਤ ਬਰਾੜ, ਗਿੱਲ ਮਿਨਹਾਸ, ਚਰਨ ਬਰਾੜ, ਖ਼ੁਸ਼ੀ ਸਿੱਧੂ ਇੰਦਰਜੀਤ ਸੰਘਾ, ਦਵਿੰਦਰ ਸਿੰਘ ਗਿੱਲ, ਮਨਦੀਪ ਸਿੰਘ, ਤਾਰੀ ਸੇਖੋਂ ਤੇ ਰਿੱਕੀ ਕਲੇਰ ਆਦਿ ਨੇ ਅਹਿਮ ਯੋਗਦਾਨ ਪਾਇਆ। ਇਸ ਮੌਕੇ ਐਮ.ਪੀ. ਜਾਰਜ ਚਹਿਲ ਵਿਸ਼ੇਸ਼ ਮਹਿਮਾਨ ਵਜੋਂ ਪਧਾਰੇ।

**ਸਨਮਾਨ:-** ਇਸ ਕੱਪ ਦੌਰਾਨ ਮੇਜਰ ਬਰਾੜ, ਜਸਪਾਲ ਭੰਡਾਲ, ਕਰਮਪਾਲ ਸਿੱਧੂ ਤੇ ਸਾਥੀਆਂ ਵੱਲੋਂ ਨਾਮਵਰ ਕਬੱਡੀ ਬੁਲਾਰੇ ਪ੍ਰੋ. ਮੱਖਣ ਸਿੰਘ ਹਕੀਮਪੁਰ ਦੀ ਧਰਮਪਤਨੀ ਸਰਬਜੀਤ ਕੌਰ, ਕਬੱਡੀ ਬੁਲਾਰੇ ਕਾਲਾ ਰਛੀਨ ਦੇ ਪਿਤਾ ਕੁਲਦੀਪ ਸਿੰਘ ਰਛੀਨ, ਕਬੱਡੀ ਬੁਲਾਰੇ ਲੱਖਾਸਿੱਧਵਾਂ, ਸਾਬਕਾ ਕਬੱਡੀ ਖਿਡਾਰੀ ਦੇਬਾਭੰਡਾਲ, ਕਬੱਡੀ ਕੋਚ ਬਿੱਟੂਭੋਲ੍ਹੇ ਵਾਲਾ ਦਾ ਸੋਨ ਤਗਮਿਆਂ ਨਾਲ ਸਨਮਾਨ ਕੀਤਾ ਗਿਆ।ਇਸ ਦੇ ਨਾਲ ਹੀ ਬੁਲਾਰੇ ਮੱਖਣ ਅਲੀ ਤੇ ਦੇਬਾਭੰਡਾਲ ਦਾ, ਜੁਗਰਾਜ ਬਰਾੜ, ਨਵੀਂ ਅੱਛਰਵਾਲ, ਜਸਜੀਤ ਸਿੰਘ, ਪੰਮਾ ਤੇ ਸੁਖਦੇਵ ਸਿੰਘ ਵੱਲੋਂ ਨਕਦ ਰਾਸ਼ੀ ਨਾਲ ਸਨਮਾਨ ਕੀਤਾ ਗਿਆ। ਕਬੱਡੀ ਖਿਡਾਰੀ ਜੱਗਾ ਕਾਲਖ ਦਾ ਵੀ ਸਨਮਾਨ ਕੀਤਾ ਗਿਆ।

**ਮੁਕਾਬਲੇਬਾਜ਼ੀ:-** ਇਸ ਕੱਪ ਦੇ ਪਹਿਲੇ ਦੌਰ ਦੇ ਪਹਿਲੇ ਮੈਚ 'ਚ ਪੰਜਾਬ ਟਾਈਗਰਜ਼ ਕਲੱਬ ਨੇ ਰਿਚਮੰਡ-ਐਬਟਸਫੋਰਡ ਕਲੱਬ ਨੂੰ 37-31.5 ਅੰਕਾਂ ਨਾਲ ਹਰਾਇਆ। ਜੇਤੂ ਟੀਮ ਲਈ ਧਾਵੀ ਹਰਜੋਤ ਭੰਡਾਲ, ਕੁਲਵਿੰਦਰ ਧਰਮਪੁਰਾ ਤੇ ਦੀਨੂ ਹਰਿਆਣਾ, ਜਾਫੀਜੱਗੂਹਾਕਮਵਾਲਾ, ਯਾਦ ਲੰਗੇਆਣਾ ਤੇ ਨਿੱਕਾ ਅਖਾੜਾ ਨੇ ਧਾਕੜ ਖੇਡ ਦਿਖਾਈ। ਰਿਚਮੰਡ ਦੀ ਟੀਮ ਵੱਲੋਂ ਮੰਨਾ ਬੱਲ ਨੌ, ਬਲਾਲਕਮਾਂਡੋ, ਜਾਫੀਖੁਸ਼ੀਦੁੱਗਾ ਨੇ ਸੰਘਰਸ਼ਮਈ ਖੇਡ ਦਿਖਾਈ। ਦੂਸਰੇ ਮੈਚ 'ਚ ਯੂਨਾਈਟਡ ਬੀਸੀ ਫਰੈਂਡਜ਼ ਕਲੱਬ ਕੈਲਗਰੀ ਨੇ ਰਾਜਵੀਰ ਰਾਜੂ- ਸ਼ਹੀਦ ਭਗਤ ਸਿੰਘ ਕਲੱਬ ਨੂੰ 42-29.5 ਅੰਕਾਂ ਦੇ ਅੰਤਰ ਨਾਲ ਹਰਾਇਆ। ਜੇਤੂ ਟੀਮ ਲਈ ਧਾਵੀ ਰਵੀ ਦਿਉਰਾ, ਭੂਰੀ ਛੰਨਾ, ਕਾਲਾ ਧੂਰਕੋਟਤੇ ਦੀਪਕ ਕਾਸ਼ੀਪੁਰ, ਜਾਫੀ ਅਮਨ ਦਿਉਰਾ ਤੇ ਯੋਧਾ ਸੁਰਖਪੁਰ ਨੇ ਸ਼ਾਨਦਾਰ ਖੇਡ ਦਿਖਾਈ। ਰਾਜਵੀਰ ਰਾਜੂ ਕਲੱਬ ਲਈ ਜੀਵਨ ਮਾਣੂੰਕੇ ਗਿੱਲ ਤੇ ਬਾਗੀਪਰਮਜੀਤਪੁਰਾ, ਜਾਫੀਅਰਸ਼ਬਰਸਾਲਪੁਰ ਨੇ ਜੁਝਾਰੂ ਖੇਡ ਦਿਖਾਈ। ਤੀਸਰੇ ਮੈਚ 'ਚ ਸੰਦੀਪ ਸੰਧੂ ਗਲੇਡੀਏਟਰ ਕਲੱਬ ਵੈਨਕੂਵਰ ਨੇ ਪੰਜਾਬ ਕੇਸਰੀ ਕਲੱਬ ਨੂੰ 35-32.5 ਅੰਕਾਂ ਦੇ ਫਰਕ ਨਾਲ ਹਰਾਇਆ। ਜੇਤੂ ਟੀਮ ਲਈ ਧਾਵੀ ਸੁਲਤਾਨ ਸਮਸਪੁਰ ਤੇ ਕਮਲ ਨਵਾਂ ਪਿੰਡ, ਜਾਫੀ ਵਾਹਿਗੁਰੂ ਸੀਚੇਵਾਲ, ਪਿੰਦੂਸੀਚੇਵਾਲ, ਘੋੜਾ ਦੋਦਾ ਤੇ ਅੰਮ੍ਰਿਤ ਛੰਨਾ ਨੇ ਧਾਕੜ ਖੇਡ ਦਿਖਾਈ। ਪੰਜਾਬ ਕੇਸਰੀ ਕਲੱਬ ਲਈਰੁਪਿੰਦਰਦੋਦਾ ਤੇ ਸਾਜੀ ਸ਼ਕਰਪੁਰ, ਜਾਫੀਸੱਤੂ ਖਡੂਰ ਸਾਹਿਬ, ਫਰਿਆਦਸ਼ਕਰਪੁਰ ਤੇ ਇੰਦਰਜੀਤ ਕਲਸੀਆ ਨੇ ਜੁਝਾਰੂ ਖੇਡ ਦਿਖਾਈ। ਦੂਸਰੇ ਦੌਰ ਦੇ ਪਹਿਲੇ ਮੈਚ 'ਚ ਰਾਜਵੀਰ ਰਾਜੂ- ਸ਼ਹੀਦ ਭਗਤ ਸਿੰਘ ਕਲੱਬ ਨੇ ਸਰੀ ਸੁਪਰ ਸਟਾਰਜ਼- ਕਾਮਾਗਾਟਾ ਮਾਰੂ ਕਲੱਬ ਦੀ ਟੀਮ ਨੂੰ 34-32.5 ਅੰਕਾਂ ਦੇ ਅੰਤਰ ਨਾਲ ਪਛਾੜਿਆ। ਜੇਤੂ ਟੀਮ ਲਈ ਧਾਵੀ ਬਾਗੀਪਰਮਜੀਤਪੁਰਾ, ਜੀਵਨ ਮਾਣੂਕੇ ਗਿੱਲ ਤੇ ਢੋਲਕੀ ਕਾਲਾ ਸੰਘਿਆ, ਜਾਫੀ ਰਾਜੂ ਖੋਸਾ ਕੋਟਲਾ ਤੇ ਬੁੱਗਾ ਮੱਲੀਆਂ ਨੇ ਵਧੀਆ ਖੇਡ ਦਿਖਾਈ। ਸਰੀ ਸੁਪਰ ਸਟਾਰਜ਼ ਦੀ ਟੀਮ ਵੱਲੋਂ ਧਾਵੀ ਤਬੱਸਰ ਜੱਟ ਤੇ ਮਾਹਲਾਗੋਬਿੰਦਪੁਰਾ, ਜਾਫੀਸੰਨੀਆਦਮਵਾਲ ਤੇ ਜੀਤਾ ਤਲਵੰਡੀ ਨੇ ਸ਼ੰਘਸ਼ਰਮਈ ਖੇਡ ਦਿਖਾਈ। ਅਗਲੇ ਮੈਚ 'ਚ ਪੰਜਾਬ ਕੇਸਰੀ ਕਲੱਬ ਨੇ ਪੰਜਾਬ ਟਾਈਗਰਜ਼ ਕਲੱਬ ਨੂੰ 40-36.5 ਅੰਕਾਂ ਨਾਲ ਹਰਾਇਆ। ਜੇਤੂ ਟੀਮ ਲਈ ਧਾਵੀ ਗੁਰਪ੍ਰੀਤ ਬੁਰਜਹਰੀ, ਜਸਮਨਪ੍ਰੀਤ ਰਾਜੂ, ਸਾਜੀ ਸ਼ਕਰਪੁਰ ਤੇ ਰੁਪਿੰਦਰਦੋਦਾ, ਜਾਫੀਫਰਿਆਦਸ਼ਕਰਪੁਰ ਤੇ ਬੂਟਾ ਅੰਨਦਾਣਾ ਜਿੱਤ ਦੇ ਸੂਤਰਧਾਰ ਬਣੇ। ਪੰਜਾਬ ਟਾਈਗਰਜ਼ ਵੱਲੋਂ ਜਾਫੀਜੱਗੂਹਾਕਮਵਾਲਾ, ਧਾਵੀ ਟੀਨੂੰ ਜਵਾਹਰਕੇ, ਕੁਲਵਿੰਦਰ ਧਰਮਪੁਰਾ, ਗੁਰਵਿੰਦਰ ਖੂਨਣ ਤੇ ਹਰਜੋਤ ਭੰਡਾਲ ਨੇ ਸੰਘਰਸ਼ਮਈ ਖੇਡ ਦਿਖਾਈ। ਦੂਸਰੇ ਦੌਰ ਦੇ ਆਖਰੀ ਮੈਚ 'ਚ ਰਿਚਮੰਡ-ਐਬਟਸਫੋਰਡ ਕਲੱਬ ਨੇ ਸੰਦੀਪ ਸੰਧੂ ਗਲੇਡੀਏਟਰ ਕਲੱਬ ਵੈਨਕੂਵਰ ਨੂੰ 33.5-31 ਅੰਕਾਂ ਨਾਲ ਹਰਾਇਆ। ਜੇਤੂ ਟੀਮ ਲਈ ਧਾਵੀ ਮੰਨਾ ਬੱਲ ਨੌ ਤੇ ਮੋਹਸਿਨਬਿਲਾਲ, ਜਾਫੀਜੱਗਾ ਚਿੱਟੀ ਤੇ ਖੁਸੀਦੁੱਗਾ ਨੇ ਧਾਕੜ ਖੇਡ ਦਿਖਾਈ। ਵੈਨਕੂਵਰ ਕਲੱਬ ਲਈ ਧਾਵੀ ਸੁਲਤਾਨ ਸਮਸਪੁਰ, ਜਾਫੀ ਵਾਹਿਗੁਰੂ ਸੀਚੇਵਾਲ, ਰਵੀ ਸਾਹੋਕੇ, ਘੋੜਾ ਦੋਦਾ ਤੇ ਅੰਮ੍ਰਿਤ ਛੰਨਾ ਨੇ ਸੰਘਰਸ਼ਮਈ ਖੇਡ ਨਾਲ ਮੈਚ ਨੂੰ ਰੋਚਕ ਬਣਾਕੇ ਰੱਖਿਆ।

ਪਹਿਲੇ ਸੈਮੀਫਾਈਨਲ 'ਚ ਪੰਜਾਬ ਕੇਸਰੀ ਕਲੱਬ ਨੇ ਰਾਜਵੀਰ ਰਾਜੂ- ਸ਼ਹੀਦ ਭਗਤ ਸਿੰਘ ਕਲੱਬ ਨੂੰ 45.5-35 ਅੰਕਾਂ ਨਾਲ ਹਰਾਕੇ, ਫਾਈਨਲ 'ਚ ਪ੍ਰਵੇਸ਼ ਕੀਤਾ। ਜੇਤੂ ਟੀਮ ਲਈ ਧਾਵੀ ਦੁੱਲਾ ਬੱਗਾ ਪਿੰਡ, ਸਾਜੀ ਸ਼ਕਰਪੁਰ, ਰੁਪਿੰਦਰਦੋਦਾ, ਜਸਮਨਪ੍ਰੀਤ ਰਾਜੂ ਤੇ ਗੁਰਪ੍ਰੀਤ ਬੁਰਜਹਰੀ, ਜਾਫੀ ਬੂਟਾ ਅੰਨਦਾਣਾ ਤੇ ਸੱਤੂ ਖਡੂਰ ਸਾਹਿਬ ਨੇ ਜੇਤੂ ਖੇਡ ਦਿਖਾਈ। ਰਾਜਵੀਰ ਰਾਜੂ ਕਲੱਬ ਲਈ ਧਾਵੀ ਜੀਵਨ ਮਾਣੂੰਕੇ ਗਿੱਲ, ਸ਼ਾਹ ਜੱਟ ਤੇ ਢੋਲਕੀ ਕਾਲਾ ਸੰਘਿਆ, ਜਾਫੀ ਰਾਜੂ ਖੋਸਾ ਕੋਟਲਾ ਨੇ ਸੰਘਰਸ਼ਮਈ ਖੇਡ ਦਿਖਾਈ। ਦੂਸਰੇ ਸੈਮੀਫਾਈਨਲ 'ਚ ਯੂਨਾਈਟਡ ਬੀਸੀ ਫਰੈਂਡਜ਼ ਕਲੱਬ ਕੈਲਗਰੀ ਨੇ ਰਿਚਮੰਡ-ਐਬਟਸਫੋਰਡ ਕਲੱਬ ਦੀ ਟੀਮ ਨੂੰ 47.5-37 ਅੰਕਾਂ ਨਾਲ ਹਰਾਇਆ। ਜੇਤੂ ਟੀਮ ਲਈ ਧਾਵੀ ਰਵੀ ਦਿਉਰਾ, ਭੂਰੀ ਛੰਨਾ ਤੇ ਕਾਲਾ ਧੂਰਕੋਟ, ਜਾਫੀ ਅਮਨ ਦਿਉਰਾ, ਯੋਧਾ ਸੁਰਖਪੁਰ ਤੇ ਸ਼ਰਨਾਡੱਗੋਰੋਮਾਣਾ ਜਿੱਤ ਦੇ ਸੂਤਰਧਾਰ ਬਣੇ। ਰਿਚਮੰਡ ਦੀ ਟੀਮ ਲਈ ਧਾਵੀ ਮੋਹਸਿਨਬਿਲਾਲ ਢਿੱਲੋਂ ਤੇ ਮਲਿਕ ਬਿਨਯਾਮੀਨ, ਜਾਫੀਜੱਗਾ ਚਿੱਟਾ ਤੇ ਖੁਸ਼ੀਧੁੱਗਾ ਨੇ ਜੁਝਾਰੂ ਖੇਡ ਦਿਖਾਈ। ਫਾਈਨਲ ਮੁਕਾਬਲੇ 'ਚ ਮੇਜ਼ਬਾਨ ਯੂਨਾਈਟਡ ਬੀਸੀ ਫਰੈਂਡਜ਼ ਕਬੱਡੀ ਕਲੱਬ ਦੀ ਟੀਮ ਨੇ ਪੰਜਾਬ ਕੇਸਰੀ ਕਲੱਬ ਦੀ ਟੀਮ ਨੂੰ 21-15 ਅੰਕਾਂ ਦੇ ਅੰਤਰ ਨਾਲ ਹਰਾਕੇ, ਸੀਜ਼ਨ ਦਾ ਚੌਥਾ ਕੱਪ ਜਿੱਤਿਆ। ਜੇਤੂ ਟੀਮ ਲਈ ਧਾਵੀ ਭੂਰੀ ਛੰਨਾ, ਬੁਲਟਖੀਰਾਂਵਾਲ ਤੇ ਰਵੀ ਦਿਉਰਾ, ਜਾਫੀ ਯੋਧਾ ਸਰੁਖਪੁਰ ਤੇ ਸ਼ੀਲੂ ਨੇ ਸ਼ਾਨਦਾਰ ਖੇਡ ਦਿਖਾਈ। ਪੰਜਾਬ ਕੇਸਰੀ ਕਲੱਬ ਵੱਲੋਂ ਰੁਪਿੰਦਰਦੋਦਾ ਤੇ ਗੁਰਪ੍ਰੀਤ ਬੁਰਜਹਰੀ ਨੇ ਜੁਝਾਰੂ ਖੇਡ ਦਿਖਾਈ। ਇਸ ਟੀਮ ਵੱਲੋਂ ਕੋਈ ਵੀ ਜਾਫੀ, ਜੱਫਾ ਨਹੀਂ ਲਗਾ ਸਕਿਆ। ਰੱਸਾਕਸੀ ਮੁਕਾਬਲਿਆਂ 'ਚ ਗੈਰੀ ਸਿੱਧੂ ਦੀ ਸਿਖਲਾਈਯਾਫਤਾਫਰੈਂਡਜ਼ ਕਲੱਬ ਮੋਗਾ ਦੀ ਟੀਮ ਨੇ ਹਿੰਮਤਪੁਰਾ ਕਲੱਬ ਤੇ ਮੋਗਾ ਕਲੱਬ ਦੀਆਂ ਟੀਮਾਂ ਨੂੰ ਹਰਾਕੇ, ਪਹਿਲਾ ਸਥਾਨ ਹਾਸਲ ਕੀਤਾ।

**ਸਰਵੋਤਮ ਖਿਡਾਰੀ:-** ਇਸ ਕੱਪ ਦੌਰਾਨ ਜੇਤੂ ਟੀਮ ਦੇ ਧਾਵੀ ਰਵੀ ਦਿਉਰਾ, ਬੁਲਟਖੀਰਾਂਵਾਲ ਤੇ ਭੂਰੀ ਛੰਨਾ ਨੇ 6-6 ਅਜੇਤੂ ਧਾਵੇ ਬੋਲਕੇ, ਸਾਂਝੇ ਤੌਰ 'ਤੇ ਸਰਵੋਤਮ ਧਾਵੀ ਦਾ ਖਿਤਾਬ ਜਿੱਤਿਆ। ਜੇਤੂ ਟੀਮ ਦੇ ਹੀ ਯੋਧਾ ਸੁਰਖਪੁਰ ਨੇ 7 ਕੋਸ਼ਿਸ਼ਾਂ ਤੋਂ 2 ਜੱਫੇ ਲਗਾ ਕੇ ਸਰਵੋਤਮ ਜਾਫੀ ਬਣਨ ਦਾ ਮਾਣ ਹਾਸਲ ਕੀਤਾ।

**ਸੰਚਾਲਕ ਦਲ:-** ਟੂਰਨਾਮੈਂਟ ਦਾ ਸੰਚਾਲਨ ਅੰਪਾਇਰਪੱਪੂਭਦੌੜ, ਨੀਟਾ ਸਰਾਏ, ਮੱਖਣ ਸਿੰਘ, ਮੰਦਰ ਗਾਲਿਬ, ਮਾ. ਬਲਜੀਤ ਸਿੰਘ ਰਤਨਗੜ੍ਹ ਨੇ ਕੀਤਾ। ਜਸਵੰਤ ਸਿੰਘ ਖੜਗ ਤੇ ਮਨੀ ਖੜਗ ਨੇ ਮੈਚਾਂ ਦੇ ਇੱਕ-ਇੱਕ ਅੰਕ ਦਾ ਵੇਰਵਾ ਬਾਖੂਬੀ ਨੋਟ ਕੀਤਾ। ਪ੍ਰੋ. ਮੱਖਣ ਸਿੰਘ ਹਕੀਮਪੁਰ, ਮੱਖਣ ਅਲੀ, ਸੁਰਜੀਤ ਕਕਰਾਲੀ, ਲੱਖਾਸਿੱਧਵਾਂ, ਇਕਬਾਲ ਗਾਲਿਬ ਤੇ ਕਾਲਾ ਰਛੀਨ ਤੇ ਪ੍ਰਿਤਾਸ਼ੇਰਗੜ੍ਹ ਚੀਮਾ ਨੇ ਸ਼ੇਅਰੋ-ਸ਼ੇਅਰੀ ਨਾਲ ਭਰਪੂਰ ਕੁਮੈਂਟਰੀ ਰਾਹੀਂ ਸਾਰਾ ਦਿਨ ਰੰਗ ਬੰਨਿਆ।

**ਤਿਰਛੀ ਨਜ਼ਰ:-** ਖੂਬਸੂਰਤ ਘਾਹ ਵਾਲੇ ਮੈਦਾਨ ਦੇ ਆਲੇ-ਦੁਆਲੇ ਸਥਿਤ ਪਹਾੜੀਆਂ ਨੇ ਖੇਡ ਮੇਲੇ ਨੂੰ ਵਿਲੱਖਣਾ ਪ੍ਰਦਾਨ ਕੀਤੀ। ਕੱਪ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤਿਆ। ਰਿਕਾਰਡਤੋੜ ਇਕੱਠ ਨੇ ਮੂੰਹ ਹਨੇਰੇ ਤੱਕ ਉੱਚ ਕੋਟੀ ਦੀ ਕਬੱਡੀ ਦਾ ਆਨੰਦ ਮਾਣਿਆ। ਰੱਸਾਕਸੀ ਮੁਕਾਬਲਿਆਂ ਨੇ ਕੱਪ ਨੂੰ ਹੋਰ ਵੀ ਦਿਲਕਸ਼ ਬਣਾ ਦਿੱਤਾ। ਰਿਚਮੰਡ-ਐਬਟਸਫੋਰਡ ਕਲੱਬ ਤੇ ਸੰਦੀਪ ਸੰਧੂ ਵੈਨਕੂਵਰ ਕਲੱਬ ਦੇ ਮੈਚ ਦੌਰਾਨ (21 ਜੱਫੇ) ਅਤੇ ਯੂਨਾਈਟਡ ਬੀਸੀ ਫਰੈਂਡਜ਼ ਕਲੱਬ ਕੈਲਗਰੀ ਤੇ ਰਿਚਮੰਡਐਬਟਸਫੋਰਡ ਕਲੱਬ ਦੇ ਮੈਚ ਦੌਰਾਨ ਦਿਨ ਦੇ ਸਭ ਤੋਂ ਜਿਆਦਾ 21-21 ਜੱਫੇ ਲੱਗੇ। ਫਾਈਨਲ ਮੈਚ 'ਚ ਪੰਜਾਬ ਕੇਸਰੀ ਦੀ ਟੀਮ ਵੱਲੋਂ ਕੋਈ ਵੀ ਜੱਫਾ ਨਹੀਂ ਲੱਗਿਆ।



ਸਰਵੋਤਮ ਧਾਵੀ-
ਬੁਲਟ ਖੀਰਾਂਵਾਲ, ਰਵੀ ਦਿਉਰਾ ਤੇ ਭੂਰੀ ਛੰਨਾ



ਸਰਵੋਤਮ ਜਾਫੀ-
ਯੋਧਾ ਸੁਰਖਪੁਰ



ਡਾ. ਸੁਖਦਰਸ਼ਨ ਸਿੰਘ ਚਹਿਲ
9779590575,
+1 (403) 660-5476

COPPERSTONE
AT COPPERFIELD

# ਨਵੇਂ ਫੇਸ ਵਿੱਚ ਲਾਟਾਂ ਹੁਣ ਵੇਚੀਆਂ ਜਾ ਰਹੀਆਂ ਹਨ


## ਸਿੰਗਲ ਫੈਮਿਲੀ ਹੋਮ
## ਲੀਗਲ ਬੇਸਮੈਂਟ ਸੂਟ ਵਿਕਲਪਾਂ ਦੇ ਨਾਲ


ਸਾਡੇ ਆਲੀਸ਼ਾਨ ਅਤੇ ਵਿਸ਼ਾਲ ਮਾਡਰਨ ਸਿੰਗਲ ਫੈਮਿਲੀ ਅਤੇ ਲਗਜ਼ਰੀ ਅਸਟੇਟ ਸਿੰਗਲ ਫੈਮਿਲੀ ਹੋਮਜ਼ ਕਾਪਰਫੀਲਡ ਦੇ ਪ੍ਰਮੁੱਖ ਦੱਖਣ-ਪੂਰਬੀ ਕੈਲਗਰੀ ਇਲਾਕੇ ਵਿੱਚ ਉੱਚ ਪੱਧਰੀ ਪਰ ਕਿਫਾਇਤੀ ਰਹਿਣ ਦਾ ਪ੍ਰਤੀਕ ਹਨ।
2,000 ਵਰਗ ਫੁੱਟ ਤੋਂ ਲੈ ਕੇ ਲਗਭਗ 3,000 ਵਰਗ ਫੁੱਟ ਤੱਕ। 3 ਜਾਂ 4 ਬੈੱਡਰੂਮਾਂ ਦੇ ਨਾਲ, ਇਹਨਾਂ ਵਿੱਚੋਂ ਜ਼ਿਆਦਾਤਰ ਘਰਾਂ ਵਿੱਚ ਭਵਿੱਖ ਦੇ ਵਿਕਾਸ ਲਈ 9 ਫੁੱਟ ਦੀ ਛੱਤ ਵਾਲੇ ਅਧੂਰੇ ਬੇਸਮੈਂਟਾਂ ਤੋਂ ਇਲਾਵਾ ਇੱਕ ਹੋਮ ਆਫਿਸ ਅਤੇ ਬੋਨਸ ਕਮਰੇ ਹਨ। ਮੌਰਗੇਜ ਭੁਗਤਾਨਾਂ ਵਿੱਚ ਸਹਾਇਤਾ ਲਈ ਮਹੀਨਾਵਾਰ ਕਿਰਾਏ ਦੀ ਆਮਦਨ ਲਈ ਇੱਕ 1- ਜਾਂ 2- ਬੈੱਡਰੂਮ ਕਾਨੂੰਨੀ ਆਮਦਨ ਸੂਟ ਸ਼ਾਮਲ ਕਰੋ।

**ਹੋਰ ਜਾਣਨ ਲਈ ਅੱਜ ਹੀ ਰਜਿਸਟਰ ਕਰੋ!**


Kitchen


Bathroom


Legal basement suite


Modern Double Front Garage Homes

**SHOWHOMES NOW OPEN**
1233 Copperfield Blvd SE,
Calgary, AB T2Z 5G1

Monday to Wednesday - 2 PM to 8 PM
Thursday & Friday - By Appointment Only
Saturday & Sunday - 12 PM to 5 PM

**587.352.4266 | COPPERSTONELIVING.COM**

VESTA PROPERTIES

# ਰੀਜਾਇਨਾ ਵਿਖੇ ਗੁਰੂ ਘਰ ਵੱਲੋਂ ਹਰ ਉਮਰ ਵਰਗ ਦੇ ਖਿਡਾਰੀਆਂ ਲਈ ਪਹਿਲਾ ਖੇਡ ਮੇਲਾ ਕਰਵਾਇਆ ਗਿਆ
















ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਬੀਤੀ 19 ਅਗਸਤ 2023 ਵਾਲੇ ਰੀਜਾਇਨਾ ਵਿਖੇ ਗੁਰੂਘਰ ਵੱਲੋਂ ਪਹਿਲਾ ਖੇਡ ਮੇਲਾ ਕਰਵਾਇਆ ਗਿਆ ਜਿਸ ਵਿੱਚ ਹਰ ਉਮਰ ਵਰਗ ਦੇ ਲੋਕਾਂ ਨੇ ਹਿੱਸਾ ਲਿਆ। ਛੋਟੀ ਉਮਰ ਦੇ ਬੱਚਿਆਂ ਅਤੇ ਔਰਤਾਂ ਦੇ ਮਿਊਜੀਕਲ ਚੇਅਰ ਦੇ ਮੁਕਾਬਲੇ ਖਿੱਚ ਦਾ ਕੇਂਦਰ ਰਹੇ।ਪਹਿਲੇ ਦੂਜੇ ਅਤੇ ਤੀਜੇ ਸਥਾਨ ਉੱਪਰ ਆਉਣ ਵਾਲੇ ਜੇਤੂਆਂ ਨੂੰ ਵਿਸ਼ੇਸ਼ ਮਾਣ ਸਨਮਾਨ ਦਿੱਤੇ ਗਏ । ਖੇਡ ਮੇਲੇ ਵਿੱਚ ਆਏ ਦਰਸਕਾਂ ਲਈ ਪੂਰਾ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ। ਰੀਜਾਇਨਾ ਗੁਰੂਘਰ ਵੱਲੋਂ ਕੀਤਾ ਗਿਆ ਇਹ ਪਹਿਲਾ ਉਪਰਾਲਾ ਸਫਲ ਰਿਹਾ ਅਤੇ ਭਵਿੱਖ ਵਿੱਚ ਵੀ ਆਉਣ ਵਾਲੀ ਪੀੜੀ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਉਹਨਾਂ ਵਿੱਚ ਖੇਡਾਂ ਦੀ ਰੁਚੀ ਪੈਦਾ ਕਰਨ ਵਾਲੇ ਅਜਿਹੇ ਖੇਡ ਮੇਲੇ ਕਰਵਾਏ ਜਾਣ ਦੀ ਆਸ ਨਾਲ ਇਸ ਖੇਡ ਮੇਲੇ ਦੀ ਸਮਾਪਤੀ ਹੋਈ ।











